ਮਾਸਿਕ ੴ ਪੱਤਰ
ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

ਨਵੰਬਰ ੧੯੯੫ MONTHLY **SURA** LUDHIANA NOV. 1995

## ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧੁ ਜਗਿ ਚਾਨਣੁ ਹੋਆ।।



ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ
ਨਨਕਾਣਾ ਸਾਹਿਬ (ਪਾਕਿਸਤਾਨ)

www.AKJ.Org

3 ਰੁਪਏ

# ਗੁਰਸਿਖ ਮੀਤ ਚਲਹੁ ਗੁਰ ਚਾਲੀ॥

ਤੱਤਕਰਾ


| | | | |
|---|---|---|---|
| ੧. ਨਾਮੁ ਖੇਤੀ ਬੀਜਹੁ ਭਾਈ ਮੀਤ | ੧ | ੯. ਗੁਰੂ ਨਾਨਕ ਨਿਰੰਕਾਰੀ | ੧੯ |
| ੨. ਅਰਥ ਵਿਆਖਿਆ | ੨ | ੧੦. ਚਾਰੇ ਚਾਰ | ੨੪ |
| ੩. ਨਿਰੰਕਾਰੀ ਸਰੂਪਾ ਗੁਰੂ ਨਾਨਕ ਨਿਰੰਕਾਰੀ | ੩ | ੧੧. ਨਿਰਮਲ ਧੁਨ | ੨੬ |
| ੪. ਜਪੁ ਕਲ ਸੁਜਸੁ ਨਾਨਕ ਗੁਰ | ੪ | ੧੨. ਖੰਡੇ ਬਾਟੇ ਦਾ ਅੰਮ੍ਰਿਤ ਛਕਣਾ | ੨੯ |
| ੫. ਸੁਧਾਰਕ ਗੁਰੂ ਨਾਨਕ | ੮ | ੧੩. ਸ੍ਰੀ ਗੁਰੂ ਤੇਗ ਬਹਾਦਰ ਜੀ | ੩੦ |
| ੬. ਨਾਭ ਕੰਵਲ ਤੇ ਦਸਮ ਦੁਆਰ | ੧੨ | ੧੪. TAV PRASAD SWAIYE | ੩੪ |
| ੭. ਸਾਬਤ ਸੂਰਤ ਸਿਰ ਦਸਤਾਰੇ (ਕਵਿਤਾ) | ੧੫ | ੧੫. ਬਾਪੂ ਜੀ ਤੇ ਬੱਚੇ | ੩੬ |
| ੮. ਵਾਰ ਮਾਰੂ ਡਖਣੇ (੬) | ੧੬ | | |


## ਗੁਰਪੁਰਬ ਤੇ ਇਤਿਹਾਸਿਕ ਦਿਹਾੜੇ

| | | | |
|---|---|---|---|
| ਜਨਮ ਭਗਤ ਨਾਮਦੇਵ ਜੀ | ੩ ਨਵੰਬਰ | ਪ੍ਰਕਾਸ਼ ਸ੍ਰੀ ਗੁਰੂ ਨਾਨਕ ਦੇਵ ਜੀ | ੭ ਨਵੰਬਰ |
| ਗੁਰਿਆਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ | ੨੫ ਨਵੰਬਰ | ਸ਼ਹੀਦੀ ਸ੍ਰੀ ਗੁਰੂ ਤੇਗ ਬਹਾਦਰ ਜੀ | ੨੬ ਨਵੰਬਰ |

"ਸੂਰਾ" ਅਤੇ ਹੋਰ ਗੁਰਮਤਿ ਸਾਹਿਤ ਰੱਦੀ ਵਿਚ ਨਾ ਵੇਚੋ ਜੀ ਸਗੋਂ ਹੋਰਨਾਂ ਨੂੰ ਪੜ੍ਹਨ ਲਈ ਦੇ ਕੇ ਗੁਰਮਤਿ ਪ੍ਰਚਾਰ ਵਿਚ ਯੋਗਦਾਨ ਪਾਉ ਜੀ।

## ਧਾਰਮਿਕ ਅਧਿਆਪਕਾਂ ਦੀ ਲੋੜ

ਪਹਿਲੀ ਤੋਂ ਦਸਵੀਂ ਕਲਾਸ ਦੇ ਸਕੂਲੀ ਬੱਚਿਆਂ ਨੂੰ ਧਾਰਮਿਕ ਵਿਦਿਆ ਦੇਣ ਅਤੇ ਕੀਰਤਨ ਸਿਖਾਉਣ ਲਈ ਯੋਗ ਗੁਰਮੁਖ ਅਧਿਆਪਕਾਂ ਦੀ ਪੱਕੇ ਤੌਰ ਤੇ ਲੋੜ ਹੈ, ਤਨਖਾਹ ਯੋਗਤਾ ਅਨੁਸਾਰ। ਹੇਠ ਲਿਖੇ ਪਤੇ ਤੇ ਸੰਪਰਕ ਕਰੋ-

ਭਾਈ ਬਲਵੰਤ ਸਿੰਘ, ਪਿੰਡ ਜਲਵਾਣਾ, ਡਾਕਖਾਨਾ ਲੋਹਟਬੱਦੀ,
ਫੋਨ: 01675-87839, 0161-455539 ਜਾਂ 458006

---

'ਸੂਰਾ' ਦੇ ਚਲਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।

੧ ਲੁਧਿਆਣਾ- ੧ ਮੁੱਖ ਦਫਤਰ "ਸੂਰਾ"-ਕੋਠੀ ਨੰ ੧੨. ਬਲਾਕ ਆਈ. ਭਾਈ ਰਣਧੀਰ ਸਿੰਘ ਨਗਰ।
੨ ਸਬ ਆਫਿਸ 'ਸੂਰਾ' ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ।
੨ ਜਲੰਧਰ- ਭਾਈ ਤ੍ਰਿਲੋਕ ਸਿੰਘ ਜੀ. ਮੈ. ਸੰਤ ਸਿੰਘ ਤ੍ਰਿਲੋਕ ਸਿੰਘ. ਰੋਕ ਪੰਜ ਪੀਰ।
੩ ਹੁਸ਼ਿਆਰਪੁਰ- ਭਾਈ ਹਰਮਿੰਦਰ ਸਿੰਘ ਜੀ. ਭਾਈ ਸੋਭਾ ਸਿੰਘ ਹਰਮਿੰਦਰ ਸਿੰਘ. ਬੈਕ ਬਜ਼ਾਰ।
੪ ਪਟਿਆਲਾ- ਭਾਈ ਆਸਾ ਸਿੰਘ ਐਡ ਸੰਨਜ਼. ਨੇੜੇ ਗੁ: ਦੁਖ ਨਿਵਾਰਨ ਸਾਹਿਬ।
੫ ਚੰਡੀਗੜ੍ਹ ਤੇ ਮੋਹਾਲੀ-ਭਾਈ ਰਜਿੰਦਰ ਸਿੰਘ ਜੀ. ੫੩੩/੩ -ਏ ਫੇਜ਼. ਐਸ. ਏ. ਐਸ. ਨਗਰ ਮੋਹਾਲੀ।
੬ ਦਿੱਲੀ- ਭਾਈ ਹਰਦਿੱਤ ਸਿੰਘ ਜੀ. ਏ-੩੫ ਫਤਿਹ ਨਗਰ।
੭ ਸਾਰੇ ਸਮਾਗਮਾਂ ਸਮੇ-ਭਾਈ ਬਲਵੰਤ ਸਿੰਘ ਖਾਲਸਾ. ਗਲੀ ਨੰ ੨. ਕਾਜ਼ੀ ਨਗਰ. ਫਿਰੋਜ਼ਪੁਰ ਸ਼ਹਿਰ।
੮ ਬਠਿੰਡਾ-ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ. ਮਕਾਨ ਨੰ: ੭੮੧੯. ਨੇੜੇ ਡੰਗਰਾਂ ਦਾ ਹਸਪਤਾਲ।
੯ ਮੋਗਾ- ਭਾਈ ਪਰਮਿੰਦਰ ਸਿੰਘ ਜੀ. ਪੁਰਾਣਾ ਗੁਲਾਬੀ ਬਾਗ. ਜੀ.ਟੀ. ਰੋਡ. ਫੋਨ ੨੪੩੪੮. ੨੧੬੮੧
੧੦ ਅੰਮ੍ਰਿਤਸਰ- ਸਿੰਘ ਬ੍ਰਦਰਜ਼. ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫੋਨ ੪੫੭੪੮. ਘਰ ੨੩੧੫੨੦.
੧੧ ਯਮੁਨਾਨਗਰ-ਸ੍ਰ. ਪ੍ਰਮਜੀਤ ਸਿੰਘ. ਮਦਰਾਸ ਹੈਂਡਲੂਮ. ਤੱਤਖਾਲਸਾ ਭਵਨ ਜਗਾਧਰੀ ਰੋਡ. ਪਿੰਨ ਕੋਡ-੧੩੫੦੦੧ ਫੋਨ ੨੬੨੧੭
੧੨ ਸੰਗਰੂਰ-੧ ਭਾਈ ਤ੍ਰਿਲੋਚਨ ਸਿੰਘ ਜੀ ਪਿੰਡ ਉਪੋਕੀ. ਡਾਕਖਾਨਾ ਮਲੇਰਕੋਟਲਾ।
੧੩ ਫਗਵਾੜਾ- ਮਾਸਟਰ ਗੁਰਦਿਆਲ ਸਿੰਘ ਜੀ. ੫੫੩. ਮੁਹੱਲਾ ਡੱਕਿਆਂ. ਚੌੜਾ ਖੂਹ ਨੇੜੇ ਗੁ. ਪਾ. ੬

ਸੂਚਨਾ - ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ ਗੁ. ਮੰਜੀ ਸਾਹਿਬ ਆਲਮਗੀਰ. ਲੁਧਿਆਣਾ ਵਿਖੇ।

ਵਿਦੇਸ਼ਾ ਵਿਚ ਚੰਦੇ ਤੇ ਹੋਰ ਰਕਮਾ ਜਮ੍ਹਾ ਕਰਾਉਣ ਲਈ ਸੰਪਰਕ ਕਰੋ

੧ ਇੰਗਲੈਂਡ-ਭਾਈ ਗੁਰਨਾਮ ਸਿੰਘ ਜੀ ੧੦-Ambourne Gardens, Early Reading, Berks U.K. Tel. 0734-616902.
੨ ਅਮਰੀਕਾ-ਭਾਈ ਜੀਵਨ ਸਿੰਘ ਜੀ ਗੁਰਦੀਪ ਸਿੰਘ ਜੀ ਫੋਨ : ੧੮੦੦੭੨੨੬੨੧੨
੩ ਕੈਨੇਡਾ-ਭਾਈ ਰਿਪੁਦਮਨ ਸਿੰਘ ਜੀ ਮਲਿਕ ਫੋਨ : ੧੭੦੦੬੬੩੦੨੨੪
੪ ਆਸਟਰੇਲੀਆ-ਭਾਈ ਪਰਸ਼ੋਤਮ ਸਿੰਘ ਜੀ. ਫੋਨ :੦੬੧੮੬੩੪੮੪੧
੫ ਨੀਊਜ਼ੀਲੈਂਡ - ਭਾਈ ਪਿਆਰਾ ਸਿੰਘ ਜੀ ਫੋਨ : ੦੬੯੨੭੬੪੩੨੨

**ਅਮਾਨਤੀ ਵਾਧਾ ਜਮ੍ਹਾਂ ਕਰਵਾਉਣ ਲਈ ਬੇਨਤੀ**

ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ 'ਸੂਰਾ' ਦੀ ਅਮਾਨਤੀ ਲਾਈਫ ਮੈਂਬਰਸ਼ਿਪ ੩੦੦ ਰੁ. ਪੂਰੀ ਕਰਨ ਲਈ ਜਿਨ੍ਹਾਂ ਪਾਠਕਾਂ ਦੇ 50/, 100/, 150/, ਇਤਿਆਦਿ ਬਕਾਇਆ ਰਹਿੰਦੇ ਹਨ ਉਹ ਕ੍ਰਿਪਾ ਕਰਕੇ ਜਲਦੀ ਤੋ ਜਲਦੀ 'ਸੂਰਾ' ਦਫਤਰ ਭੇਜ ਦੇਣ ਜਾਂ ਨਜ਼ਦੀਕੀ ਸੇਵਾਦਾਰ ਕੋਲ ਜਮ੍ਹਾਂ ਕਰਵਾ ਦੇਣ ਤਾਂ ਜੋ ਇਹ ਪਰਚਾ ਆਪ ਜੀ ਤੱਕ ਨਿਰਵਿਘਨ ਪਹੁੰਚਦਾ ਰਹੇ। ਇਸੇ ਤਰਾ ਹੀ ਵਿਦੇਸ਼ੀ ਪਾਠਕ ਵੀ ਆਪਣਾ ਬਕਾਇਆ ਭੇਜਣ ਦੀ ਕ੍ਰਿਪਾ ਕਰਨ ਜੀ। ਮੌਜੂਦਾ ਚੰਦੇ ਪੰਨਾ ੧ ਤੇ ਲਿਖੇ ਹੋਏ ਹਨ।

ਸੰਪਾਦਕ

ਗੁਰਮਤਿ ਪ੍ਰਚਾਰ ਲਈ "ਸੂਰਾ" ਦੇ ਵੱਧ ਤੋਂ ਵੱਧ ਨਵੇਂ ਮੈਂਬਰ ਬਣਾਉਣ ਦੀ ਕ੍ਰਿਪਾ ਕਰੋ ਜੀ।

---

## ਮੇਖ ਰਹਿਤ ਸੂਰਾ

ਵਿਦੇਸ਼ਾ ਵਿਚ ਰਹਿੰਦੇ ਵੀਰ. ਭੈਣਾ ਜੋ ਆਪਣੇ ਪਰਿਵਾਰ ਨੂੰ ਗੁਰਮਤਿ ਨਾਲ ਜੋੜਨਾ ਚਾਹੁੰਦੇ ਹਨ ਅਤੇ "ਸੂਰਾ" ਮਾਸਿਕ ਪੱਤਰ ਪੜ੍ਹਨ ਪੜ੍ਹਾਉਣ ਵਿਚ ਰੁਚੀ ਰੱਖਦੇ ਹਨ. ਹੇਠਲੇ ਪਤੇ ਤੇ ਆਪਣਾ ਐਡਰੈਸ (ਪਤਾ) ਲਿਖ ਕੇ ਭੇਜਣ. ਉਹਨਾ ਨੂੰ "ਸੂਰਾ" ਹਰ ਮਹੀਨੇ ਮੇਖ ਰਹਿਤ ਪਹੁੰਚਦਾ ਰਹੇਗਾ।

ਦਾਸਨ ਦਾਸ.
ਭਾਈ ਜੀਵਨ ਸਿੰਘ. ੧੦੩੦. ਹੈਮਿਲਟਨ ਰੋਡ. ਵੈਨਕੂਵਰ (ਕਨੇਡਾ)
Canada (B.C.) V6-B2-R-9 Tel. 18006 3022.


ਡਿਜ਼ਾਈਨ ਕਰਾਫ਼ਟ ਗਿਲ ਰੋਡ ਲੁਧਿਆਣਾ ਤੋ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵੱਲੋ ੧੨-ਆਈ ਭਾਈ ਰਣਧੀਰ ਸਿੰਘ ਨਗਰ. ਲੁਧਿਆਣਾ ਤੋ ਪ੍ਰਕਾਸ਼ਤ ਕੀਤਾ।



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ।


# ਸੂਰਾ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ
ਗੁਰਮਤਿ ਮਾਸਿਕ ਪੱਤਰ

ਜਿਲਦ ੨੯ ਨਵੰਬਰ-੧੯੯੫ ਅੰਕ ੧੧

| ਸਾਲਾਨਾ ਚੰਦਾ | | (ਪ੍ਰਦੇਸ ਸਾਰੇ) ਸਾਲਾਨਾ ਚੰਦਾ | |
|---|---|---|---|
| ਦੇਸ਼ | 30-00 | ਸਮੁੰਦਰੀ ਡਾਕ | 100-00 |
| ਇੱਕ ਪਰਚਾ | 3-00 | ਹਵਾਈ ਡਾਕ | 300-00 |

Foreign Subscription

| | | | |
|---|---|---|---|
| Sea Mail | 100-00 | Air Mail | 300-00 |
| ਅਮਾਨਤੀ ਲਾਈਫ਼ ਮੈਂਬਰ | | ਪਰਦੇਸ ਸਮੁੰਦਰੀ ਡਾਕ | 1,000-00 |
| ਦੇਸ਼ | 300-00 | ਹਵਾਈ ਡਾਕ | 3,000-00 |


*ਤੁਸਿ ਦਿਤਾ ਪੂਰੇ ਸਤਿਗੁਰੂ ਹਰਿ ਧਨੁ ਸਚੁ ਅਖੁਟੁ।।*
*ਸਭਿ ਅੰਦੇਸੇ ਮਿਟਿ ਗਏ ਜਮ ਕਾ ਭਉ ਛੁਟੁ।।*
*ਕਾਮ ਕ੍ਰੋਧ ਬੁਰਿਆਈਆਂ ਸੰਗਿ ਸਾਧੂ ਤੁਟੁ।।*
*ਵਿਣੁ ਸਚੇ ਦੂਜਾ ਸੇਵਦੇ ਹੁਇ ਮਰਸਨਿ ਬੁਟੁ।।*
*ਨਾਨਕ ਕਉ ਗੁਰਿ ਬਖਸਿਆ ਨਾਮੈ ਸੰਗਿ ਜੁਟੁ।।੨੯।।* (ਪੰਨਾ ੩੧੫)

## ਨਾਮੁ ਖੇਤੀ ਬੀਜਹੁ ਭਾਈ ਮੀਤ

ਪੰਚ ਮਨਾਏ ਪੰਚ ਰੁਸਾਏ।। ਪੰਚ ਵਸਾਏ ਪੰਚ ਗਵਾਏ।।੧।।
ਇਨਿ ਬਿਧਿ ਨਗਰੁ ਵੁਠਾ ਮੇਰੇ ਭਾਈ।।
ਦੁਰਤੁ ਗਇਆ ਗੁਰ ਗਿਆਨੁ ਦ੍ਰਿੜਾਈ।।੧।। ਰਹਾਉ।।
ਸਾਚ ਧਰਮ ਕੀ ਕਰਿ ਦੀਨੀ ਵਾਰਿ।। ਫਰਹੇ ਮੁਹਕਮ ਗੁਰ ਗਿਆਨੁ ਬੀਚਾਰਿ।।੨।।
ਨਾਮੁ ਖੇਤੀ ਬੀਜਹੁ ਭਾਈ ਮੀਤ।। ਸਉਦਾ ਕਰਹੁ ਗੁਰ ਸੇਵਹੁ ਨੀਤ।।੩।।
ਸਾਂਤਿ ਸਹਜ ਸੁਖ ਕੇ ਸਭਿ ਹਾਟ।। ਸਾਹ ਵਾਪਾਰੀ ਏਕੈ ਥਾਟ।।੪।।
ਜੇਜੀਆ ਡੰਨੁ ਕੋ ਲਏ ਨ ਜਗਾਤਿ।। ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ।।੫।।
ਵਖਰੁ ਨਾਮੁ ਲਦਿ ਖੇਪ ਚਲਾਵਹੁ।। ਲੈ ਲਾਹਾ ਗੁਰਮੁਖਿ ਘਰਿ ਆਵਹੁ।।੬।।
ਸਤਿਗੁਰੁ ਸਾਹੁ ਸਿਖ ਵਣਜਾਰੇ।। ਪੂੰਜੀ ਨਾਮੁ ਲੇਖਾ ਸਾਚੁ ਸਮ੍ਾਰੇ।।੭।।
ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ।। ਅਬਚਲ ਨਗਰੀ ਨਾਨਕ ਦੇਵ।।੮।।੧।।

(ਆਸਾ ਮ: ੫, ਪੰਨਾ ੪੩੦)

**ਪਦ ਅਰਥ** : ਪੰਚ-ਪੰਜ (ਸਤ, ਸੰਤੋਖ, ਦਇਆ, ਧਰਮ, ਧੀਰਜ) ਅਤੇ ਪੰਜ ਕਾਮਾਦਿਕ-ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ।੧।

ਇਨਿ ਬਿਧਿ-ਇਸ ਢੰਗ ਨਾਲ। ਨਗਰੁ-ਸ਼ਹਰ। ਵੁਠਾ-ਵੱਸ ਪਿਆ। ਦੁਰਤੁ-ਪਾਪ। ਦ੍ਰਿੜਾਈ-ਦ੍ਰਿੜ (ਪੱਕੀ) ਕਰ ਦਿੱਤੀ।੧। ਰਹਾਉ। ਵਾਰਿ-ਵਾੜ। ਫਰਹੇ-ਖਿੜਕ (ਗਿਆਨ ਇੰਦ੍ਰੇ)। ਮੁਹਕਮ-ਮਜ਼ਬੂਤ, ਪੱਕੇ। ਬੀਚਾਰਿ-ਵਿਚਾਰ ਕੇ।੨। ਨੀਤ-ਨਿੱਤ, ਹਮੇਸ਼ਾ। ਸਹਜ-ਆਤਮਕ ਅਡੋਲਤਾ। ਸਭਿ ਹਾਟ-ਸਾਰੇ ਹੱਟ (ਸਾਰੇ ਗਿਆਨ ਇੰਦ੍ਰੇ)। ਥਾਟ- ਬਨਾਵਟ। ਏਕੈ ਥਾਟ-ਇੱਕੋ ਭਾਂਤ (ਰੂਪ) ਦੇ ।੩।੪।

ਜੇਜੀਆ-ਜਜ਼ੀਆ (ਮੁਸਲਮਾਨ ਰਾਜ ਸਮੇਂ ਗੈਰ-ਮੁਸਲਮਾਨਾਂ ਤੇ ਲਗਾਇਆ ਟੈਕਸ )। ਜਗਾਤਿ-ਮਸੂਲ, ਚੁੰਗੀ। ਧੁਰ ਕੀ-ਧੁਰ ਦਰਗਾਹ ਦੀ। ਛਾਪ-ਮਾਫੀ ਦੀ ਮੋਹਰ।੫। ਵਖਰੁ-ਸੌਦਾ। ਲਦਿ-ਲੱਦ ਕੇ। ਖੇਪ-ਕਾਫਲਾ। ਗੁਰਮੁਖਿ- ਗੁਰੂ ਦੇ ਸਨਮੁਖ ਰਹਿ ਕੇ।੬।

ਸਾਹੁ-ਸ਼ਾਹ, ਸ਼ਾਹੂਕਾਰ। ਵਣਜਾਰੇ-ਵਪਾਰੀ। ਪੂੰਜੀ-ਸਰਮਾਇਆ। ਸਾਚੁ-ਸਦਾ ਥਿਰ ਪ੍ਰਭੂ। ਸਮਾਰੇ-ਸਾਂਭ ਕੇ ਰੱਖਦਾ ਹੈ।੭। ਇਤੁ ਘਰੁ-ਇਸ ਘਰ ਵਿੱਚ। ਸੇਵ-ਸੇਵਾ। ਅਬਿਚਲ- ਕਦੇ ਨਾ ਡੋਲਣ ਵਾਲੀ, ਅਡੋਲ। ਦੇਵ-ਦੇਵ (ਪਰਮਾਤਮਾ) ਦੀ।੮।



www.AKJ.Org

## ਅਰਥ ਵਿਆਖਿਆ

**ਅਰਥ:** ਹੇ ਮੇਰੇ ਭਾਈ! ਜਿਸ ਮਨੁੱਖ ਨੂੰ ਗੁਰੂ ਨੇ ਆਤਮਕ ਜੀਵਨ ਦਾ ਗਿਆਨ ਦ੍ਰਿੜ੍ਹ ਕਰਾ ਦਿੱਤਾ ਉਸ ਦੇ ਅੰਦਰੋਂ ਪਾਪ-ਵਿਕਾਰ ਦੂਰ ਹੋ ਗਏ, ਉਸ ਨੇ ਆਪਣੇ ਸਰੀਰ ਰੂਪੀ ਨਗਰ ਵਿੱਚੋਂ ਪੰਜੇ ਕਾਮਾਦਿਕ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਰੁਸਾ ਕੇ (ਨਾਰਾਜ਼ ਕਰਕੇ) ਬਾਹਰ ਕੱਢ ਦਿੱਤੇ ਅਤੇ ਪੰਜ ਸਤੇ-ਗੁਣ (ਸਤ, ਸੰਤੋਖ, ਦਇਆ, ਧਰਮ, ਧੀਰਜ) ਵਸਾ ਲਏ। ਇਸ ਢੰਗ ਨਾਲ ਉਸ ਮਨੁੱਖ ਦਾ ਸਰੀਰ-ਨਗਰ ਵਸ ਪਿਆ।੧। ਰਹਾਉ।

ਹੇ ਭਾਈ ! ਜਿਸ ਮਨੁੱਖ ਨੂੰ ਗੁਰੂ ਨੇ ਗਿਆਨ ਬਖਸ਼ਿਆ ਉਸ ਨੇ ਆਪਣੇ ਸਰੀਰ-ਨਗਰ ਦੀ ਰਾਖੀ ਵਾਸਤੇ ਸਦਾ-ਥਿਰ ਪ੍ਰਭੂ ਦੇ ਨਿੱਤ ਸਿਮਰਨ ਦੀ ਵਾੜ ਕਰ ਲਈ, ਗੁਰੂ ਦੇ ਦਿੱਤੇ ਗਿਆਨ ਨੂੰ ਆਪਣੀ ਵੀਚਾਰ (ਸੋਚ-ਮੰਡਲ) ਵਿੱਚ ਲਿਆ ਕੇ ਉਸ ਨੇ ਆਪਣੇ ਗਿਆਨ-ਇੰਦਰੇ ਰੂਪ ਖਿੜਕ ਪੱਕੇ ਕਰ ਲਏ।੨।

ਹੇ ਮੇਰੇ ਭਾਈ ਮੀਤ (ਮਿੱਤਰ)! ਤੁਸੀਂ ਵੀ ਗੁਰੂ ਦੀ ਸ਼ਰਨ ਲੈ ਕੇ ਸਰੀਰ ਰੂਪ ਖੇਤ ਵਿੱਚ ਪ੍ਰਭੂ ਦਾ ਨਾਮ ਬੀਜਿਆ ਕਰੋ, ਸਰੀਰ ਨਗਰ ਵਿੱਚ ਨਾਮ ਸਿਮਰਨ ਦਾ ਸੌਦਾ ਕਰਦੇ ਰਹੋ।੩।

ਹੇ ਮੇਰੇ ਭਾਈ! ਜਿਹੜੇ ਸਿੱਖ-ਵਣਜਾਰੇ ਗੁਰੂ-ਸ਼ਾਹ ਦੇ ਨਾਲ ਇੱਕ ਰੂਪ ਹੋ ਜਾਂਦੇ ਹਨ ਉਨ੍ਹਾਂ ਸਾਰੇ ਹੱਟ (ਗਿਆਨ-ਇੰਦ੍ਰੇ) ਸ਼ਾਂਤੀ, ਆਤਮਕ ਅਡੋਲਤਾ (ਸਹਜ) ਅਤੇ ਆਤਮਕ ਅਨੰਦ ਦੇ ਹੱਟ (ਹੱਟੀਆਂ) ਬਣ ਜਾਂਦੇ ਹਨ।੪।

ਹੇ ਭਾਈ! ਗੁਰੂ-ਗਿਆਨ ਦੀ ਪ੍ਰਾਪਤੀ ਵਾਲੇ ਮਨੁੱਖਾਂ ਨੂੰ ਗੁਰੂ ਨੇ ਪ੍ਰਭੂ ਦੀ ਦਰਗਾਹ ਤੋਂ ਪ੍ਰਵਾਨ ਹੋਈ ਹੋਈ ਮਾਫ਼ੀ ਦੀ ਮੋਹਰ ਬਖਸ਼ ਦਿੱਤੀ। ਕੋਈ ਵੀ ਉਨ੍ਹਾਂ ਦੇ ਹਰਿ-ਨਾਮ ਸੌਦੇ ਤੇ ਜਜ਼ੀਆ-ਡੰਨ ਮਸੂਲ ਨਹੀਂ ਲਾ ਸਕਦਾ।੫।

ਹੇ ਮੇਰੇ ਭਾਈ ਮੀਤ ! ਤੁਸੀਂ ਵੀ ਗੁਰੂ ਦੀ ਸ਼ਰਨ ਪੈ ਕੇ ਹਰਿ-ਨਾਮ ਸਿਮਰਨ ਦਾ ਸੌਦਾ ਲੱਦ ਕੇ ਆਤਮਕ ਜੀਵਨ ਦਾ ਵਪਾਰ ਕਰੋ, ਉੱਚੇ ਆਤਮਕ ਜੀਵਨ ਦਾ ਲਾਹਾ (ਲਾਭ) ਖੱਟੋ ਅਤੇ ਪ੍ਰਭੂ ਦੇ ਚਰਨਾਂ ਵਿੱਚ ਟਿਕਾਣਾ ਪ੍ਰਾਪਤ ਕਰੋ।੬।

ਹੇ ਭਾਈ ! ਸਤਿਗੁਰੂ ਨਾਮ-ਧਨ ਦਾ ਸ਼ਾਹ ਹੈ, ਜਿਸ ਧਨ ਨੂੰ ਪ੍ਰਾਪਤ ਕਰਕੇ ਆਤਮਕ ਜੀਵਨ ਦਾ ਵਪਾਰ ਕਰਨ ਵਾਲੇ ਸਿੱਖ ਸਦਾ ਥਿਰ ਪ੍ਰਭੂ ਨੂੰ ਆਪਣੇ ਹਿਰਦੇ ਵਿੱਚ ਸਾਂਭ ਕੇ ਰੱਖਦੇ ਹਨ। ਇਹੀ ਹੈ ਲੇਖਾ-ਹਿਸਾਬ ਜਿਹੜਾ ਉਹ ਨਾਮ-ਵਪਾਰ ਵਿੱਚ ਕਰਦੇ ਰਹਿੰਦੇ ਹਨ।੭।

ਨਾਨਕ ਮੋਹਰ ਛਾਪ ਹੇਠ ਪੰਚਮ ਪਾਤਸ਼ਾਹ ਕਹਿੰਦੇ ਹਨ ਕਿ ਹੇ ਭਾਈ । ਪੂਰਾ ਗੁਰੂ ਜਿਸ ਮਨੁੱਖ ਨੂੰ ਪ੍ਰਭੂ ਦੀ ਸੇਵਾ ਭਗਤੀ ਦੀ ਦਾਤ ਦਿੰਦਾ ਹੈ ਉਹ ਅਜਿਹੇ ਹਿਰਦੇ ਘਰ ਵਿੱਚ ਵਸਦਾ ਰਹਿੰਦਾ ਹੈ ਜੋ ਪਰਮਾਤਮਾ ਦੇ ਰਹਿਣ ਵਾਸਤੇ ਵਿਕਾਰਾਂ ਵਿੱਚ ਨਾ ਡੋਲਣ ਵਾਲੀ ਅਡੋਲ ਨਗਰੀ ਬਣ ਜਾਂਦਾ ਹੈ।੮।੧।

**ਵਿਆਖਿਆ** : ਸਤਿਗੁਰੂ ਦੀ ਸ਼ਰਨ ਆਉਣ ਨਾਲ ਗੁਰੂ-ਗਿਆਨ ਦਾ ਸੁਰਮਾ ਮਿਲ ਜਾਂਦਾ ਹੈ ਅਤੇ ਅੱਖਾਂ ਤੇ ਪਿਆ ਅਗਿਆਨਤਾ ਦਾ ਜਾਲਾ ਲਹਿ ਜਾਂਦਾ ਹੈ, ਹਨ੍ਹੇਰਾ ਮਿਟ ਜਾਂਦਾ ਹੈ ਤੇ ਪ੍ਰਕਾਸ਼ ਹੋ ਜਾਂਦਾ ਹੈ।

**ਗਿਆਨ ਅੰਜਨੁ ਗੁਰਿ ਦੀਆ**
**ਅਗਿਆਨ ਅੰਧੇਰ ਬਿਨਾਸੁ।।**
**ਹਰਿ ਕਿਰਪਾ ਤੇ ਸੰਤ ਭੇਟਿਆ**
**ਨਾਨਕ ਮਨ ਪ੍ਰਗਾਸੁ।।** (ਸੁਖਮਨੀ ਸਾਹਿਬ)

ਗੁਰੂ-ਗਿਆਨ ਸਦਕਾ ਖੋਟੇ ਖਰੇ ਦਾ ਨਿਤਾਰਾ ਕਰਨ ਵਾਲੀ ਬਿਬੇਕ ਬੁੱਧ ਮਿਲ ਜਾਂਦੀ ਹੈ ਅਤੇ ਮਨੁੱਖ ਜੀਵਨ-ਪੰਧ ਵਿੱਚ ਠੇਡੇ ਖਾਣੋ ਬਚ ਜਾਂਦਾ ਹੈ। ਠੇਡੇ ਖਾ ਖਾ ਕੇ ਬੰਦਾ ਤਾਂ ਹਨ੍ਹੇਰੇ ਵਿੱਚ ਹੀ ਡਿਗਦਾ ਹੈ, ਚਾਨਣੇ ਵਿੱਚ ਤਾਂ ਰਾਹ ਵਿੱਚ ਪਏ ਰੋੜੇ ਤੇ ਟੋਏ ਟਿੱਬੇ ਦਿਸ ਪੈਂਦੇ ਹਨ, ਬੰਦਾ ਲਾਂਭੇ ਦੀ ਹੋ ਕੇ ਲੰਘ ਜਾਂਦਾ ਹੈ।

ਗੁਰੂ-ਗਿਆਨ ਸਦਕਾ ਮਨੁੱਖ ਅਸਲੀ ਮਿੱਤਰਾਂ ਅਤੇ ਦੁਸ਼ਟਾਂ ਦੀ ਪਹਿਚਾਣ ਕਰ ਲੈਂਦਾ ਹੈ ਅਤੇ ਦੁਸ਼ਟਾਂ ਕੋਲੋਂ ਬਚ ਕੇ ਰਹਿੰਦਾ ਹੈ, ਖੋਟਿਆਂ ਦੀ ਸੰਗਤ ਤੋਂ ਪਰੇ ਰਹਿੰਦਾ ਹੈ ਅਤੇ ਖਰਿਆ ਨਾਲ ਹੀ ਨਾਤਾ (ਰਿਸ਼ਤਾ) ਰੱਖਦਾ ਹੈ।

ਗੁਰੂ-ਗਿਆਨ ਸਦਕਾ ਗੁਰੂ ਕਾ ਸਿੱਖ ਪੰਜ ਕਾਮਾਦਿਕ ਚੋਰਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਤੋਂ ਬਚ ਕੇ ਰਹਿੰਦਾ ਹੈ, ਉਨ੍ਹਾਂ ਦੇ ਰੁੱਸ ਜਾਣ ਦਾ ਉਸ ਨੂੰ ਕੋਈ ਫਿਕਰ ਨਹੀਂ ਪਰ ਉਹ ਦੈਵੀ ਸ਼ਕਤੀਆਂ (ਸਤ, ਸੰਤ, ਦਇਆ, ਧਰਮ, ਧੀਰਜ) ਨਾਲ ਨਾਤਾ ਜੋੜ ਕੇ ਰੱਖਦਾ ਹੈ, ਉਨ੍ਹਾਂ ਨਾਲ ਗੁਣਾਂ ਦੀ ਸਾਂਝ ਦਾ ਭਾਈਵਾਲ ਬਣ ਕੇ ਰਹਿੰਦਾ ਹੈ। ਇਸ ਤਰ੍ਹਾਂ ਉਹ ਪਾਪ-ਵਿਕਾਰ ਤੋਂ ਦੂਰ ਰਹਿੰਦਾ ਹੈ, ਕਾਮਾਦਿਕ ਚੋਰਾਂ ਦੇ ਖਰੂਦ ਤੋਂ ਬਚਿਆ ਰਹਿੰਦਾ ਹੈ, ਉਸ ਦੇ ਸਰੀਰ ਰੂਪੀ ਨਗਰ ਵਿੱਚ ਸੁੱਖ ਤੇ ਸ਼ਾਂਤੀ ਦਾ ਮਾਹੌਲ ਬਣਿਆ ਰਹਿੰਦਾ ਹੈ।

ਜਿੰਨੀ ਦੇਰ ਤੱਕ ਬਾਲਟੀ ਦਾ ਪਾਣੀ ਛਲਕਦਾ ਰਹੇਗਾ, ਉਸ ਵਿੱਚ ਆਪਣੇ ਚਿਹਰੇ ਦਾ ਅਕਸ ਸਾਫ ਦਿਖਾਈ ਨਹੀਂ ਦੇਵੇਗਾ, ਡੋਲਦਾ ਮਨ ਟਿਕ ਕੇ ਨਹੀਂ ਬੈਠੇਗਾ, ਨਾਮ ਜਪਣ ਦੀ ਸੱਚੀ ਕਾਰ ਨਹੀਂ ਕਰ ਸਕੇਗਾ, ਸਰੀਰ ਖੇਤ ਵਿੱਚ ਨਾਮ-ਖੇਤੀ ਬੀਜ ਨਹੀਂ ਸਕੇਗਾ, ਨਾਮ ਦਾ ਵਪਾਰ ਨਹੀਂ ਕਰ ਸਕੇਗਾ।

ਬਾਕੀ ਪੰਨਾ ੧੧ ਤੇ.........



www.AKJ.Org

# ਨਿਰੰਕਾਰੀ ਸਰੂਪਾ ਗੁਰੂ ਨਾਨਕ ਨਿਰੰਕਾਰੀ

(ਭਾਈ ਸਾਹਿਬ ਰਣਧੀਰ ਸਿੰਘ ਜੀ)

**ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ।।**
**ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ।।੧੩।।**

(ਸੂਹੀ ਅਸਟ: ਮ: ੪, ਪੰਨਾ ੭੫੯)

ਗੁਰਵਾਕ ਅਨੁਸਾਰ ਕਲਾਧਾਰੀ ਗੁਰੂ ਨਾਨਕ ਸਾਹਿਬ, ਜਿਹਾ ਕਿ ਨਿਰੰਕਾਰੀ ਦੇਹ ਧਾਰਨ ਦੇ ਸਮੇਂ ਸ਼ਰਧਾਵਾਨ ਗੁਰਸਿੱਖਾਂ ਪ੍ਰਤੀ ਸਦਾ ਹੀ ਹਾਜ਼ਰ ਨਾਜ਼ਰ ਸਨ, ਓਸੇ ਪ੍ਰਕਾਰ ਹੀ ਹੁਣ ਭੀ ਗੁਰੂ ਨਾਨਕ ਸਾਹਿਬ ਸਦਾ ਹੀ ਦ੍ਰਿਸ਼ਮਾਨ ਹਨ। ਪ੍ਰੰਤੂ ਉਨ੍ਹਾਂ ਗੁਰਸਿੱਖਾਂ ਲਈ ਦ੍ਰਿਸ਼ਮਾਨ ਹਨ, ਜੋ ਨਾਨਕ ਨਿਰੰਕਾਰੀ ਉੱਤੇ ਪੁਰਾਤਨ ਸਿੰਘਾਂ ਵਾਲੀ ਸ਼ਰਧਾ-ਭਾਵਨੀ ਰੱਖਦੇ ਹਨ। ਭਾਈ ਗੁਰਦਾਸ ਜੀ ਦੇ ਮਹਾਂਵਾਕ ਅਨੁਸਾਰ -

**ਥੰਮੇ ਕੋਇ ਨ ਸਾਧ ਬਿਨੁ,**
**ਸਾਧੁ ਨ ਦਿਸੈ ਜਗ ਵਿਚਿ ਕੋਆ।।**

(ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੨)

ਕੇਵਲ ਗੁਰੂ ਨਾਨਕ ਸਾਹਿਬ ਸਾਰੇ ਜਗਤ ਨੂੰ ਉਧਾਰਨ ਉਭਾਰਨ ਦਾ ਥੰਮ ਹੋਏ ਹਨ। ਗੁਰੂ ਨਾਨਕ ਸਾਹਿਬ ਜੀ ਦੇ ਨਿਰੰਕਾਰੀ ਸਰੂਪ ਬਿਨਾਂ ਨਾ ਕੋਈ ਗੁਰੂ ਰੂਪ ਸਾਧ ਹੋਇਆ, ਨਾ ਹੋਵੇਗਾ। ਸਤਿਗੁਰੂ ਨਾਨਕ ਦੇਵ ਜੀ ਹੀ ਸੱਚੇ ਸਤਿਗੁਰੂ ਹੋਏ ਹਨ, ਜੋ ਧੁਰੋਂ, ਧੁਰ ਦਰਬਾਰੋਂ ਅਜ਼ਲੀ ਅਬਦੀ ਗੁਰੂ ਥਾਪੇ ਗਏ ਹਨ। ਸੱਚੇ ਸਤਿਗੁਰੂ ਦੀ ਪਦਵੀ ਕੇਵਲ ਗੁਰੂ ਨਾਨਕ ਨਿਰੰਕਾਰੀ ਜੀ ਨੂੰ ਹੀ ਪ੍ਰਾਪਤ ਹੈ।

**ਸਤਿਗੁਰ ਬਾਝਹੁ ਗੁਰੁ ਨਹੀ ਕੋਈ**
**ਨਿਗੁਰੇ ਕਾ ਹੈ ਨਾਉ ਬੁਰਾ।।੧੩।।**

(ਆਸਾ ਮ: ੩ ਪਟੀ, ਪੰਨਾ ੪੩੫)

ਦੇ ਗੁਰਵਾਕ ਦੇ ਭਾਵ ਅਨੁਸਾਰ ਗੁਰੂ ਨਾਨਕ ਸੱਚੇ ਸਤਿਗੁਰ ਬਾਝੋਂ ਨਾ ਕੋਈ ਗੁਰੂ ਹੋਇਆ ਹੈ, ਨਾ ਕੋਈ ਹੋਵੇਗਾ। ਸਭ ਨਿਗੁਰੇ ਹੀ ਹਨ, ਐਵੇਂ ਆਪੋਂ ਹੀ ਗੁਰੂ ਬਣ ਬਣ ਬਹਿੰਦੇ ਹਨ। ਸੱਚੀ ਗੁਰੱਤਤਾ ਵਾਲੀ ਨਿਸ਼ਾਨੀ ਕਿਸੇ ਅੰਦਰ ਵੀ ਨਹੀਂ ਹੈ। ਭੂਤ ਭਵਿੱਖਤ ਦੇ ਦਾਨੀ ਸੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਇਸ ਮਹਾਂ ਵਾਕ ਅਨੁਸਾਰ:-

**ਘਰਿ ਘਰਿ ਹੋਇ ਬੈਠ ਹੈ ਰਾਮਾ।।**
**ਤਿਨ ਤੇ ਸਰੇ ਨਾ ਕੋਊ ਕਾਮਾ।।੧੨।।**

(ਦਸਮ ਗ੍ਰੰਥ, ਕਲਕੀ ਅਵਤਾਰ)

ਜਦੋਂ ਗੁਰੂ ਦਸਮੇਸ਼ ਜੀ ਦੇ ਪਰਤੱਖ ਹੋਂਦਿਆਂ ਡਿੰਭੀ ਗੁਰੂਆਂ ਦੀਆਂ ਵੱਖੋ ਵੱਖ ਮੰਜੀਆਂ ਲੱਗ ਗਈਆਂ, ਤਾਂ ਗੁਰੂ ਸਾਹਿਬ ਨੇ ਸੋਚਿਆਂ ਕਿ ਕਾਲੇ ਬੋਲੇ ਆਵਣ ਵਾਲੇ ਕਲੀਕਾਲ ਸਮੇਂ ਅਜਿਹੇ ਡਿੰਭੀ ਗੁਰੂ, ਆਪਣੇ ਆਪ ਨੂੰ ਗੁਰੂ ਸਦਾਣ ਵਾਲੇ ਅਨੇਕਾਂ ਹੀ ਹੋ ਬੈਠਣਗੇ, ਪ੍ਰੰਤੂ ਤਿਨ੍ਹਾਂ ਤੋਂ ਸੱਚੀਂ ਗੁਰੱਤਤਾ ਵਾਲਾ ਕੋਈ ਕਾਜ ਸਰੇ ਸੰਵਰੇਗਾ ਨਹੀਂ। ਤਾਂ ਸਮਰੱਥ ਸਤਿਗੁਰੂ ਦਸਮੇਸ਼ ਜੀ ਨੇ ਹਮੇਸ਼ਾਂ ਲਈ ਇਹ ਧੁਰਵਾ ਬੰਨ੍ਹ ਦਿੱਤਾ ਕਿ **'ਆਦਿ ਅੰਤ ਏਕੋ ਅਵਤਾਰਾ'**। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆਂ ਪੰਜਾਂ ਪਿਆਰਿਆਂ ਅੰਦਰ ਹੀ ਗੁਰੂ ਅਕਾਲ ਪੁਰਖ ਵਾਹਿਗੁਰੂ ਦੇ ਸਰੂਪ ਵਾਲੀ ਸੱਚੀ ਕਲਾ ਵਰਤੇਗੀ। ਏਸ ਗੱਲ ਨੂੰ ਹੀ ਜਾਂਚ ਕੇ ਸ੍ਰੀ ਗੁਰੂ ਕਲਗੀਧਰ ਜੀ ਨੇ ਦੇਹਧਾਰੀ ਗੁਰੂਆਂ ਵਾਲਾ ਸਿਲਸਿਲਾ ਹੀ ਖ਼ਤਮ ਕਰ ਦਿੱਤਾ। ਪੰਜਾਂ ਪਿਆਰਿਆਂ ਵਿਚੋਂ ਕੋਈ ਇਕੱਲਾ ਪਿਆਰਾ ਆਪਣੇ ਆਪ ਨੂੰ ਗੁਰੂ ਦੀ ਪਦਵੀ ਨਹੀਂ ਦੇ ਸਕਦਾ। ਪੰਜਾਂ ਪਿਆਰਿਆਂ ਦੀ ਸੰਮਿਲਤ ਸੱਚੀ ਪ੍ਰਮਾਰਥੀ ਕਲਾ ਕੌਸ਼ਲ ਅੰਦਰ ਹੀ ਸੱਚੜੀ ਗੁਰੱਤਤਾ ਵਾਲੀ ਸੱਚੀ ਕਲਾ ਵਰਤੇਗੀ ਅਤੇ ਅਜ਼ਲ ਅੱਬਦੀ ਤਾਈਂ ਵਰਤਦੀ ਰਵ੍ਹੇਗੀ। ਦਸਾਂ ਪਾਤਸ਼ਾਹੀਆਂ ਪਿਛੋਂ ਦੇਹਧਾਰੀ ਗੁਰੂਆਂ ਦੀ ਸਦਾਵਣ ਵਾਲੀ ਗੁਰੂ-ਡੰਮ੍ਹ ਸਮਾਪਤ ਹੋ ਗਈ। ਸਤਿਗੁਰੂ ਨਾਨਕ ਨਿਰੰਕਾਰੀ ਬਾਝੋਂ ਸਭ ਨਿਗੁਰੇ ਨਿਗੁਸਾਏ ਡਿੰਭੀ ਗੁਰੂ ਹਨ। ਸੱਚੇ ਸਤਿਗੁਰੂ ਦੀ ਪਹਿਲੀ ਸੱਚੀ ਨਿਸ਼ਾਨੀ ਇਹ ਹੈ ਕਿ ਉਹ ਧੁਰੋਂ, ਧੁਰ ਦਰਬਾਰੋਂ ਬਖਸ਼ੇ ਹੋਏ ਨਾਮ-ਸੰਪੰਨ ਹੋਣਗੇ। ਹੋਰ ਸਭ ਨਾਮ-ਹੀਣੇ ਮੀਣੇ ਡਿੰਭੀ ਗੁਰੂ ਹੀ ਹਨ, ਨਾਮ ਦੀ ਪ੍ਰਾਪਤੀ ਬਿਨਾਂ ਹੀ ਗੁਰੂ ਬਣ ਬਣ ਬਹਿੰਦੇ ਹਨ। ਇਹ ਨਾਮ, ਸੱਚੜਾ ਨਾਮ ਗੁਰੂ ਨਾਨਕ ਬਾਝੋਂ ਨਾ ਕਿਸੇ ਨੂੰ ਪ੍ਰਾਪਤ ਹੋਇਆ ਹੈ ਨਾ ਪ੍ਰਾਪਤ ਹੋਵੇਗਾ।

ਗੁਰੂ ਨਾਨਕ ਨਿਰੰਕਾਰੀ ਸਦਾ ਹੀ ਹਾਜ਼ਰ ਨਾਜ਼ਰ ਸ਼ਰਧਾ ਵਾਲੇ ਗੁਰਸਿੱਖਾਂ ਦੇ ਅੰਗ ਸੰਗ ਹਨ। ਮਤ ਜਾਣੋ ਕਿ ਨਿਰੰਕਾਰੀ ਦੇਹ ਧਾਰਨ ਸਮੇਂ ਹੀ ਗੁਰੂ ਨਾਨਕ ਸਾਹਿਬ ਗੁਰਸਿੱਖਾਂ ਨੂੰ ਦਰਸ ਦਿਖਾਵਣਹਾਰੇ ਸਨ, ਹੁਣ ਭੀ ਉਸੇ ਪ੍ਰਕਾਰ ਹੀ ਹਨ। ਕਿਤੇ ਗਏ ਨਹੀਂ ਹਰ ਥਾਂ ਸਰਬ ਵਿਆਪਕ ਹਨ। ਗੁਰੂ ਨਾਨਕ ਨਿਰੰਕਾਰੀ ਨੂੰ ਆਵਣ ਜਾਣ ਵਾਲੇ



www.AKJ.Org

ਚੁਰਾਸੀ ਦੇ ਗੇੜ ਵਾਲੇ ਗੁਰੂ ਸਮਝਣਾ ਅਲਪਗ ਬੁੱਧੀ ਵਾਲੇ ਸਿੱਖਾਂ ਦਾ ਕੰਮ ਹੈ। ਸਰਬੱਗਤਾ ਦੀ ਪਹੁੰਚ ਨੂੰ ਪਹੁੰਚੇ ਹੋਏ ਗੁਰੂ ਦੇ ਬਖਸ਼ੇ ਹੋਏ ਲਾਲ ਹੁਣ ਭੀ ਹਰ ਦਮ ਗੁਰੂ ਨਾਨਕ ਨਿਰੰਕਾਰੀ ਨੂੰ ਨਿਕਟਵਰਤੀ ਤੇ ਸਰਬ-ਵਿਆਪੀ ਹੀ ਸਮਝਦੇ ਹਨ। ਤਿਨ੍ਹਾਂ ਬਖਸ਼ੇ ਹੋਏ ਗੁਰੂ ਕੇ ਲਾਲ ਗੁਰਸਿੱਖਾਂ ਨੂੰ ਹੁਣ ਭੀ ਗੁਰੂ ਨਾਨਕ ਨਿਰੰਕਾਰੀ ਓਸੇ ਪ੍ਰਕਾਰ ਹੀ ਦਰਸ਼ਨ-ਦੀਦਾਰ ਦਿਖਾਉਂਦੇ ਹਨ ਅਤੇ ਹਰ ਦਮ ਦਿਖਾਉਂਦੇ ਰਹਿੰਦੇ ਹਨ, ਜਿਸ ਪ੍ਰਕਾਰ ਕਿ ਅੱਗੇ ਭੀ ਦਿਖਾਉਂਦੇ ਰਹਿੰਦੇ ਸਨ। ਗੁਰੂ ਨਾਨਕ ਸਾਹਿਬ ਜੀ ਨਿਰੰਕਾਰ ਦਾ ਸਰੂਪ ਹੁੰਦੇ ਹੋਏ ਸਦਾ ਹੀ ਅਬਿਨਾਸ਼ੀ ਪੁਰਖ ਹਨ। ਉਹ ਆਵਣ ਜਾਣ ਅੰਦਰ ਹੈ ਹੀ ਨਹੀਂ।

ਸੱਚਾ ਸਾਧ ਗੁਰੂ, ਗੁਰੂ ਨਾਨਕ ਬਾਝੋਂ ਹੋਰ ਕੋਈ ਭੀ ਆਪਣੇ ਆਪ ਨੂੰ ਨਹੀਂ ਕਹਾ ਸਕਦਾ। ਇਹ ਸੱਚਾ ਮਰਤਬਾ ਸੱਚੀ ਗੁਰਮੱਤਾ ਵਾਲਾ ਕੇਵਲ ਗੁਰੂ ਨਾਨਕ ਨਿਰੰਕਾਰੀ ਨੂੰ ਹੀ ਧੁਰ ਦਰਗਾਹੋਂ ਅਰਪਨ ਹੋਇਆ ਹੈ। ਥਾਉਂ ਥਾਈਂ ਨਾਮ-ਹੀਣੇ ਮੀਣੇ ਗੁਰੂ ਜੋ ਬਣ ਬਣ ਬਹਿੰਦੇ ਹਨ, ਉਹ ਸੱਚੀ ਗੁਰੱਤਤਾ ਦੀ ਕਲਾ ਤੋਂ ਬਿਲਕੁਲ ਖਾਲੀ ਹਨ। ਗੁਰੂ ਨਾਨਕ ਨਿਰੰਕਾਰੀ ਸੱਚੇ ਧੁਰ ਦਰਬਾਰੀ ਗੁਰੂ ਹਨ। ਹੋਰ ਕੂੜਾਵੇ ਗੁਰੂ ਚਾਹੇ ਕਿਤਨੇ ਹੀ ਦੁਨਿਆਵੀ ਅਡੰਬਰ ਸਾਜੀ ਫਿਰਨ, ਗੁਰੂ ਨਾਨਕ ਸਾਹਿਬ ਦੀ ਸਦਰਸ਼ਤਾ ਨੂੰ ਪ੍ਰਾਪਤ ਨਹੀਂ ਹੋ ਸਕਦੇ। ਦੁਨਿਆਵੀਂ ਮਨੋਰਥਾਂ ਨੂੰ ਪੂਰਨ ਕਰਨਹਾਰੇ ਮਨੁੱਖ ਐਵੇਂ ਅਤੇ ਨਿਸਫਲ ਹੀ ਵਡ-ਅਡੰਬਰੀ ਇਨ੍ਹਾਂ ਆਪੋਂ ਬਣ ਬੈਠੇ ਡਿੰਭੀ ਗੁਰੂਆਂ ਨੂੰ ਗੁਰੂ ਮੰਨੀ ਬੈਠੇ ਹਨ, ਹਾਲਾਂਕਿ ਇਨ੍ਹਾਂ ਅੰਦਰ ਰੰਚਕ ਮਾਤਰ ਭੀ ਸੱਚੀ ਗੁਰੱਤਤਾ ਵਾਲੀ ਕਲਾ ਨਹੀਂ। ਅਜਿਹੇ ਅਡੰਬਰੀ, ਮੀਣੇ, ਨਾਮ ਹੀਣੇ ਡਿੰਭੀ ਗੁਰੂ ਅੰਤ ਨੂੰ ਪਛਤਾਵਣਗੇ ਅਤੇ ਮੂੰਹੋਂ ਮੂੰਹ ਚੋਟਾ ਖਾਣਗੇ। ਇਨ੍ਹਾਂ ਨੂੰ ਅੱਗੇ ਜਾ ਕੇ ਸੱਚੀ ਦਰਗਾਹੇ ਮੁਦਗਰਾਂ ਦੀ ਮਾਰ ਪਵੇਗੀ, ਫਿਰ ਇਹ ਬਿਲਲਾਵਣਗੇ ਤੇ ਚੀਖਣਗੇ, ਪਰ ਇਨ੍ਹਾਂ ਦੀ ਚੀਖ ਪੁਕਾਰ ਸੁਣਨ ਵਾਲਾ ਕੋਈ ਨਹੀਂ ਹੋਵੇਗਾ। ਜਿਨ੍ਹਾਂ ਪੁਰਸ਼ਾਂ ਉੱਤੇ ਇਹ ਲੋਗ ਡਿੰਭੀ ਗੁਰੂ ਬਣਨ ਦਾ ਡਿੰਭ ਧਾਰੀ ਫਿਰਦੇ ਹਨ, ਓਹੀ ਪੁਰਸ਼ ਪਲਟੇ ਵਜੋਂ ਇਨ੍ਹਾਂ ਨੂੰ ਮੁਦਗਰਾਂ ਦੀ ਮਾਰ ਮਾਰਨਗੇ। ਪ੍ਰੰਤੂ ਡਿੰਭੀ ਗੁਰੂ ਬਣਨ ਦਾ ਚਸਕਾ ਇਤਨਾ ਪ੍ਰਬਲ ਹੈ ਕਿ ਬਿਨਾਂ ਗੁਰੱਤਤਾ ਵਾਲੀ ਕਲਾ ਦੇ ਹੋਂਦਿਆਂ ਭੀ ਇਹ ਡਿੰਭੀ ਪੁਰਸ਼ ਗੁਰੂ ਨਾਨਕ ਸਾਹਿਬ ਦੀ ਹਮਸਰੀ ਕਰਦੇ ਹਨ। ਸਰਬ ਕਲਾ ਸਮਰੱਥ ਗੁਰੂ ਨਾਨਕ ਨਿਰੰਕਾਰੀ ਹੀ ਕੇਵਲ ਐਸਾ ਸਮਰੱਥ ਗੁਰੂ ਹੈ, ਜੋ ਜਹਾਂ ਤਹਾਂ ਹਰ ਸਮੇਂ ਹਰ ਜਗ੍ਹਾ ਜ਼ਹੂਰ ਪਜ਼ੀਰ ਹੈ ਅਤੇ ਆਪਣੇ ਉੱਪਰ ਸ਼ਰਧਾ ਰੱਖਣ ਕਰਨ ਵਾਲੇ ਗੁਰਸਿੱਖਾਂ ਦੀ ਹਰ ਥਾਂ ਰੱਖਿਆ ਕਰਦਾ ਹੈ ਅਤੇ ਹਰ ਪ੍ਰਕਾਰ ਦੀ ਆਪਦਾ ਤੋਂ ਛੁਡਾਇ ਲੈਂਦਾ ਹੈ। ਉਹ ਲੋਕ ਬੜੇ ਹੀ ਭੁਲੇਖੇ ਵਿੱਚ ਹਨ ਜੋ ਗੁਰੂ ਨਾਨਕ ਸਾਹਿਬ ਨੂੰ ਦੂਰ ਜਾਣਦੇ ਹਨ ਅਤੇ ਹਾਜ਼ਰ ਹਜ਼ੂਰ ਨਹੀਂ ਮੰਨਦੇ। ਉਹ ਸਮਝਦੇ ਹਨ ਕਿ ਡਿੰਭਤਾ ਵਾਲੀ ਦੇਹ ਧਾਰਨ ਵਿੱਚ ਹੀ ਫਰਜ਼ੀ ਗੁਰਮੱਤਾ ਹੈ। ਇਹ ਤਿਨ੍ਹਾਂ ਦੀ ਸਮਝ ਨਹੀਂ, ਕੁਸਮਝ ਹੈ, ਜਿਸ ਦਾ ਪਾਜ ਅੰਤ ਕਾਲ ਉਘੜ ਜਾਣਾ ਹੈ ਅਤੇ ਉਘੜ ਕੇ ਰਹੇਗਾ।

**ਇਕਾ ਬਾਣੀ ਇਕੁ ਗੁਰੁ**
**ਇਕੋ ਸਬਦੁ ਵੀਚਾਰਿ।।੨।।(੧੦)**

(ਵਾਰ ਸੋਰਠ, ਮ: ੩, ਪੰਨਾ ੬੪੮)

ਵਾਲੇ ਗੁਰਵਾਕ ਦੇ ਭਾਵ ਅਨੁਸਾਰ ਇਕ ਸਮੇਂ ਅੰਦਰਿ ਇਕੋ ਹੀ ਗੁਰੂ ਹੋ ਸਕਦਾ ਹੈ। ਉਹ ਵੀ ਓਹ ਗੁਰੂ, ਜਿਸਨੂੰ ਧੁਰ ਦਰਗਾਹੋਂ ਸ਼ਬਦ-ਵੀਚਾਰੀ ਦੇ ਅਭਿਆਸ ਦੀ ਸੱਚੀ ਦਾਤ ਮਿਲੀ ਹੋਵੇ। ਜਦੋਂ ਦੇਖੀਦਾ ਹੈ ਕਿ ਥਾਉਂ ਥਾਈਂ ਅਨੇਕਾਂ ਹੀ ਡਿੰਭੀ ਗੁਰੂਆਂ ਦੀ ਭਰਮਾਰ ਮੱਚੀ ਹੋਈ ਹੈ ਤਾਂ ਉਪਰਲੇ ਗੁਰਵਾਕ ਦੀ ਰੌਸ਼ਨੀ ਅੰਦਰ ਇਹ ਹੀ ਸੱਚੀ ਵੀਚਾਰ ਸਫੁਰਨ ਹੁੰਦੀ ਹੈ ਕਿ ਇਹ ਭਰਮਾਰ ਸਭ ਝੂਠੀ ਭਰਮਾਰ ਹੈ। ਗੁਰਬਾਣੀ ਅਨੁਸਾਰ ਸੱਚੀ ਗੁਰਮਤਿ ਇਹ ਦਸਦੀ ਹੈ ਕਿ ਇਕੋ ਗੁਰੂ, ਧੁਰੋਂ ਬਖਸ਼ਿਆ ਹੋਇਆ ਗੁਰੂ ਹੀ ਸੱਚਾ ਗੁਰੂ ਬਣ ਸਕਦਾ ਹੈ। ਇਹ ਸੱਚੇ ਗੁਰੂ ਦੀ ਇਲਾਹੀ ਦਾਤਿ ਸਦ ਸਦੀਵ ਲਈ ਗੁਰੂ ਨਾਨਕ ਨਿਰੰਕਾਰੀ ਨੂੰ ਹੀ ਧੁਰ ਦਰਗਾਹੋਂ ਨਸੀਬ ਹੋਈ। ਹੋਰ ਕਿਸੇ ਵੀ ਵਡ-ਅਡੰਬਰੀ ਡਿੰਭੀ ਨੂੰ ਨਹੀਂ ਹੋ ਸਕਦੀ। ਇੱਕ ਤੋਂ ਅਨੇਕ ਡਿੰਭੀ ਗੁਰੂ ਸਦਾਵਣ ਵਾਲੇ ਸਭ ਝੂਠੇ ਅਤੇ ਅਡੰਭਰੀ ਹੀ ਹਨ। ਇਨ੍ਹਾਂ ਅਨੇਕ ਅਡੰਬਰ-ਸਾਜੀ ਡਿੰਭੀਆਂ ਵਿਚੋਂ ਕਿਸ ਕਿਸ ਨੂੰ ਗੁਰੂ ਸਮਝਿਆ ਜਾਏ? ਕਈ ਤਾਂ ਅਜਿਹੇ ਅੜੰਬਰੀ ਭੀ ਹਨ, ਜੋ ਸਤਿਗੁਰੂ ਦੀ ਰੀਸੇ ਕਚ ਪਿਚ ਬੋਲ ਕੇ ਬਾਹਰਲੀ ਕੱਚੀ ਬਾਣੀ ਬਣਾਉਣ ਦਾ ਢਕੌਂਸਲਾ ਭੀ ਰਚਦੇ ਹਨ। ਪਰ ਏਸ ਗੁਰਵਾਕ ਅਨੁਸਾਰ ਉਨ੍ਹਾਂ ਦਾ ਢਕੌਂਸਲਾ ਸਿਰੇ ਨਹੀਂ ਚੜ੍ਹਦਾ :-

**ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ**
**ਸੇ ਕੂੜਿਆਰ ਕੂੜੇ ਝੜਿ ਪੜੀਐ।।੯।।**

(ਗਉੜੀ ਕੀ ਵਾਰ ਮ: ੪, ਪੰਨਾ ੩੦੪)


www.AKJ.Org

# ਜਪੁ ਕਲ ਸੁਜਸੁ ਨਾਨਕ ਗੁਰ, ਸਹਜੁ ਜੋਗੁ ਜਿਨਿ ਮਾਣਿਓ

*(ਡਾ: ਕੁਲਦੀਪ ਸਿੰਘ ਹਉਰਾ)*

ਗੁਰੂ ਨਾਨਕ ਸਾਹਿਬ ਮਹਾਨ ਮਾਨਵਵਾਦੀ ਸਨ। ਆਪ ਨੂੰ ਆਪਣੇਂ ਸਮੇਂ ਦੇ ਸਮਾਜ ਦੀ ਅਧੋਗਤੀ ਦੇ ਕਾਰਨਾਂ ਤੇ ਸਮਾਜਕ ਊਣਤਾਈਆਂ, ਰਾਜਨੀਤਕ ਤੇ ਆਰਥਿਕ ਅਨਿਆਂ ਅਤੇ ਅਧਿਆਤਮਕ-ਅਗਿਆਨਤਾ ਬਾਰੇ ਪੂਰਾ-ਪੂਰਾ ਗਿਆਨ ਸੀ। ਉਨ੍ਹਾਂ ਨੇ ਸਮਾਜ ਦਾ ਸਰਬ-ਪੱਖੀ ਸੁਧਾਰ ਕਰਨ ਦਾ ਬੀੜਾ ਉਠਾਇਆ। ਅਧਿਆਤਮਕ ਅਗਿਆਨਤਾ ਦੂਰ ਕਰਨ ਲਈ ਆਪ ਨਾਮ ਜਪਣ ਤੇ ਸ਼ੁਭ ਕਰਮ ਕਰਨ ਉੱਤੇ ਜ਼ੋਰ ਦਿਆ ਕਰਦੇ ਸਨ। ਸਮਾਜਕ ਅਨਿਆਂ ਦੂਰ ਕਰਨ ਵਾਸਤੇ ਗੁਰੂ ਸਾਹਿਬ ਨੇ ਜ਼ਾਤ, ਧਰਮ ਤੇ ਜਨਮ ਆਦਿ ਦੇ ਨਾਂ ਤੇ ਹੋ ਰਹੀ ਸਮਾਜਕ ਅਸਮਾਨਤਾ ਵਿਰੁੱਧ ਆਵਾਜ਼ ਉਠਾਈ। ਰਾਜਨੀਤਿਕ ਤੇ ਆਰਥਿਕ ਧੱਕੇ ਸ਼ਾਹੀ ਦੀ ਵੀ ਆਪ ਨੇ ਭਰਪੂਰ ਨਿਖੇਧੀ ਕੀਤੀ। ਆਰਥਿਕ ਲੁੱਟ-ਖਸੁੱਟ ਵਿਰੁੱਧ ਆਪ ਨੇ ਭਰਵੀਂ ਤੇ ਜ਼ੋਰਦਾਰ ਆਵਾਜ਼ ਵਿੱਚ ਆਖਿਆ-

**"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।।"**

ਗੁਰੂ ਸਾਹਿਬ ਨੇ ਨਰੋਏ ਸਮਾਜ ਦੀ ਉਸਾਰੀ ਕਰਨੀ ਚਾਹੀ, ਕਿਉਂਕਿ ਆਪ ਮਹਾਨ ਦੇਸ਼ ਭਗਤ ਤੇ ਸਮਾਜ ਸੁਧਾਰਕ ਸਨ। ਆਪ ਦੇ ਹਿਰਦੇ ਵਿੱਚ ਦੇਸ਼ ਭਗਤੀ ਦਾ ਜਜ਼ਬਾ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਦੇਸ਼ ਤੇ ਕੌਮ ਦੀ ਮੰਦੀ ਦਸ਼ਾ ਵੇਖ ਕੇ ਆਪ ਦੇ ਕੋਮਲ ਹਿਰਦੇ ਉੱਤੇ ਸੱਟ ਵੱਜੀ ਤੇ ਆਪ ਨੇ ਫੁਰਮਾਇਆ-

**"ਰਤਨ ਵਿਗਾੜਿ ਵਿਗੋਏ ਕੁੱਤੀ ਮੁਇਆ ਸਾਰ ਨਾ ਕਾਈ।।"** ਭਾਵ ਲੋਭੀ ਹਾਕਮਾਂ ਨੇ ਰਤਨਾਂ ਵਰਗੇ ਦੇਸ਼ (ਹਿੰਦੁਸਤਾਨ) ਨੂੰ ਘੱਟੋ ਕੌਡੀ ਰੁਲਾ ਦਿੱਤਾ ਹੈ। ਇਨ੍ਹਾਂ ਦੇ ਮਰਨ ਤੇ ਕੋਈ ਵੀ ਇਨ੍ਹਾਂ ਦੀ ਸਾਰ ਨਹੀਂ ਜਾਣੇਗਾ, ਕੋਈ ਬਾਤ ਨਹੀਂ ਪੁੱਛੇਗਾ।

ਬਾਬਰ ਦੇ ਅਤਿਆਚਾਰਾਂ ਨੂੰ ਨਾ ਸਹਿਣ ਕਰਦੇ ਹੋਏ ਆਪ ਨੇ ਬਾਬਰ ਦੇ ਜ਼ੁਲਮਾਂ ਦੀ ਨਿਖੇਧੀ ਕਰਦਿਆਂ ਕਿਹਾ-

**"ਆਪੇ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।।**
**ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ।।"**

ਹਉਮੈ ਤੇ ਹੰਕਾਰ ਆਪ ਜੀ ਦੇ ਨੇੜੇ ਨਹੀਂ ਸੀ ਢੁਕਿਆ। ਜਾਪਦਾ ਹੈ ਜਿਵੇਂ ਸੰਸਾਰ ਦੀ ਸਮੁੱਚੀ ਗਰੀਬੀ ਤੇ ਨਿਮਰਤਾ ਆਪ ਦੇ ਹੀ ਹਿੱਸੇ ਆਈ ਹੋਵੇ। ਆਪ ਜੀ ਦਾ ਕਥਨ ਹੈ ਕਿ ਸਾਰੀਆਂ ਨੇਕੀਆਂ ਦਾ ਨਿਚੋੜ ਮਿਠਾਸ ਤੇ ਨਿਮਰਤਾ 'ਚ ਹੈ-

**"ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ।।"**

ਉਹ ਆਪਣੇ ਆਪ ਨੂੰ *"ਹਮ ਆਦਮੀ ਹਾਂ ਇਕ ਦਮੀ"* ਕਿਹਾ ਕਰਦੇ ਸਨ। ਆਪ ਨੇ ਆਪਣੇ ਬਾਰੇ **"ਹਉ ਪਾਪੀ ਪਤਿਤ ਪਰਮ ਪਾਖੰਡੀ"** ਵੀ ਕਿਹਾ ਹੈ। ਆਪਣੇ ਆਪ ਨੂੰ ਉਹ "ਸ਼ਾਇਰ" ਤੇ "ਢਾਢੀ" ਆਖ ਕੇ ਖੁਸ਼ ਹੁੰਦੇ ਸਨ। ਆਪ ਬਹੁਤ ਘੱਟ ਬੋਲਦੇ ਸਨ, ਪਰ ਜੋ ਬੋਲਦੇ ਸਨ, ਉਸ ਦਾ ਅਸਰ ਬਹੁਤ ਹੁੰਦਾ ਸੀ। ਆਪ ਦਾ ਪ੍ਰਚਾਰ ਢੰਗ ਬੜਾ ਨਾਟਕੀ ਹੁੰਦਾ ਸੀ। ਆਪ ਬੜੇ ਨੇਤੀ ਵੇਤਾ ਸਨ। ਆਪ ਨੇ ਲੋਕਾਂ ਅੰਦਰ ਚੜ੍ਹਦੀ ਕਲਾ ਦਾ ਜਜ਼ਬਾ ਪੈਦਾ ਕੀਤਾ ਤੇ ਦੱਸਿਆ ਕਿ ਸੰਸਾਰ ਦੁੱਖਾਂ ਦਾ ਘਰ ਨਹੀਂ, ਸਗੋਂ ਅਸਲੀਅਤ ਹੈ ਤੇ ਈਸ਼ਵਰ ਦਾ ਪਸਾਰਾ ਹੈ। ਆਪ ਨੇ ਸਮਕਾਲੀ ਸਮਾਜ ਵਿਚੋਂ ਢਹਿੰਦੀਆਂ ਕਲਾ ਵਾਲੀ ਰੁਚੀ ਖਤਮ ਕਰਨ ਦਾ ਯਤਨ ਕੀਤਾ। ਅਜਿਹਾ ਕੁਝ ਕੋਈ ਮਹਾਨ ਨੇਤੀਵੇਤਾ ਹੀ ਕਰ ਸਕਦਾ ਹੈ। ਆਪ ਨੇ ਵਿਲਕਦੀ ਲੁਕਾਈ ਦੀਆਂ ਚੀਕਾਂ ਤੇ ਕਸੀਸਾਂ ਸੁਣੀਆਂ ਤੇ "ਜਗਤ ਜਲੰਦੇ" ਦੇ ਕਲਿਆਣ ਲਈ ਘਰੋਂ ਨਿਕਲ ਪਏ। ਆਪ ਨੇ ਆਪਣੇ ਜੀਵਨ ਕਾਲ ਵਿੱਚ ਲੋਕਾਂ ਨੂੰ ਸਮਾਜਿਕ ਆਰਥਿਕ ਤੇ ਅਧਿਆਤਮਿਕ ਪੱਖਾਂ ਤੋਂ ਜਾਗਰੂਕ ਕਰਨ ਲਈ ਜੋ ਯਤਨ ਕੀਤੇ, ਉਨ੍ਹਾਂ ਦਾ ਨਤੀਜਾ ਤਾਂ ਡਾ: ਗੋਕਲ ਚੰਦ ਨਾਰੰਗ ਦੇ ਕਹੇ ਅਨੁਸਾਰ ਹੈ, *"ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤ ਸਮਾਉਣ ਸਮੇਂ ਲੋਕਾਂ ਦੀ ਹਾਲਤ ਪਹਿਲਾਂ ਨਾਲੋਂ ਬਿਹਤਰ ਸੀ। ਉਨ੍ਹਾਂ ਦੇ ਵਿਸ਼ਵਾਸ਼ ਪਵਿੱਤਰ ਹੋ ਚੁੱਕੇ ਸਨ, ਉਨ੍ਹਾਂ ਦੀ ਪੂਜਾ ਸ਼ੁੱਧ ਹੋ ਗਈ ਸੀ, ਜ਼ਾਤ-ਪਾਤ ਦੀ ਕੱਟੜਤਾ ਕਾਫ਼ੀ ਢਿੱਲੀ ਪੈ ਚੁੱਕੀ ਸੀ ਤੇ ਉਨ੍ਹਾਂ ਦੇ ਮਨ ਬਹੁਤ ਹੱਦ ਤੱਕ ਆਜ਼ਾਦ ਹੋ ਚੁੱਕੇ ਸਨ ਅਤੇ ਉਹ ਉੱਨਤੀ ਦੇ ਰਾਹ ਤੇ ਚੱਲਣ ਦੇ ਵਧੇਰੇ ਯੋਗ ਹੋ ਗਏ ਸਨ।"*

ਇਸੇ ਤਰ੍ਹਾਂ ਗਾਰਡਨ ਨੇ ਲਿਖਿਆ ਹੈ- *"ਗੁਰੂ ਨਾਨਕ (ਜੀ) ਨੇ ਜੋ ਧਰਮ ਸਥਾਪਤ ਕੀਤਾ ਉਹ 'ਰਾਸ਼ਟਰੀ ਧਰਮ' ਸੀ। ਜਿਸ ਆਦਰਸ਼ ਨੂੰ ਆਪ ਜੀ ਨੇ ਪਰਚਾਰਿਆ ਉਹ ਬਹੁਤ ਮਹਾਨ ਸੀ। ਆਪ ਨੇ ਆਪਣੇ ਅਨੁਯਾਈਆਂ ਨੂੰ ਕਈ ਬੁਰਿਆਈਆਂ ਤੋਂ ਮੁਕਤ ਕੀਤਾ।*



www.AKJ.Org

*ਉਹ ਸ਼ਾਂਤੀ ਤੇ ਸਦਭਾਵਨਾ ਦੇ ਦੂਤ ਸਨ।"*

ਇਸੇ ਤਰ੍ਹਾਂ ਪ੍ਰੋ: ਸੀਤਾ ਰਾਮ ਕੋਹਲੀ ਨੇ ਵੀ ਲਿਖਿਆ ਹੈ-

*"ਗੁਰੂ ਨਾਨਕ ਦੇਵ ਜੀ ਦਾ ਜੀਵਨ ਸਾਡੇ ਦੇਸ਼ ਦੇ ਇਤਿਹਾਸ ਵਿੱਚ ਇੱਕ ਉਚੇਰੀ ਵਿਸ਼ੇਸ਼ਤਾ ਰੱਖਦਾ ਹੈ। ਸੋਲ੍ਹਵੀਂ ਸਦੀ ਤੋਂ ਲੈ ਕੇ ਲਗਾਤਾਰ ਚਾਰ ਸੌ ਸਾਲਾਂ ਦੇ ਲੰਮੇ ਸਮੇਂ ਵਿੱਚ ਜਿਹੜੀਆਂ ਤਬਦੀਲੀਆਂ ਜਾਂ ਇਨਕਲਾਬ ਹੋਂਦ ਵਿੱਚ ਆਏ, ਉਨ੍ਹਾਂ ਸਾਰਿਆਂ ਵਿੱਚ ਹੀ ਗੁਰੂ ਨਾਨਕ ਜੀ ਦਾ ਹੱਥ ਕੰਮ ਕਰਦਾ ਦਿੱਸਦਾ ਹੈ। ਹਿੰਦੂ ਜਾਤੀ ਦੇ ਧਾਰਮਿਕ ਜਾਂ ਸਮਾਜਿਕ ਜੀਵਨ ਵਿੱਚ ਜੋ ਵਿਸ਼ੇਸ਼ ਪਰਿਵਰਤਨ ਗੁਰੂ ਸਾਹਿਬ ਨੇ ਲਿਆਂਦਾ, ਉਹ ਇਤਨਾ ਪ੍ਰਤੱਖ ਹੈ ਕਿ ਬਿਆਨ ਕਰਨ ਦੀ ਲੋੜ ਹੀ ਨਹੀਂ ਪੈਂਦੀ। ਪੰਜਾਬ ਦਾ ਬੱਚਾ ਬੱਚਾ ਇਸ ਤੋਂ ਜਾਣੂ ਹੈ।"*

ਮਾਰਟਨ ਲੂਥਰ ਵੀ ਆਪਣੇ ਸਮੇਂ ਦਾ ਮਹਾਨ ਸੁਧਾਰਕ ਹੋਇਆ ਹੈ। ਪਰ ਗੁਰੂ ਨਾਨਕ ਸਾਹਿਬ ਤੇ ਮਾਰਟਨ ਲੂਥਰ ਦੇ ਵਿੱਚ ਬੜੀ ਭਿੰਨਤਾ ਹੈ। ਮਾਰਟਨ ਲੂਥਰ ਸਧਾਰਨ ਮਨੁੱਖ ਦੀ ਮਹੱਤਤਾ ਵਿੱਚ ਵਿਸ਼ਵਾਸ਼ ਨਹੀਂ ਰੱਖਦਾ ਪਰ ਗੁਰੂ ਨਾਨਕ ਸਾਹਿਬ ਜਨ-ਸਧਾਰਨ ਨੂੰ ਬਹੁਤ ਵਡਿਆਈ ਦੇਂਦੇ ਹਨ। ਮਾਰਟਨ ਲੂਥਰ ਨੇ ਪਰਜਾਤੰਤਰੀ ਰੁਚੀਆਂ ਨੂੰ ਨਹੀਂ ਉਭਾਰਿਆ ਤੇ ਨਾ ਹੀ ਉਸ ਨੇ ਚਰਚ-ਸੰਸਥਾ ਨੂੰ ਪਰਜਾਤੰਤਰੀ ਲੀਹਾਂ ਉੱਤੇ ਚਲਾਉਣ ਦਾ ਯਤਨ ਕੀਤਾ, ਜਦੋਂ ਕਿ ਗੁਰੂ ਨਾਨਕ ਸਾਹਿਬ ਨੇ ਮਨੁੱਖ ਨੂੰ ਸਮਾਜ ਦਾ ਮਹੱਤਵਪੂਰਨ ਅੰਗ ਮੰਨਿਆ ਤੇ ਪਰਜਾਤੰਤਰੀ ਲੀਹਾਂ 'ਤੇ **"ਸੰਗਤ ਤੇ ਪੰਗਤ"** ਦੀਆਂ ਸੰਸਥਾਵਾਂ ਨੂੰ ਚਲਾਇਆ। ਇਸ ਪੱਖੋਂ ਗੁਰੂ ਸਾਹਿਬ ਮਾਰਟਨ ਲੂਥਰ ਨਾਲੋਂ ਬਹੁਤ ਮਹਾਨ ਸਨ। ਆਤਮਕ ਤੌਰ ਤੇ ਤਾਂ ਮਾਰਟਨ ਲੂਥਰ ਬਿਲਕੁੱਲ ਕੋਰਾ ਹੈ ਹੀ ਸੀ।

ਗੁਰੂ ਨਾਨਕ ਸਾਹਿਬ, ਰਾਮਾਨੰਦ, ਕਬੀਰ ਤੇ ਚੇਤੰਨਯ ਇਕ ਹੀ ਟੱਬਰ ਦੇ ਜੀਅ ਸਨ ਤੇ ਉਨ੍ਹਾਂ ਦੇ ਵਿਚਾਰ ਆਪਸ ਵਿੱਚ ਮਿਲਦੇ-ਜੁਲਦੇ ਸਨ। ਇਹਨਾਂ ਸਾਰਿਆਂ ਨੇ ਪਿਆਰ, ਸਹਿਜ ਤੇ ਨਾਮ ਸਭ ਦੁੱਖਾਂ ਦਾ ਦਾਰੂ ਦੱਸਿਆ ਹੈ। ਗੁਰੂ ਨਾਨਕ ਸਾਹਿਬ ਨੇ ਜਿਸ ਮੱਤ ਦਾ ਪ੍ਰਚਾਰ ਕੀਤਾ, ਉਹ ਉਨ੍ਹਾਂ ਤੋਂ ਪਹਿਲਾਂ ਦੇ ਚੱਲੇ ਆ ਰਹੇ ਭਗਤੀ ਮੱਤ ਦੀ ਵਿਚਾਰ ਧਾਰਾ ਦਾ ਹੀ ਵਿਸ਼ਲੇਸ਼ਣ ਸੀ। ਕੇਵਲ ਉਨ੍ਹਾਂ ਦਾ ਪ੍ਰਚਾਰ ਢੰਗ ਹੋਰਨਾਂ ਭਗਤਾਂ ਨਾਲੋਂ ਵੱਖਰਾ ਸੀ। ਇੰਦੂ ਭੂਸ਼ਨ ਬੈਨਰਜੀ ਲਿਖਦਾ ਹੈ, *"ਗੁਰੂ ਜੀ ਨੇ ਗ੍ਰੰਥਵਾਦ ਦੀ ਨਿੰਦਿਆ ਕੀਤੀ ਹੈ ਨਾ ਕਿ ਹਿੰਦੂ ਗ੍ਰੰਥਾਂ ਦੀ।"* ਗੁਰੂ ਸਾਹਿਬ ਨੇ ਪ੍ਰਚਾਰਿਆ ਕਿ ਕੇਵਲ ਧਾਰਮਿਕ ਪੁਸਤਕਾਂ ਪੜ੍ਹ ਲੈਣ ਨਾਲ ਹੀ ਫਲ ਪ੍ਰਾਪਤ ਨਹੀਂ ਹੋਣਾ, ਸਗੋਂ ਇਨ੍ਹਾਂ ਪੁਸਤਕਾਂ ਵਿੱਚ ਦੱਸੀ ਸਿਖਿਆ 'ਤੇ ਅਮਲ ਕਰਨ ਨਾਲ ਹੋਣਾ ਹੈ। ਗੁਰੂ ਸਾਹਿਬ ਦੱਸਣਾ ਚਾਹੁੰਦੇ ਸਨ ਕਿ ਰੱਬ ਸਰਬ-ਸ਼ਕਤੀਮਾਨ ਤੇ ਸਰਬ-ਵਿਆਪਕ ਹੈ ਅਤੇ ਉਹ ਦੇਵੀ ਦੇਵਤਿਆ ਤੇ ਅਵਤਾਰਾਂ ਨਾਲੋਂ ਕਿਤੇ ਵੱਡਾ ਹੈ। ਗੁਰੂ ਸਾਹਿਬ ਦਾ ਉਪਦੇਸ਼ ਹਿੰਦੂ ਧਰਮ ਦੀਆਂ ਊਣਤਾਈਆਂ, ਤਰੁੱਟੀਆਂ ਤੇ ਕੁਰੀਤੀਆਂ ਵਿਰੁੱਧ ਸੀ, ਨਾ ਕਿ ਹਿੰਦੂ ਧਰਮ ਵਿਰੁੱਧ।

ਗੁਰੂ ਸਾਹਿਬ ਨੇ ਸਮਝ ਲਿਆ ਸੀ ਕਿ ਅਗਿਆਨਤਾ ਦੇ ਝਗੜੇ ਦਾ ਵੱਡਾ ਕਾਰਨ ਪਾਖੰਡਾਂ ਦੀ ਵਾਸਤਵਿਕਤਾ ਨੂੰ ਆਪਣੇ ਥੱਲੇ ਦਬਾ ਲੈਣਾ ਸੀ। ਇਸ ਲਈ ਉਹ ਬੀਮਾਰੀ ਦੀ ਜੜ੍ਹ ਤੱਕ ਪਹੁੰਚੇ ਤੇ ਲੋਕਾਂ ਵਿੱਚ ਹਰ ਚੀਜ਼ ਨੂੰ ਠੀਕ ਢੰਗ ਨਾਲ ਵੇਖਣ ਦਾ ਵਿਚਾਰ ਪੈਦਾ ਕੀਤਾ ਤਾਂ ਕਿ ਉਹ ਵਾਧੂ ਤੇ ਫਜ਼ੂਲ ਰਸਮਾਂ ਤੇ ਕੁਰੀਤੀਆਂ ਨੂੰ ਛੱਡ ਕੇ, ਝੂਠ ਤੇ ਸੱਚ ਵਿੱਚ ਅੰਤਰ ਰੱਖ ਸਕਣ।

ਗੁਰੂ ਨਾਨਕ ਸਾਹਿਬ ਰੋਗੀ ਸਮਾਜ ਦਾ ਖ਼ਾਤਮਾ ਨਹੀਂ ਕਰਨਾ ਚਾਹੁੰਦੇ ਸਨ, ਸਗੋਂ ਨਾਮ-ਦਾਰੂ ਦੇ ਕੇ ਉਸ ਨੂੰ ਸਿਹਤਮੰਦ ਤੇ ਅਰੋਗ ਬਣਾਉਣਾ ਚਾਹੁੰਦੇ ਸਨ। ਆਪ ਦਾ ਮਨੋਰਥ ਪੁਰਾਣੇ ਤੇ ਗਲੇ ਸੜੇ ਸਮਾਜ ਦੀ ਪ੍ਰਚਲਤ ਕਦਰਾਂ-ਕੀਮਤਾਂ ਨੂੰ ਬਦਲ ਕੇ ਇੱਕ ਨਵੀਨ ਤੇ ਨਰੋਆ ਸਮਾਜ ਪੈਦਾ ਕਰਨਾ ਸੀ। ਇਸ ਵਿੱਚ ਕੋਈ ਸੰਦੇਹ ਨਹੀ ਕਿ ਗੁਰੂ ਸਾਹਿਬ ਤੋਂ ਪਹਿਲਾਂ ਕਈ ਭਗਤਾਂ ਤੇ ਸੁਧਾਰਕ ਦੇ ਹਿੱਸੇ ਨਹੀਂ ਆਈ।

ਗੁਰੂ ਸਾਹਿਬ ਵਲੋਂ ਚਲਾਈਆਂ ਗਈਆਂ "ਸੰਗਤ ਤੇ ਪੰਗਤ" ਦੀਆਂ ਸੰਸਥਾਵਾਂ ਵਿੱਚ ਜ਼ਾਤ-ਪਾਤ ਦੀ ਕੋਈ ਥਾਂ ਨਹੀਂ ਸੀ। ਜਦੋਂ ਸਿੱਖ ਸੰਗਤ ਵਿੱਚ ਇਕੱਠੇ ਹੁੰਦੇ ਜਾਂ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛੱਕਦੇ, ਉਸ ਵੇਲੇ ਉਚ-ਨੀਚ ਦਾ ਭੇਦ ਭਾਵ ਆਪਣੇ ਆਪ ਮਿਟ ਜਾਂਦਾ ਸੀ।

ਜ਼ਾਤ-ਪਾਤ ਤੋਂ ਪੈਦਾ ਹੋਈ ਹੰਗਤਾ ਨੂੰ ਸਮਾਪਤ ਕਰਨ ਲਈ ਜ਼ਾਤ-ਪਾਤ ਨੂੰ ਸਮਾਪਤ ਕਰਨਾ ਹੀ ਇਕ ਵਿਗਿਆਨਕ ਢੰਗ ਸਮਝਿਆ ਗਿਆ। ਗੁਰੂ ਸਾਹਿਬ ਨੇ ਨਿੱਜੀ ਜੀਵਨ ਵਿੱਚ ਅਮਲੀ ਰੂਪ 'ਚ ਇਸ ਕੋਹੜ ਦੀ ਵਿਰੋਧਤਾ ਕੀਤੀ। ਇਸ ਪੱਖੋਂ ਇਹ ਅਮਨ ਸੁਧਾਰਕ ਹੀ ਨਹੀਂ, ਕ੍ਰਾਂਤੀਕਾਰੀ ਵੀ ਸੀ। ਸੰਨਿਆਸ, ਵੈਰਾਗ, ਤਿਆਗ ਵਰਤ ਨੇਮ ਤੇ ਕਠਨ ਢੰਗਾਂ ਦੀ ਤਪੱਸਿਆ, ਜੋ ਪ੍ਰਚਲਤ ਧਰਮ ਦੇ ਜ਼ਰੂਰੀ ਅੰਗ ਸਮਝੇ ਜਾਂਦੇ ਸਨ ਦੀ ਵੀ ਗੁਰੂ ਸਾਹਿਬ ਨੇ ਵਿਰੋਧਤਾ ਕੀਤੀ ਤੇ ਉਹ ਵੀ ਖੁਲ੍ਹੇ ਸ਼ਬਦਾਂ


www.AKJ.Org

ਵਿੱਚ ਕਿਹਾ ਕਿ ਇਹ ਕੇਵਲ ਸਰੀਰਕ ਕਸਰਤਾਂ ਹਨ, ਇਨ੍ਹਾਂ ਦਾ ਧਰਮ ਨਾਲ ਕੋਈ ਸੰਬੰਧ ਨਹੀਂ। ਆਪ ਨੇ ਫੁਰਮਾਇਆ ਹੈ ਕਿ ਪਰਮ ਸ਼ਬਦ ਦੀ ਪ੍ਰਾਪਤੀ ਲਈ ਸ਼ੁੱਭ ਕਰਮ ਕਰਨ ਦੀ ਲੋੜ ਹੈ। ਆਪ ਦਾ ਉਦੇਸ਼ ਸੀ, **"ਅੰਜਨ ਮਾਹਿ ਨਿਰੰਜਨਿ ਰਹੀਐ"** ਭਾਵ ਸੰਸਾਰ ਵਿੱਚ ਰਹਿੰਦਿਆਂ ਹੋਇਆ ਮਾਇਆ ਦੇ ਬੰਧਨਾ ਤੋਂ ਮੁਕਤ ਹੋ ਕੇ ਰਹਿਣਾ ਚਾਹੀਦਾ ਹੈ। ਇਹ ਉਪੋਦਸ਼ ਆਪਣੇ ਆਪ ਵਿੱਚ ਬੜਾ ਪ੍ਰਭਾਵਸ਼ਾਲੀ ਅਤੇ ਕ੍ਰਾਂਤੀਕਾਰੀ ਸੀ।

ਗੁਰੂ ਸਾਹਿਬ ਨੇ ਫੋਕੇ ਕਰਮ ਕਾਡਾਂ, ਤੀਰਥ ਯਾਤਰਾਵਾਂ ਤੇ ਫਜ਼ੂਲ ਦਿਖਾਵੇ ਦੀਆਂ ਰਸਮਾਂ ਦਾ ਖੰਡਨ ਕੀਤਾ। ਇਨ੍ਹਾਂ ਗੱਲਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਦਾ ਬ੍ਰਹਮਵਾਦ ਵਿੱਚ ਕੋਈ ਵਿਸ਼ਵਾਸ਼ ਨਹੀਂ ਸੀ। ਜਦੋਂ ਕਿਸੇ ਵਿਚਾਰ ਜਾਂ ਸਿਧਾਂਤ ਵਿੱਚ ਕਿਸੇ ਦਾ ਵਿਸ਼ਵਾਸ਼ ਨਾ ਹੋਵੇ, ਉਦੋਂ ਉਹ ਉਸਨੂੰ ਮੰਨ ਨਹੀਂ ਸਕਦਾ। ਜਦੋਂ ਕੋਈ ਗੱਲ ਮੰਨੀ ਜਾਵੇ ਤਾਂ ਸਾਫ ਸਿੱਧਾ ਭਾਵ ਹੁੰਦਾ ਹੈ ਕਿ ਉਸ ਗੱਲ ਦੀ ਵਿਰੋਧਤਾ ਕੀਤੀ ਜਾ ਰਹੀ ਹੈ। ਆਪ ਨੇ ਕੇਵਲ ਫੋਕਟ ਕਰਮ-ਕਾਡਾਂ ਦਾ ਖੰਡਨ ਹੀ ਨਹੀਂ ਕੀਤਾ ਸਗੋਂ ਅਜਿਹੀਆਂ ਸੰਸਥਾਵਾਂ ਕਾਇਮ ਕੀਤੀਆਂ, ਜਿਨ੍ਹਾਂ ਦੁਆਰਾ ਇਨ੍ਹਾਂ ਬੁਰਿਆਈਆਂ ਤੇ ਫੋਕੇ ਰਸਮਾਂ ਰਿਵਾਜਾਂ ਉੱਤੇ ਸੱਟ ਮਾਰੀ ਜਾ ਸਕੇ।

ਆਪ ਨੇ ਵਹਿਮ ਰਹਿਤ, ਵਿਤਕਰੇ-ਰਹਿਤ, ਜ਼ਾਤਪਾਤ-ਰਹਿਤ ਅਤੇ ਬੁੱਤ ਪੂਜਾ ਰਹਿਤ ਸਮਾਜ ਦਾ ਨਿਰਮਾਣ ਕਰਨ ਲਈ ਸੰਗਤ ਤੇ ਪੰਗਤ ਦੀਆਂ ਦੋ ਮਹੱਤਵਪੂਰਨ ਸੰਸਥਾਵਾਂ ਕਾਇਮ ਕੀਤੀਆਂ। ਇਹ ਦੋਵੇਂ ਸੰਸਥਾਵਾਂ ਗੁਰੂ ਜੀ ਦੇ ਨਿੱਜੀ ਤਜਰਬੇ ਦੀ ਕਾਢ ਸੀ। ਇਨ੍ਹਾਂ ਤਾ ਆਧਾਰ ਹਿੰਦੂ-ਦਰਸ਼ਨ ਮੂਲੋ ਹੀ ਨਹੀਂ ਸੀ। ਸੰਗਤ ਵਿੱਚ ਵੱਡੇ ਤੋਂ ਵੱਡੇ, ਛੋਟੇ ਤੋਂ ਛੋਟੇ ਮਨੁੱਖ ਭਾਵੇਂ ਕਿਸੇ ਜਾਤ ਜਾਂ ਬਰਾਦਰੀ ਦਾ ਹੋਵੇ, ਭਰੋਸੇ ਵਿੱਚ ਬੈਠ ਸਕਦਾ ਤੇ ਪੂਜਾ ਪਾਠ ਕਰ ਸਕਦਾ ਸੀ। ਇਸ ਤਰ੍ਹਾਂ ਲੰਗਰ ਵਿੱਚ ਬਿਨਾਂ ਕਿਸੇ ਵਿਤਕਰੇ ਦੇ ਇਕੋਂ ਪੰਗਤ ਵਿੱਚ ਬੈਠ ਕੇ ਪਰਸ਼ਾਦਾ ਛਕਿਆ ਜਾਂਦਾ ਸੀ। ਇਨ੍ਹਾਂ ਸੰਸਥਾਵਾਂ ਦੀ ਸਥਾਪਨਾ ਇਸ ਗੱਲ ਦਾ ਪਰਮਾਣ ਸੀ ਕਿ ਗੁਰੂ ਸਾਹਿਬ ਨਵੀਆਂ ਲੀਹਾਂ ਪਾਉਣ ਦੇ ਸਮਰੱਥ ਸਨ। ਗੁਰੂ ਸਾਹਿਬ ਨੇ ਮਨੁੱਖ ਦੀ ਮਹੱਤਤਾ ਨੂੰ ਬਿਲਕੁਲ ਨਹੀਂ ਝੁਟਲਾਇਆ, ਸਗੋਂ ਮਨੁੱਖ ਨੂੰ ਸਮਾਜ ਦਾ ਮਹੱਤਵਪੂਰਨ ਅੰਗ ਮੰਨ ਕੇ ਉਸਦੀ ਵਡਿਆਈ ਨੂੰ ਕਬੂਲਿਆ ਹੈ। ਆਪ ਦਾ ਫੁਰਮਾਨ ਹੈ **"ਅਵਰ ਜੋਨਿ ਤੇਰੀ ਪਨਿਹਾਰੀ। ਇਸ ਧਰਤੀ ਮਹਿ ਤੇਰੀ ਸਿਕਦਾਰੀ।।"** ਆਪ ਜੀ ਦੇ ਵਿਚਾਰ ਅਨੁਸਾਰ ਸੁਚੱਜੇ ਸਮਾਜ ਦੇ ਨਿਰਮਾਣ ਲਈ ਮਨੁੱਖਾ ਦੀ ਸਰਬਪੱਖੀ ਸੁਚੱਜਤਾ ਦੀ ਲੋੜ ਹੈ। ਆਪ ਨੇ ਬੜੀ ਦਲੇਰੀ ਨਾਲ ਸਮਕਾਲੀ ਰਾਜਨੀਤੀ ਦੀ ਆਲੋਚਨਾ ਕੀਤੀ। ਆਪ ਨੇ ਸਮਕਾਲੀ ਲੋਧੀ ਬਾਦਸ਼ਾਹ ਨੂੰ "ਸ਼ੀਹ" ਕਿਹਾ ਤੇ ਮੁਕੱਦਮਾਂ ਨੂੰ "ਕੁੱਤੇ" ਕਹਿਣ ਦਾ ਸਾਹਸ ਕੀਤਾ। ਆਪ ਜੀ ਦਾ ਕਥਨ ਹੈ- **"ਰਾਜੇ ਸ਼ੀਹ ਮੁਕਦਮ ਕੁੱਤੇ ਜਾਇ ਜਗਾਇਣ ਬੈਠੇ ਸੁੱਤੇ।।"** ਬਾਬਰ ਦੇ ਹਿੰਦੁਸਤਾਨ ਉੱਤੇ ਆਕਰਮਣ ਨੂੰ ਗੁਰੂ ਸਾਹਿਬ ਨੇ "ਰੱਬੀ ਕਰੋਪੀ" ਨਹੀਂ ਮੰਨਿਆ, ਸਗੋਂ ਹਿੰਦੁਸਤਾਨੀਆਂ ਦੀ ਅਧੋਗਤੀ ਦਾ ਪ੍ਰਤੀ-ਫਲ ਮੰਨ ਕੇ ਫੁਰਮਾਇਆ, **"ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ।। ਅਗੋ ਦੇ ਜੇ ਚੇਤੀਐ ਤਾ ਕਾਇਤੁ ਮਿਲੈ ਸਜਾਇ।। ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ।।"** ............... **"ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ।। ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ।।"** (ਪੰਨਾ ੪੧੭) ਇਸ ਤਰ੍ਹਾ ਦੀ ਸੋਚ ਕੇਵਲ ਦਲੇਰ ਨਿੱਡਰ ਕ੍ਰਾਂਤੀਕਾਰੀ ਦੀ ਹੀ ਹੋ ਸਕਦੀ ਹੈ। ਆਪ ਨੇ ਦਿਲ ਦੀ ਗੱਲ ਕਹਿਣ ਲੱਗਿਆਂ ਕੋਈ ਝਿਜਕ ਮਹਿਸੂਸ ਨਹੀਂ ਕੀਤੀ ਸਗੋਂ ਜੋ ਕੁੱਝ ਕਿਹਾ ਹੈ ਗੱਜ-ਵੱਜ ਕੇ ਕਿਹਾ ਹੈ। ਡਾ: ਗੋਕਲ ਚੰਦ ਨਾਰੰਗ ਅਨੁਸਾਰ "ਗੁਰੂ ਸਾਹਿਬ ਤੋਂ ਪਹਿਲਾ ਹੋਏ ਸਭ ਭਗਤਾਂ ਦਾ ਦ੍ਰਿਸ਼ਟੀਕੋਣ ਸੌੜਾ, ਰਸਮੀ ਤੇ ਫਿਰਕੂ ਸੀ ਪਰ ਇਸ ਦੇ ਵਿਪਰੀਤ ਗੁਰੂ ਨਾਨਕ ਸਾਹਿਬ ਦਾ ਨਜ਼ਰੀਆਂ ਵਿਸ਼ਾਲ, ਅਸੀਮਤ ਤੇ ਚੌੜਾ ਸੀ। ਜਿੱਥੇ ਬਾਕੀ ਭਗਤ ਸੰਸਾਰ ਨੂੰ ਨਾਸ਼ਵਾਨ ਕਹਿ ਕੇ ਇਸ ਨੂੰ ਛੱਡਣ ਦਾ ਪ੍ਰਚਾਰ ਕਰਦੇ ਰਹੇ, ਉੱਥੇ ਗੁਰੂ ਨਾਨਕ ਸਾਹਿਬ ਦਾ ਉਪਦੇਸ਼ ਹੈ ਕਿ ਸੰਸਾਰ, ਰੱਬ ਸੱਚੇ ਦੀ ਕੋਠੜੀ ਹੈ ਤੇ ਉਹ ਸੱਚਾ ਆਪ ਇਸ ਵਿੱਚ ਵਾਸ ਕਰਦਾ ਹੈ। ਇਸ ਨੂੰ ਛੱਡਣ ਦੀ ਲੋੜ ਨਹੀਂ। ਗੁਰੂ ਸਾਹਿਬ ਦੇ ਨਰੋਏ ਵਿਚਾਰਾਂ ਨੇ ਦਿਖਾਵੇ ਦੇ ਧਰਮ ਤੇ ਕਰੜੀ ਸੱਟ ਮਾਰੀ। ਇਸ ਲਈ ਹੌਲੇ ਹੌਲੇ ਉਨ੍ਹਾਂ ਦੇ ਅਨੁਆਈਆਂ ਨੇ ਆਪਣੇ ਆਪ ਨੂੰ ਵੱਖਰੇ ਤੇ ਯਥਾਰਥਕ ਧਰਮ ਵਿੱਚ ਸੰਗਠਿਤ ਕਰ ਲਿਆ, ਜਿਸ 'ਚ ਵਿਖਾਵੇ ਦੇ ਧਰਮ ਦੀਆਂ ਰਸਮਾਂ ਰੀਤਾਂ ਲਈ ਕੋਈ ਥਾਂ ਨਹੀਂ ਸੀ। ਇਹ ਸਹਿਜ-ਯੋਗ ਦਾ ਮਾਰਗ ਸੀ, ਜਿਸ ਨੂੰ ਗੁਰੂ ਨਾਨਕ ਸਾਹਿਬ ਨੇ ਸੰਸਾਰ ਦੇ ਲੋਕਾਂ ਨੂੰ ਦਿਖਾਇਆ। ਇਸ ਲਈ ਭੱਟ ਕਲ "ਸਵਈਏ ਮਹਲੇ ਪਹਿਲੇ ਕੇ ੧" ਵਿੱਚ ਲਿਖਦਾ ਹੈ **"ਜਪੁ ਕਲ ਸੁਜਸੁ ਨਾਨਕ ਗੁਰ,**

**ਸਹਜੁ ਜੋਗੁ ਜਿਨਿ ਮਾਣਿਓ।"**

* * * * *


www.AKJ.Org

# ਸੁਧਾਰਕ ਗੁਰੂ ਨਾਨਕ

(ਸ੍ਰ: ਸੁਰਜੀਤ ਸਿੰਘ 'ਸਾਜਨ')

ਜਨਮ ਸਾਖੀ ਦਾ ਲਿਖਾਰੀ ਸ੍ਰੀ ਮਿਹਰਬਾਨ ਸੋਢੀ ਇੱਕ ਥਾਂ ਤੇ ਬੜਾ ਸੁੰਦਰ ਲਿਖਦਾ ਹੈ:-

'ਤਬ ਗੁਰੂ ਬਾਬਾ ਨਾਨਕ ਜੀ ਸ੍ਰੀ ਗੰਗਾ ਜੀ, ਹਰਿਦੁਆਰ ਕੇ ਵੈਸਾਖੀ ਕੇ ਨਾਵਣ ਕਾ ਕਾਉਤਕ ਦੇਖਿ ਕਰ ਅਗਮ ਕਉ ਚਲਿਆ। ਤਬ ਜਾਤੇ ਜਾਤੇ ਪੂਰਬ ਕੀ ਧਰਤੀ ਪਿਰਾਗ ਜਾਇ ਨਿਕਲੇ। ਤਬ ਜਹਾਂ ਗੰਗਾ ਜਮਨਾ ਸੁਰਸਤੀ ਤਿਬੇਣੀ ਸੰਗਮੁ ਹੈ, ਤਿਸੁ ਉਪਰ ਗੁਰੂ ਬਾਬਾ ਨਾਨਕ ਜੀ ਜਾਇ ਪ੍ਰਾਪਤ ਭਏ। ਤਬ ਲੋਕ ਗੁਰੂ ਬਾਬੇ ਪਾਸ ਆਇ ਜੁੜ ਗਏ। ਲੋਗਹੁ ਗੁਰੂ ਬਾਬੇ ਜੀ ਕਾ ਨਾਮ ਸੁਣਿਆ ਤਹਾਂ ਸਭ ਲੋਗ ਆਏ ਚਰਨੀ ਲਾਗੇ। ਤਬ ਏਕਿ ਗੋਬਿੰਦ ਲੋਕ ਆਏ, ਤਿਨਹੁ ਆਏ ਗੁਰੂ ਬਾਬੇ ਜੀ ਕਉ ਰਾਮ ਰਾਮ ਕਰੀ, ਨਮਸਕਾਰ ਕੀਆ, ਅਰ ਪਰਦੱਖਣਾ ਦੇ ਕਰਿ, ਚਰਨ ਬੰਦਨਾਂ, ਕਰਿ ਕੈ ਬੈਠਿ ਗਏ। ਤਬ ਗੁਰੂ ਬਾਬਾ ਨਾਨਕ ਜੀ ਉਨ੍ਹਾਂ ਕਉ ਬਹੁਤ ਭਾਉ-ਪ੍ਰੀਤ ਸਾਥ ਲਗਾ ਬੁਲਾਵਣੇ। ਤਬ ਉਇ ਗੁਰੂ ਬਾਬੇ ਜੀ ਕੇ ਅੰਮ੍ਰਿਤ ਬਚਨ ਸੁਨਿ ਕਰ ਬਹੁਤ ਹਰਖਵੰਤ ਭਏ। ਤਬ ਗੁਰੂ ਬਾਬਾ ਜੀ ਉਨਾ ਸਾਥਿ ਲਾਗਾ ਪਰਮੇਸਰੁ ਕੀਆਂ ਬਾਤਾਂ ਕਰਨੇ। ਤਬ ਉਨਹ ਕਹਿਆ ਜਿ ਗੁਰਦੇਵ ਜੀਸ ਅਬ ਤੂ ਖੁਸੀ ਕੇ ਘਰਿ ਬਾਤਾਂ ਕਰਤਾ ਹੈ, ਏਕ ਬਾਤ ਹਮ ਕੋ ਪੂਛਨੀ ਹੈ ਜੇ ਤੂ ਆਗਿਆ ਕਰਹਿ ਤਉ ਬੇਨਤੀ ਕਰਹਿ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਪੁਰਖਹੁ ਕਿਛੁ ਤੁਮਹੁ ਕਾਈ ਬਾਤ ਪੂਛਨੀ ਹੈ, ਸੋ ਨਿਸੰਕਿ ਹੋਇ ਕੇ ਪੂਛਹੁ, ਮੈਂ ਖੁਸੀ ਹੋ, ਤੁਮ ਸੰਕੋਚ ਮਤ ਕਰਹੁ। ਤਬ ਗੁਰੂ ਬਾਬੇ ਨਾਨਕ ਜੀ ਕੀ ਆਗਿਆ ਸਾਥਿ ਬੋਲਿ ਉਠੇ ਜਿ ਗੁਰਦੇਵ ਜੀ : ਹਮਾਰੀ ਇਹ ਬੇਨਤੀ ਹੈ ਜਿ ਜੀ ਏਕਿ ਐਸੇ ਹਠੀ ਜੀਅ ਹੈਂਨਿ ਜਿ ਸਿਰਿ ਕਲਵਤ੍ਰ ਧਰਾਵਤੇ ਹੈ ਅਰੁ ਦੇਹਿ ਤਿਆਗਤੇ ਹੈ, ਅਰਧ ਦੁਖ ਸਹਤੇ ਹੈ, ਅਰ ਇਕਿ ਦੇਹਂ ਕਉ ਸੁਖੀ ਰਾਖਤੇ ਹੈ, ਕਹਤੇ ਹੈ ਜਿ ਆਤਮਾ ਰਾਮ ਹੈ, ਹਮ ਇਸ ਕੋ. ਦੁਖ ਨਾਹੀ ਦੇਤੇ, ਏਹੀ ਰਾਮ ਹੈ। ਅਰ ਇਕਿ ਤਪੱਸਿਆ ਕਰਤੇ ਹੈ ਅਰੁ ਇਕਿ ਅਗਨਿ ਤਪੁ ਕਰਤੇ ਹੈ, ਇਕਿ ਜਲੁ ਤਪੁ ਕਰਤੇ ਹੈ, ਇਕਿ ਮੂੰਡਿ ਮੁੰਡਾਇ ਕਰ ਦੇਸੰਤਰੀ ਭ੍ਰਮਤੇ ਹੈਨਿ ਅਰੁ ਇਕ ਨਾਂਗੇ ਹੀ ਰਹਤੇ ਹੈ, ਸੰਗਲ ਗਲਿ ਬਾਹਿ ਕਰਿ ਫਿਰਤੇ ਹੈ, ਇਕਿ ਉਰਧੁ ਤਪੁ ਕਰਤੇ ਹੈ-ਇਕਿ ਉਦਿਆਨ ਹੀ ਮਹਿ ਰਹਤੇ ਹੈ।। ਇਕਿ ਬੈਠੇ ਹੀ ਰਹਤੇ ਹੈ-ਇਕਿ ਫਿਰਿਆ ਹੀ ਕਰਤੇ ਹੈ-ਨਗਰੀ ਮਹਿ ਨਾਹੀ ਜੀ, ਅਨੇਕ ਸੇਵਾ ਹੈ ਅਰੁ.ਅਨੇਕ ਸੇਵਾ ਕਰਨ ਹਾਰੇ ਹੈ ਜੀ, ਸ੍ਰੀ ਪਾਰਬ੍ਰਹਮ ਕਿਸ ਸੇਵਾ ਕਰਿ ਕਰਿ ਮਿਲਤਾ ਹੈ ਜੀ ? ਤੁਮ ਕਿਰਪਾਲ ਹੋਇ ਹਮ ਕਉ ਸਮਝਾਇ ਦੇਹੁ।

ਤਬ ਗੁਰੂ ਬਾਬੇ ਨਾਨਕ ਜੀ ਉਪਦੇਸ਼ ਬਾਣੀ ਬੋਲੀ :-

**ਨਾ ਸਤਿ ਦੁਖੀਆ ਨਾ ਸਤਿ ਸੁਖੀਆ.**
**ਨਾ ਸਤਿ ਪਾਣੀ ਜੰਤ ਫਿਰਹਿ।।**
**ਨਾ ਸਤਿ ਮੂੰਡ ਮੁਡਾਈ ਕੇਸੀ.**
**ਨਾ ਸਤਿ ਪੜਿਆ ਦੇਸ ਫਿਰਹਿ।।**
**ਨਾ ਸਤਿ ਰੁਖੀ ਬਿਰਖੀ ਪੱਥਰ.**
**ਆਪੁ ਤਛਾਵਹਿ ਦੁਖ ਸਹਹਿ।।**
**ਨਾ ਸਤਿ ਹਸਤੀ ਬਧੇ ਸੰਗਲ.**
**ਨਾ ਸਤਿ ਗਾਈ ਘਾਹੁ ਚਰਹਿ।।**
**ਜਿਸੁ ਹਥਿ ਸਿਧਿ ਦੇਵੈ ਜੇ ਸੋਈ.**
**ਜਿਸ ਨੋ ਦੇਇ ਤਿਸੁ ਆਇ ਮਿਲੈ।।**
**ਨਾਨਕ ਤਾ ਕਉ ਮਿਲੈ ਵਡਾਈ.**
**ਜਿਸ ਘਟ ਭੀਤਰਿ ਸਬਦ ਰਵੈ।।** (ਪੰਨਾ ੯੫੨)

ਉਕਤ ਪੁਰਾਣਿਕ, ਸਵਿਸਥਾਰ-ਪ੍ਰਮਾਣੀਕ ਪ੍ਰਮਾਣ ਤੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਇਕ ਮਹਾਨ ਸੁਧਾਰਕ ਸਨ। ਅਜਿਹੇ ਸੁਧਾਰਕ, ਜਿਨ੍ਹਾਂ ਨੇ ਸਮਾਜ ਵਿੱਚ, ਧਰਮ ਵਿੱਚ, ਰਾਜਨੀਤੀ ਵਿੱਚ, ਹਰ ਪੱਖੋਂ ਪਈ ਹੀਣਤਾਂ ਦੇ ਪੱਖ ਨੂੰ ਪੂਰਿਆ।

ਸਤਿਗੁਰੂ ਜੀ ਦੇ ਕੀਤੇ ਕੁਝ ਕੁ ਸੁਧਾਰ-

੧. **ਜਨੇਊ** :- ਪੁਰਾਤਨ ਸੰਸਕ੍ਰਿਤੀ ਨੇ ਉਸ ਸਮੇਂ ਜਨ-ਸੁਧਾਰਨ ਵਿੱਚ ਇਹ ਗੱਲ ਆਮ ਵਹਿਮ ਬਣਾ ਕੇ ਭਰ ਦਿੱਤੀ ਹੋਈ ਸੀ ਕਿ ਜੋ ਬ੍ਰਹਮਣ, ਖੱਤਰੀ ਸੂਤ ਦਾ ਜਨੇਊ ਵੱਟ ਕੇ ਗਲੇ ਵਿੱਚ ਨਹੀਂ ਪਾਂਦਾ ਉਹ ਅਮੁਕਤ ਰਹਿੰਦਾ ਹੈ-ਮੁਕਤ ਨਹੀਂ ਹੋਦਾਂ। ਇਸ ਆਧਾਰ ਤੇ ਬ੍ਰਹਮਣਾ ਪੰਡਤਾਂ, ਪਰੋਹਤਾਂ ਦੇ ਹਲਵੇ-ਮੰਡੇ ਵਾਹਵਾ ਤੁਰੇ ਹੋਏ ਸਨ। ਕੋਈ ਅਜੇਹਾ ਨਹੀਂ ਸੀ ਜੋ ਉਨ੍ਹਾਂ ਨੂੰ ਇਸ ਦਾ ਪਰਮਾਰਥ ਪੁੱਛ ਸਕੇ। ਸਭੇ ਸਿਰ ਨੀਵਾਂ ਕਰਕੇ ਉਨ੍ਹਾਂ (ਬ੍ਰਹਮਣਾਂ) ਦੇ ਪਦ ਚਿੰਨਾਂ ਪਿੱਛੇ ਚਲੇ ਜਾ ਰਹੇ ਸਨ ਤੇ ਵਹਿਮ ਦਾ ਤਾਣਾ ਹੋਰ ਗੁੰਝਲ ਬਣ ਕੇ ਤੰਨਦਾ ਜਾ ਰਿਹਾ ਸੀ।

ਕੁਲ-ਰੀਤ ਅਨੁਸਾਰ ਜਦੋਂ ਬਾਲਕ ਨੌਂ ਵਰ੍ਹਿਆਂ

ਦੇ ਹੋਏ ਤਾਂ ਕੁਲ ਪ੍ਰੋਹਤ ਨੇ ਧਾਗਿਆਂ ਦਾ ਜਨੇਊ ਗੁਰੂ ਬਾਬੇ ਗਲ ਪਾਉਣ ਲਈ ਆਖਿਆ। ਮਹਿਤਾ ਕਾਲੂ ਜੀ ਤੇ ਪ੍ਰਵਾਰ ਇਕੱਠਾ ਹੋ ਬੈਠਾ। ਜਦੋਂ ਜਨੇਊ ਪਾਵਣ ਲੱਗੇ ਤਾਂ ਬਾਲਕ ਨਾਨਕ ਨੇ ਪ੍ਰੋਹਤ ਦਾ ਹੱਥ ਫੜ ਲਿਆ। ਪੁੱਛਿਆ ਸੁ-

*'ਪੁਰਖਾ ਇਸ ਦਾ ਕੀ ਲਾਭ ?'*

ਤਾਂ ਪ੍ਰੋਹਤ ਨਿਰੁੱਤਰ ਹੋ ਗਿਆ ਤਾਂ ਸਤਿਗੁਰੂ ਬਾਲਕ ਨਾਨਕ ਨੇ ਬਾਣੀ ਗਾਵੀ :-

**ਦਇਆ ਕਪਾਹ ਸੰਤੋਖੁ ਸੂਤੁ.**
**ਜਤੁ ਗੰਢੀ ਸਤੁ ਵਟੁ।।**
**ਏਹੁ ਜਨੇਊ ਜੀਅ ਕਾ.**
**ਹਈ. ਤ ਪਾਂਡੇ ਘਤੁ।।**
**ਨਾ ਏਹੁ ਤੁਟੈ ਨਾ ਮਲੁ ਲਗੈ.**
**ਨਾ ਏਹੁ ਜਲੈ ਨਾ ਜਾਇ।।**
**ਧੰਨੁ ਸੁ ਮਾਣਸ ਨਾਨਕਾ.**
**ਜੋ ਗਲਿ ਚਲੇ ਪਾਇ।।** (ਆਸਾ ਕੀ ਵਾਰ)

'ਜੇ ਏਹੋ ਜੇਹਾ ਕੋਈ ਜਨੇਊ ਤੇਰੇ ਪਾਸ ਹੈ ਤਾਂ ਮੇਰੇ ਗਲ ਵਿਚ ਪਾ ਦੇਹ। ਉਸ ਜਨੇਊ ਦਾ ਕੀ ਪਾਉਣਾ ਜੋ ਕੁਝ ਸਮੇਂ ਮਗਰੋਂ ਘਸ ਜਾਵੇ, ਟੁੱਟ ਜਾਵੇ।'

ਤਾਂ ਬ੍ਰਹਮਣ ਕਹਿਆ...... *"ਜਿ, ਜੀ ਏਹੁ ਤਾਂ ਅਸਾਂ ਜਿ ਵਟਿਆ ਸੰਸਾਰ ਦਾ ਵੇਖਾਲਾ ਹੈ, ਜਿਉਂ ਜਨੇਉ ਤੂ ਕਹਿੰਦਾ ਹੈ ਤਿਵੇਂ ਹੈ ਪਾਣ ਜੀ ਜਿਸ ਤਗ ਨੇ ਜੋਰ ਹੈ, ਨਾਹੀਂ ਟੁਟਦਾ, ਧੁਰਿ ਪਹੁੰਚਦਾ ਹੈ, ਤੁੱਟਦਾ ਨਾਹੀ ਇਸ ਤਰ੍ਹਾਂ ਦਾ ਪਰਮਾਰਥ ਸੁਣਾਈਐ।।"* (ਜਨਮ ਸਾਖੀ)

ਤਾਂ ਬ੍ਰਹਮਣ ਤੇ ਹੋਰ ਜਿਤਨੇ ਦਰਸ਼ਕ ਬੈਠੇ ਸੀ ਸਭ *"ਧੰਨ ਹੈ ਤੂ ਬਾਲਕ ਧੰਨ ਹੈ, ਗੁਰੂ ਨਾਨਕ ਤੇਰੀ ਮਹਿਮਾ ਅਪਾਰ ਹੈ।"* ਬੋਲ ਉੱਠੇ। ਪ੍ਰੋਹਤ, ਬਾਲਕ ਗੁਰੂ ਜੀ ਦਾ ਸ਼ਰਧਾਲੂ ਬਣਿਆ, ਚਰਨ ਛੋਹੇ ਤੇ ਸੱਚਮੁੱਚ ਦੇ ਜਨੇਊ ਦਾ ਧਾਰਨੀ ਹੋਣ ਦਾ ਪ੍ਰਣ ਕੀਤਾ। ਭਾਵੇਂ ਕੋਈ ਅੱਜ ਵੀ ਕਿਉਂ ਨਾ ਧਾਗੇ ਦੇ ਜਨੇਊ ਵੱਟ ਪਾਉਂਦਾ ਰਹੇ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਕਰ ਦੱਸਿਆ ਉਹ ਪੱਥ ਤੇ ਖੜ੍ਹਾ ਇਕ ਚਾਨਣ-ਮੀਨਾਰ ਹੈ ਜੋ ਸਹੀ ਰਸਤਾ ਦਿਖਾ ਰਿਹਾ ਹੈ, ਜੇ ਕੋਈ ਸਮਝਦਾ ਹੋਇਆ ਵੀ ਉਸ ਰਸਤੇ ਤੇ ਨਹੀਂ ਚਲਦਾ ਤਾਂ ਇਹ ਉਸਦਾ ਆਪਣਾ ਕਸੂਰ ਹੈ - ਚਾਨਣ ਮੀਨਾਰ ਦਾ ਨਹੀਂ।

੨. **ਪਿੰਡੁ ਪਤਲੁ ਮੇਰੀ ਕੇਸਉ**....... ਹਿੰਦੂਆਂ ਵਿੱਚ ਜਦੋਂ ਕੋਈ ਪ੍ਰਾਣੀ ਮਰਦਾ ਹੈ ਤਾਂ ਉਸ ਨੂੰ ਅਗਨ ਭੇਟਾ ਕਰਨ ਤੋਂ ਪਹਿਲਾਂ ਤੇ ਮਗਰੋਂ ਕਈ ਤਰ੍ਹਾਂ ਦੀਆਂ ਰਸਮਾਂ ਦੀ ਪੂਰਤੀ ਕੀਤੀ ਜਾਂਦੀ ਹੈ। ਜਿਵੇਂ ਪਿੰਡ ਭਰਾਣੇ, ਦੀਵੇ ਜਗਾਣੇ, ਘੜਾ ਭੰਨਣਾ, ਮਰੇ ਪ੍ਰਾਣੀ ਦੇ ਫੁੱਲ ਚੁੱਗ ਕੇ ਹਰਦੁਆਰ ਪਾਣੀ ਵਿੱਚ ਪਾਉਣੇ ਆਦਿ। ਉਨ੍ਹਾਂ ਦੇ ਗ੍ਰੰਥਾਂ ਦਾ ਵੀਚਾਰ ਹੈ ਕਿ ਜੇ ਇਹ ਕਾਰਜ ਨਾ ਕੀਤਾ ਜਾਵੇ ਤਾਂ ਮਰੇ ਪ੍ਰਾਣੀ ਦੀ ਗਤੀ ਨਹੀਂ ਹੁੰਦੀ ਤੇ ਉਹ ਅਵਗਤ ਹੀ ਫਿਰਦਾ ਹੈ। ਇਹ ਵੀ ਇਕ ਢੋਂਗ ਹੀ ਸੀ ਰਚਾਇਆ ਹੋਇਆ ਬ੍ਰਹਮਣਾਂ, ਪ੍ਰੋਹਤਾਂ ਨੇ ਹਲਵੇ ਮੰਡੇ ਖਾਣ ਦਾ। ਸ੍ਰੀ ਗੁਰੂ ਨਾਨਕ ਜੀ ਨੇ ਜਦ ਦੇਖਿਆ ਕਿ ਵਹਿਮ ਤਾਂ ਲੋਕਾਂ ਦੇ ਧੁਰ ਅੰਦਰ ਘਰ ਕਰ ਬੈਠਾ ਹੈ ਤਦ ਬ੍ਰਹਮਣਾਂ, ਪ੍ਰੋਹਤਾਂ ਤੇ ਜਗਿਆਸੂਆਂ ਨੂੰ ਉਪਦੇਸ਼ ਕੀਤਾ :-

**ਦੀਵਾ ਮੇਰਾ ਏਕੁ ਨਾਮੁ.**
**ਦੁਖੁ ਵਿਚਿ ਪਾਇਆ ਤੇਲੁ।।**
**ਉਨਿ ਚਾਨਣਿ ਓਹੁ ਸੋਖਿਆ.**
**ਚੂਕਾ ਜਮ ਸਿਉ ਮੇਲੁ।।੧।।**
**ਲੋਕਾ ਮਤ ਕੋ ਫਕੜਿ ਪਾਇ।।**
**ਲਖ ਮੜਿਆ ਕਰਿ ਏਕਠੇ.**
**ਏਕ ਰਤੀ ਲੇ ਭਾਹਿ।।੧।। ਰਹਾਉ।।**
**ਪਿੰਡੁ ਪਤਲਿ ਮੇਰੀ ਕੇਸਉ**
**ਕਿਰਿਆ ਸਚੁ ਨਾਮੁ ਕਰਤਾਰੁ।।**
**ਐਥੈ ਓਥੈ ਆਗੈ ਪਾਛੈ.**
**ਏਹੁ ਮੇਰਾ ਆਧਾਰੁ।।੨।।**
**ਗੰਗ ਬਨਾਰਸਿ ਸਿਫਤਿ ਤੁਮਾਰੀ.**
**ਨਾਵੈ ਆਤਮਰਾਉ।।**
**ਸਚਾ ਨਾਵਣੁ ਤਾਂ ਥੀਐ.**
**ਜਾਂ ਅਹਿਨਿਸਿ ਲਾਗੈ ਭਾਉ।।੩।।**
**ਇਕ ਲੋਕੀ ਹੋਰੁ ਛਮਿਛਰੀ.**
**ਬ੍ਰਹਮਣੁ ਵਟਿ ਪਿੰਡੁ ਖਾਇ।।**
**ਨਾਨਕ ਪਿੰਡੁ ਬਖਸੀਸ ਕਾ.**
**ਕਬਹੂੰ ਨਿਖੂਟਸਿ ਨਾਹਿ।।੪।।੨।।੩੨।।**

(ਆਸਾ ਮ: ੧, ਪੰਨਾ ੩੫੮)

੩. **ਕਰਮ ਕਾਂਡ ਦੀ ਨਿਖੇਧੀ** :- ਤਬ ਗੁਰੂ ਬਾਬਾ ਨਾਨਕ ਜੀ ਪੂਰਬ ਕੀ ਧਰਤੀ ਗੰਗਾ ਤੀਰਥਿ ਪੁਰਬ ਕੈ ਸਮੇ ਨਾਵਣ ਕਉ ਜਾਇ ਪ੍ਰਾਪਤ ਹੋਆ। ਤਬ ਗੁਰੂ ਬਾਬਾ ਨਾਨਕ ਜੀ ਊਹਾ ਗਇਆ। ਤਬ ਸਭ ਲੋਕ ਜਿਤਨੇ ਥੇ ਸਭਿ ਲੇ ਉਠੇ ਜਿ ਗੁਰੂ ਬਾਬਾ ਨਾਨਕ ਜੀ


www.AKJ.Org

ਗੰਗਾ ਆਇਆ, ਗੁਰੂ ਨਾਨਕ ਜੀ ਈਹਾ ਆਇਆ। ਜਿਤਨੇ ਲੋਗ ਥੇ ਤਿਤਨੇ ਸਭਿ ਆਏ ਲਾਗੇ ਦਰਸ਼ਨ ਕਰਨੇ। ਇਕ ਮਹਾ ਪੂਰਨ ਜਿ ਗਿਆਨੀ ਥੇ, ਤਿਨਹੁ ਕਹਿਆ ਜਿ ਬਾਬਾ ਨਾਨਕ ਜੀ ਆਇਆ ਹੈ, ਜਿ ਕਾਈ ਬਾਤ ਪੂਛਨੀ ਹੈ ਸਿ ਅਜੁ ਪੂਛ ਲੇਹੁ।।

ਤਬ ਗੁਰੂ ਬਾਬੇ ਨਾਨਕ ਜੀ ਪਹਿ ਉਨਹੁ ਬੇਨਤੀ ਕਰੀ ਜਿ *"ਬਾਬਾ ਨਾਨਕ ਜੀ ਏਕ ਬੇਨਤੀ ਪੂਛਨੇ ਕੀ ਹਮਾਰੇ ਜੀ ਹੈ ਕਿ ਆਗਿਆ ਹੋਇ ਤਾਂ ਕਹਹਾ"* ਤਬ ਗੁਰੂ ਬਾਬੇ ਨਾਨਕ ਜੀ ਕਹਿਆ ਕਿ "ਭਲਾ ਹੋਇ, ਜੋ ਕਿਛ ਤੁਮਾਰੇ ਜੀ ਹੈ ਸੋ ਪੁਛੀਐ ਜੀ। ਤਬ ਉਨਹੁ ਗੋਬਿੰਦ ਲੋਕਹੁ ਕਹਿਆ ਬਲਿਹਾਰ ਜਾਉ ਬਾਬਾ ਜੀ। ਏਹਿ ਜਿ ਬੈਸਨਉ ਹੈ, ਚਉਕਾ ਦੇਦੇ ਹੈ ਕਾਰਾ ਕਢਤੇ ਹੈ, ਸੂਚਾ ਪਾਣੀ ਲੇ ਆਵਤੇ ਹੈ, ਕੋਰੀ ਗਗਰੀ ਨਿਤਾ ਪ੍ਰਤਿ ਕੋਰੀ ਹੀ ਕੋਰੀ ਅਰ ਖੀਰ ਭੋਜਨ ਕਰਤੇ ਹੈ, ਬਾਬਾ ਨਾਨਕ ਜੀ ਐਸੀ ਕਠਨੁ ਕਰਿ ਜੇਮਤੇ ਹੈ। ਕਿਛ ਏਹੁ ਬਾਤ ਭੀ ਪਰਮੇਸੁਰ ਲੇਖੈ ਪਵੇਗਾ ਕਿ ਨਾ ਪਵੇਗਾ ? ਤਬ ਗੁਰੂ ਬਾਬੇ ਨਾਨਕ ਜੀ ਬਸੰਤ ਰਾਗ ਮਹਿ ਬਾਨੀ ਬੋਲੀ ਜਿ :-

**ਸੁਇਨੇ ਕਾ ਚਉਕਾ ਕੰਚਨ ਕੁਆਰ।।**
**ਰੁਪੇ ਕੀਆ ਕਾਰਾ ਬਹੁਤ ਬਿਸਥਾਰੁ।।**
**ਗੰਗਾ ਕਾ ਉਦਕ ਕਰੰਤੇ ਕੀ ਆਗਿ।।**
**ਗਰੁੜਾ ਖਾਣਾ ਦੁਧ ਸਿਉ ਗਾਡਿ।।੧।।**
**ਰੇ ਮਨ ਲੇਖੈ ਕਬਹੂ ਨ ਪਾਇ।।**
**ਜਾਮਿ ਨ ਭੀਜੈ ਸਾਚ ਨਾਇ।।੧।। ਰਹਾਉ।।**
**ਦਸ ਅਠ ਲੀਖੇ ਹੋਵਹਿ ਪਾਸਿ।।**
**ਚਾਰੇ ਬੇਦ ਮੁਖਾਗਰ ਪਾਠਿ।।**
**ਪੁਰਬੀ ਨਾਵੈ ਵਰਨਾਂ ਕੀ ਦਾਤਿ।।**
**ਵਰਤ ਨੇਮ ਕਰੇ ਦਿਨ ਰਾਤਿ।।੨।।**
**ਕਾਜੀ ਮੁਲਾਂ ਹੋਵਹਿ ਸੇਖ।।**
**ਜੋਗੀ ਜੰਗਮ ਭਗਵੇ ਭੇਖ।।**
**ਕੋ ਗਿਰਹੀ ਕਰਮਾ ਕੀ ਸੰਧਿ।।**
**ਬਿਨੁ ਬੂਝੇ ਸਭ ਖੜੀਅਸਿ ਬੰਧਿ।।੩।।**
**ਜੇਤੇ ਜੀਅ ਲਿਖੀ ਸਿਰਿ ਕਾਰ।।**
**ਕਰਣੀ ਉਪਰਿ ਹੋਵਹਿ ਸਾਰ।।**
**ਹੁਕਮੁ ਕਰਹਿ ਮੂਰਖ ਗਾਵਾਰ।।**
**ਨਾਨਕ ਸਾਚੇ ਕੇ ਸਿਫਤਿ ਭੰਡਾਰ।।੪।।੩।।**

(ਬਸੰਤ ਮ: ੧, ਪੰਨਾ ੧੧੬੮)

ਤਦੋਂ ਉਹ ਲੋਕ ਗੁਰੂ ਨਾਨਕ ਬਾਬੇ ਜੀ ਦੀ ਚਰਨੀ ਆਇ ਪਏ, ਤਿੰਨਾਂ ਦਾ ਉਧਾਰ ਹੋਇਆ। (ਜਨਮ ਸਾਖੀ)

**੪. ਪਾਖੰਡ ਖੰਡਣ....** ਇਸੇ ਤਰ੍ਹਾਂ ਹੀ ਸਤਿਗੁਰੂ ਜੀ ਨੇ ਗੰਗਾ ਤੇ ਆਏ ਯਾਤਰੂਆਂ ਨਾਲ ਵਿਚਾਰ-ਵਿਮਰਸ਼ ਕੀਤੀ ਤੇ ਉਨ੍ਹਾਂ ਨੂੰ ਪਾਖੰਡ ਤੋਂ ਵਰਜਿਆ। ਉਨ੍ਹਾਂ ਫੁਰਮਾਇਆ, ਨਾਮ ਧਿਆਇਆ ਹੀ ਨਾਮੀ ਨੂੰ ਮਿਲੀਦਾ ਹੈ, ਹੋਰ ਪਾਖੰਡ ਰਾਸ ਨਹੀਂ ਆਉਂਦੇ। ਲਓ ਸੁਣੋ ਮੈਨੂੰ ਜੋ ਅਰਸ਼ੀ ਉਪਦੇਸ਼ ਹੋਇਆ ਹੈ :-

**ਜੋਗੀ ਹੋਵੈ ਜੋਗਵੈ**
**ਭੋਗੀ ਹੋਵੈ ਖਾਇ।।**
**ਤਪੀਆ ਹੋਵੈ ਤਪੁ ਕਰੇ.**
**ਤੀਰਥਿ ਮਲਿ ਮਲਿ ਨਾਇ।।੧।।**
**ਤੇਰਾ ਸਦੜਾ ਸੁਣੀਜੈ ਭਾਈ**
**ਜੇ ਕੋ ਬਹੈ ਅਲਾਇ।।੧।।ਰਹਾਉ।।**
**ਜੈਸਾ ਬੀਜੈ ਸੋ ਲੁਣੇ.**
**ਜੋ ਖਟੇ ਸੋ ਖਾਇ।।**
**ਅਗੈ ਪੁਛ ਨਾ ਹੋਵਈ**
**ਸੇ ਸਣੁ ਨੀਸਾਣੈ ਜਾਇ।।੨।।**
**ਤੈਸੋ ਜੈਸਾ ਕਾਢੀਐ**
**ਜੈਸੀ ਕਾਰ ਕਮਾਇ।।**
**ਜੋ ਦਮੁ ਚਿਤਿ ਨ ਆਵਈ**
**ਸੋ ਦਮੁ ਬਿਰਥਾ ਜਾਇ।।੩।।**
**ਇਹੁ ਤਨੁ ਵੇਚੀ ਬੈ ਕਰੀ**
**ਜੇ ਕੋ ਲਏ ਵਿਕਾਇ।।**
**ਨਾਨਕ ਕੰਮਿ ਨ ਆਵਈ**
**ਜਿਤ ਤਨਿ ਨਾਹੀ ਸਚਾ ਸਾਉ।।੪।।੫।।੭।।**

(ਸੂਹੀ ਮ: ੧, ਪੰਨਾ ੭੩੦)

*੫. ਨਾ ਹਮ ਹਿੰਦੂ ਨਾ ਮੁਸਲਮਾਨ....... ਤਦੋਂ ਗੁਰੂ ਜੀ ਦੌਲਤ ਖਾਂ ਲੋਧੀ ਦੇ ਮੋਦੀਖਾਨੇ ਵਿਚ ਮੋਦੀ ਦਾ ਕੰਮ ਕਰਦੇ ਸਨ। ਤੇਰਾ ਤੇਰਾ ਤੋਲਦੇ, ਗਰੀਬਾਂ ਨੂੰ ਲੋੜਵੰਦਾਂ ਨੂੰ ਝੋਲੀਆਂ ਭਰ ਭਰ ਅਨਾਜ ਦਾਣਾ ਦੇਈ ਜਾਂਦੇ। ਈਰਖਾਲੂਆਂ ਨੇ ਜਾਂ ਸ਼ਕਾਇਤ ਕੀਤੀ ਲੋਦੀ ਪਾਸ। ਲੋਦੀ ਜੀ ਨੇ ਗੁਰੂ ਜੀ ਨੂੰ ਪਾਸ ਬੁਲਾਇਆ ਤੇ ਹਿਸਾਬ ਕੀਤਾ। ਗੁਰੂ ਜੀ ਦੇ ਪੈਸੇ ਦੇਣੇ ਨਿਕਲੇ ਦੌਲਤ ਖਾਂ ਵੱਲ। ਇਕ ਵਾਰੀ, ਦੋ ਵਾਰੀ, ਹਰ ਵਾਰੀ ਜਾਂ ਹਿਸਾਬ ਚੈਕ ਕੀਤਾ ਜਾਂਦਾ ਤਾਂ ਲੋਦੀ ਨੂੰ ਗੁਰੂ ਬਾਬਾ*


www.AKJ.Org

ਜੀ ਦੇ ਪੈਸੇ ਦੇਣੇ ਹੀ ਬਣਦੇ, ਥੋੜ੍ਹੇ ਬਹੁਤ। ਅੱਲਾ ਦਾ ਬੰਦਾ ਜਾਣ ਕਰ ਕੇ ਲੋਦੀ ਸ਼ਰਧਾਲੂ ਬਣਿਆ। ਗੁਰੂ ਜੀ ਨੇ ਫੁਰਮਾਇਆ, "ਅਸੀਂ ਸਾਰੇ ਇਕ ਉਸ ਕਰਤਾਰ ਦੇ ਬੰਦੇ ਹਾਂ, ਸਾਰੇ ਉਸੇ ਦੇ ਬਿੰਦ ਤੋਂ ਪ੍ਰਗਟ ਭਏ ਹਾਂ। ਨਾਂ ਕੋਈ ਹਿੰਦੂ ਹੈ ਨਾਂ ਮੁਸਲਮਾਨ। ਨਾਂ ਕੋਈ ਛੋਟਾ ਹੈ ਨਾ ਕੋਈ ਬੜਾ। ਸਭ ਏਕ ਜੈਸੇ ਹਾਂ।" ਤਾਂ ਲੋਦੀ ਜੋ ਦੀਨ ਦਾ ਵਿਸ਼ਵਾਸ਼ ਪਾਤਰ ਤੇ ਦੀਨ ਦਾ ਹਰ ਤਰਫ ਬੋਲ ਬਾਲਾ ਹੁੰਦਾ ਸੁਣ ਰਿਹਾ ਸੀ-ਸਿਰ ਫਿਰ ਬੈਠਾ। ਤਾਂ ਗੁਰੂ ਜੀ ਸ਼ਬਦ ਬੋਲ ਕੇ ਸਮਝਾਇਆ ਜੇ :-

**ਮੁਸਲਮਾਨ ਕਹਾਵਣੁ ਮੁਸਕਲੁ,**
**ਜਾ ਹੋਇ ਤਾਂ ਮੁਸਲਮਾਣੁ ਕਹਾਵੈ।।**
**ਅਵਲਿ ਅਉਲਿ ਦੀਨੁ ਕਰਿ ਮਿਠਾ,**
**ਮੁਸਕਲਮਾਨਾ ਮਾਲੁ ਮੁਸਾਵੈ।।**
**ਹੋਇ ਮੁਸਲਿਮੁ ਦੀਨ ਮੁਹਾਣੈ,**
**ਮਰਣ ਜੀਵਣ ਕਾ ਭਰਮੁ ਚੁਕਾਵੈ।।**
**ਰਬ ਕੀ ਰਜਾਇ ਮੰਨੇ ਸਿਰ ਉਪਰਿ,**
**ਕਰਤਾ ਮੰਨੇ ਆਪੁ ਗਵਾਵੈ।।**
**ਤਉ ਨਾਨਕ ਸਰਬ ਜੀਆ ਮਿਹਰੰਮਤਿ,**
**ਹੋਇ ਤ ਮੁਸਲਮਾਣੁ ਕਹਾਵੈ।।੧।।**

(ਸਲੋਕ ਮ: ੧, ਵਾਰ ਮਾਝ ਕੀ, ਪੰਨਾ ੧੪੧)

ਜੋ ਉਕਤ ਦੱਸੀ ਰਹੁਰੀਤ ਵਿਚ ਚੱਲ ਜਾਂਦਾ ਹੈ ਉਹੋ ਹੀ ਸਹੀ ਰੂਪ ਵਿੱਚ ਇਨਸਾਨ ਹੈ। ਹਿੰਦੂ, ਮੁਸਲਮਾਨ ਦੇ ਪਾਏ ਇਹ ਵਿਤਕਰੇ ਆਪਣੀ ਨਫਰਤ ਦਾ ਮੁੱਢ ਹਨ, ਜੋ ਤੁਸਾਂ ਪਾ ਰੱਖੇ ਹਨ। ਤਾਂ ਦੌਲਤ ਖਾਂ ਨੂੰ ਵਿਸ਼ਵਾਸ਼ ਹੋਇ ਆਇਆ ਤੇ ਉਹ ਗੁਰੂ ਦਾ ਸਿੱਖ ਬਣਿਆ। ਸੋ ਇਹ ਹਨ, ਕੁਝ ਮੋਟੀਆਂ ਮੋਟੀਆਂ ਮਿਸਾਲਾਂ ਸ੍ਰੀ ਗੁਰੂ ਨਾਨਕ ਜੀ ਦੇ ਸੁਧਾਰਕ ਹੋਣ ਦਾ ਸਬੂਤ। ਉਂਜ ਤਾਂ ਸ੍ਰੀ ਗੁਰੂ ਨਾਨਕ ਜੀ ਨੇ ਜੋ ਕੰਮ ਕੀਤਾ ਉਹ ਸਭ ਹੀ ਸੁਧਾਰਵਾਦੀ ਸੀ। ਉਨ੍ਹਾਂ ਸੁਧਾਰ ਕੀਤਾ ਜਨ-ਸਾਧਾਰਨ ਲਈ, ਸਾਡੇ ਲਈ। ਪਰ ਅਸੀਂ ਹਾਂ ਕਿ ਉਨ੍ਹਾਂ ਦੇ ਦੱਸੇ ਸਿਧੇ ਰਸਤਿਆਂ ਤੋਂ ਉਤਰ ਕੇ ਕੁਰਾਹੇ ਤੁਰੇ ਜਾ ਰਹੇ ਹਾਂ। ਸਾਡਾ ਭਲਾ ਇਸੇ ਵਿਚ ਹੈ ਕਿ ਅਸੀਂ ਗੁਰੂ ਸਾਹਿਬ ਦੇ ਦੱਸੇ ਰਾਹ ਤੇ ਚੱਲੀਏ।

* * * * *

**ਗੁਰ ਕੀ ਮਤਿ ਤੂ ਲੇ ਇਆਨੇ।।**
**ਭਗਤਿ ਬਿਨਾ ਬਹੁ ਡੂਬੇ ਸਿਆਨੇ।।**(ਪੰਨਾ ੨੮੮)

ਪੰਨਾ ੨ ਦਾ ਬਾਕੀ........

ਨਾਮ ਰੂਪ ਖੇਤੀ ਨੂੰ ਸਾਚ-ਧਰਮ ਦੀ ਵਾੜ ਦੀ ਲੋੜ ਹੈ, ਪੱਕੇ ਖਿੜਕ ਦੀ ਜ਼ਰੂਰਤ ਹੈ। ਇਸ ਲੋੜ ਨੂੰ ਧਿਆਨ ਵਿੱਚ ਰੱਖਦਿਆਂ ਸਾਨੂੰ ਸਤਿ, ਸੰਤੋਖ, ਦਇਆ, ਧਰਮ ਤੇ ਧੀਰਜ ਨੂੰ ਅਪਨਾਉਣਾ ਪਵੇਗਾ, ਸਤਿ ਧਰਮ ਦੇ ਮਾਰਗ ਤੇ ਚੱਲਦਿਆਂ ਦਇਆਵਾਨ, ਧੀਰਜ ਵਾਲੇ ਅਤੇ ਸੰਤੋਖੀ ਬਣਨਾ ਪਏਗਾ। ਤਾਂਹੀਓ ਸਾਡਾ ਡੋਲਦਾ ਮਨ ਟਿਕਾਅ ਵਿੱਚ ਆਵੇਗਾ। ਹਾਂ ਹਾਂ ! ਸੁਰਤ "ਸ਼ਬਦ" ਵਿੱਚ ਟਿਕ ਸਕੇਗੀ। ਸੁਰਤ ਦੇ ਸ਼ਬਦ ਵਿੱਚ ਟਿਕਣ ਬਗੈਰ "ਬੂਹਾ" ਨਹੀਂ ਖੁੱਲ੍ਹੇਗਾ, ਪ੍ਰੀਤਮ ਦਾ ਮਿਲਾਪ ਨਹੀਂ ਹੋਏਗਾ।

ਗੁਰੂ ਗਿਆਨ ਸਦਕਾ ਜਦੋਂ ਅਸੀਂ ਪੰਜਾਂ ਚੋਰਾਂ ਨਾਲੋਂ ਨਾਤਾ ਤੋੜ ਕੇ ਪੰਜ ਦੈਵੀ ਗੁਣ ਧਾਰਨ ਕਰ ਲਵਾਂਗੇ ਤਾਂ ਅਸੀਂ "ਸੱਚ" ਦੇ ਵਪਾਰੀ ਬਣ ਕੇ ਗੁਰੂ-ਸ਼ਾਹ ਕੋਲੋਂ ਸਰਮਾਇਆ ਲੇ ਕੇ ਖੂਬ ਵਪਾਰ ਕਰਾਂਗੇ, ਮੁਨਾਫਾ (ਲਾਭ) ਕਮਾ ਕੇ ਮਾਲਾ ਮਾਲ ਹੋ ਜਾਵਾਂਗੇ, ਰੱਜ ਰੱਜ ਖਾਵਾਂਗੇ, ਅਨੰਦਮਈ ਜੀਵਨ ਬਤੀਤ ਕਰਾਂਗੇ। ਸਾਡੇ ਨਾਮ ਧਨ ਨੂੰ ਕੋਈ ਕਿਸੇ ਕਿਸਮ ਦਾ ਟੈਕਸ ਨਹੀਂ ਲਗਾ ਸਕੇਗਾ, ਸਾਨੂੰ ਇਨਕਮ ਟੈਕਸ (Income Tax) ਵਾਲਿਆਂ ਦੇ ਛਾਪੇ ਦਾ ਕੋਈ ਡਰ ਨਹੀਂ ਰਹੇਗਾ, ਚੋਰੀ ਚਿਕਾਰੀ ਤੋਂ ਵੀ ਅਸੀਂ ਬਚੇ ਰਹਾਂਗੇ, ਸਭ ਫਿਕਰ ਫਾਕੇ ਦੂਰ ਹੋ ਜਾਣਗੇ, ਜਮਾਂ ਦਾ ਡਰ ਵੀ ਦੂਰ ਹੋ ਜਾਏਗਾ।

ਪਰ "ਸੱਚ" ਦਾ ਵਪਾਰੀ ਕੋਈ ਵਿਰਲਾ ਹੀ ਬਣਦਾ ਹੈ ਜਿਹੜਾ ਆਪਣਾ ਤਨ ਮਨ ਧਨ ਗੁਰੂ ਨੂੰ ਅਰਪ ਕਰ ਕੇ, ਗੁਰੂ ਅੱਗੇ ਆਪਣਾ ਸੀਸ ਵੇਚ ਕੇ, ਉਸ ਦਾ ਲਾਲਾ ਗੋਲਾ ਬਣ ਕੇ "ਸੱਚੀ ਕਾਰੇ" ਜੁਟਦਾ ਹੈ। ਉਸੇ ਦੇ ਹੀ ਸਰੀਰ ਨਗਰ ਵਿੱਚ ਅਮਨ ਹੁੰਦਾ ਹੈ, ਬਾਕੀਆਂ ਦੇ ਤਾਂ ਹਰ ਵੇਲੇ ਹਾਏ ਤੋਬਾ ਹੀ ਮੱਚੀ ਰਹਿੰਦੀ ਹੈ। ਪੰਚਮ ਪਾਤਸ਼ਾਹ ਕਹਿੰਦੇ ਹਨ-

**ਇਨਿ ਬਿਧਿ ਨਗਰੁ ਵੁਠਾ ਮੇਰੇ ਭਾਈ।।**
**ਦੁਰਤੁ ਗਇਆ, ਗੁਰ ਗਿਆਨ ਦ੍ਰਿੜਾਈ।।**

ਗੁਰ-ਗਿਆਨ ਹੈ "ਗੁਰ ਸ਼ਬਦ"। ਜਿਨ੍ਹਾਂ ਮਨੁੱਖਾਂ ਨੇ ਗੁਰੂ ਦਾ ਉਪਦੇਸ਼ (ਬਾਣੀ) ਸੁਣ ਕੇ ਗੁਰੂ ਦਾ ਪੱਲਾ ਫੜ ਲਿਆ ਉਨ੍ਹਾਂ ਨੂੰ ਗੁਰੂ ਦੁਆਰਿਓਂ "ਅੰਮ੍ਰਿਤ ਦੀ ਦਾਤ" ਮਿਲ ਗਈ, ਨਾਮ ਦ੍ਰਿੜ ਹੋ ਗਿਆ, ਉਹ ਨਾਮ ਜਪਣ ਦੀ ਸੱਚੀ ਕਾਰ ਵਿੱਚ ਲੱਗ ਗਏ। ਉਨ੍ਹਾਂ ਦੇ ਸਾਰੇ ਝੋਰੇ ਖਤਮ ਹੋ ਗਏ-

**"ਦੁਰਤੁ ਗਇਆ, ਗੁਰ ਗਿਆਨ ਦ੍ਰਿੜਾਈ।"**

ਗੁਰੂ ਨੇ ਨਾਮ ਦ੍ਰਿੜ੍ਹ ਕਰਵਾ ਕੇ ਤਾਕੀਦ ਕਰ ਦਿੱਤੀ-

**"ਨਾਮੁ ਖੇਤੀ ਬੀਜਹੁ ਭਾਈ ਮੀਤ।।**
**ਸਉਦਾ ਕਰਹੁ ਗੁਰ ਸੇਵਹੁ ਨੀਤ।।੩।।"**



www.AKJ.Org

# ਨਾਭ ਕੰਵਲ ਤੇ ਦਸਮ-ਦੁਆਰ

(ਸੂਬੇਦਾਰ ਧਰਮ ਸਿੰਘ ਸੁੱਜੋਂ, ਯੂ. ਕੇ.)

ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ, ਸ਼ਿਸ਼ਯ ਲੋਕ, ਆਪਣੇ ਗੁਰੂ ਤੋਂ ਨਾਮ ਜਾਂ ਗੁਰ-ਮੰਤ੍ਰ ਪ੍ਰਾਪਤ ਕਰ, ਇਸਦਾ ਰਸਨਾ ਦੁਆਰਾ ਜਾਪ ਅਰੰਭ ਕਰਦੇ ਸਨ। ਨਾਮ ਹਿਰਦੇ ਵਿਚ ਉਤਰ, ਸੁਰਤੀ ਤੇ ਸਿਮਰਨ ਵਿੱਚ ਬਦਲੀ ਹੋ ਜਾਂਦਾ ਹੈ। ਸਿਮਰਨ ਕਰਦੇ ਹੋਏ ਇਕ ਵਕਤ ਐਸਾ ਆਉਂਦਾ ਹੈ ਜਦੋਂ ਸੁਆਸ ਨਾਭੀ ਵਿੱਚ ਰੁਕ, ਪ੍ਰਕਾਸ਼ ਪੈਦਾ ਹੋ ਜਾਂਦਾ ਹੈ। ਧਾਰਮਕ ਗ੍ਰੰਥਾਂ ਅਨੁਸਾਰ, ਅਕਾਲ-ਪੁਰਖ ਦਾ ਸਰਗੁਣ ਸਰੂਪ, ਪ੍ਰਕਾਸ਼ ਰੂਪ ਹੈ। ਸਾਧਕ, ਨਾਭੀ ਤੇ ਉਤਪਨ ਹੋਏ ਪ੍ਰਕਾਸ਼ ਨੂੰ, ਅਕਾਲ-ਪੁਰਖ ਦੀ ਪ੍ਰਾਪਤੀ ਸਮਝ ਕੇ ਇਥੇ ਹੀ ਸੰਤੁਸ਼ਟ ਹੋ ਬੈਠਦਾ।

ਗੁਰੂ ਨਾਨਕ ਦੇਵ ਜੀ ਨੇ ਇਸ ਪੁਰਾਤਨ ਸਨਾਤਨ ਰੀਤੀ ਵਿੱਚ ਦੋ ਗੱਲਾਂ ਦਾ ਵਾਧਾ ਕੀਤਾ। ਇਕ ਤਾਂ ਨਾਮ ਦੀ ਬਖਸ਼ਿਸ਼ ਤੋਂ ਪਹਿਲਾਂ ਅੰਮ੍ਰਿਤ (ਚਰਨ ਪਾਹੁਲ) ਪਾਨ ਕਰਾਇਆ ਜਾਣ ਲੱਗਾ, ਦੂਸਰੇ ਰਸਨਾ ਦੁਆਰਾ ਸਾਧਾਰਨ ਜਾਪ ਦੀ ਥਾਂ, ਅਰਧ-ਉਰਧੀ ਸਾਸ-ਗਿਰਾਸ ਨਾਮ ਅਭਿਆਸ ਦੀ ਵਿਧੀ ਅਰੰਭ ਕੀਤੀ। ਅਸੀਂ ਕਦੇ ਇਹ ਗੌਹ ਕਰਨ ਦੀ ਲੋੜ ਹੀ ਪਰਤੀਤ ਨਹੀਂ ਕੀਤੀ ਕਿ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਇਹ ਵਾਧਾ ਕਿਉਂ ਕੀਤਾ ? ਕਿਆ ਐਸਾ ਕਰਨ ਦੀ ਤੈਹ ਵਿਚ ਕੋਈ ਛਪਿਆ ਹੋਇਆ ਰਾਜ ਤੇ ਨਹੀਂ ?

ਵਰਤਮਾਨ ਸਮੇਂ ਵਿਚ ਹੋ ਗੁਜਰੇ ਪੂਰਨ ਬ੍ਰਹਮ ਗਿਆਨੀ ਭਾਈ ਸਾਹਿਬ ਰਣਧੀਰ ਸਿੰਘ ਜੀ ਪੁਸਤਕ "ਚਰਨ ਕਮਲ ਕੀ ਮਉਜ" ਵਿਚ ਲਿਖਦੇ ਹਨ ਕਿ 'ਆਪਾ ਚੀਨਣਾ, ਗੁਰਮਤ ਦਾ ਮੁਖ ਮਨੋਰਥੀ ਤੱਤ-ਆਦਰਸ਼ ਨਹੀਂ। ਮੁਖ ਮਨੋਰਥ ਤਾਂ ਪ੍ਰਮਾਰਥ-ਖੋਜੀਆਂ ਦਾ ਪ੍ਰਮਾਤਮਾ ਨੂੰ ਚੀਨਣ (ਪ੍ਰਾਪਤ ਹੋਣ) ਵਾਲੀ ਤੱਤ-ਲਖਤਾ ਹੈ । .........ਪਹਿਲਾਂ ਘਟ ਅੰਦਰ ਹੀ ਆਤਮਾ ਦਾ ਜੋਤਿ-ਵਿਗਾਸ ਹੁੰਦਾ ਹੈ। ਅਰਥਾਤ ਆਤਮਾ ਦੀ ਜੋਤਿ ਦਾ ਪ੍ਰਕਾਸ਼ ਹੁੰਦਾ ਹੈ । ........ ਉਹ ਜੋ ਪਹਿਲਾਂ ਘਟ ਘਟ ਅੰਦਰ ਆਤਮ-ਜੋਤਿ ਪ੍ਰਕਾਸ ਹੋਈ ਸੀ, ਉਹ ਤਾਂ ਪ੍ਰਮਾਤਮਾ ਦੀ ਅੰਸ਼ ਹੀ ਸੀ, ਰਮਤ ਰਾਮ ਕੀ ਅੰਸ਼ ਆਤਮਾ ਹੀ ਸੀ । ਪ੍ਰਮਾਤਮਾ ਪ੍ਰਾਪਤੀ ਦੇ ਪੱਦ ਤੋਂ ਉਰੱਡ ਰੈਹ ਗਏ ਜੱਗਿਆਸੂ ਜਨ, ਇਸ ਆਪਾ ਚੀਨਣੀ, ਆਤਮਾ ਅੰਸ ਪ੍ਰਾਪਤੀ ਵਾਲੇ ਪਦ ਨੂੰ ਹੀ, ਪਰਮ ਪਦ ਸਮਝ ਬੈਠਦੇ ਹਨ ਅਤੇ ਆਪੇ ਦੀ ਲਖਤਾ ਵਾਲੀ ਖੁਦ-ਮਸਤੀ ਵਿਚ ਹਾਲ ਮਸਤ ਹੋ ਕੇ, ਆਪ ਦੀਆਂ ਵਡਿਆਈਆਂ ਕਰੀ ਜਾਂਦੇ ਹਨ। ਦਰ ਅਸਲ ਜੋਤੀ ਸਰੂਪ ਅਕਾਲ-ਪੁਰਖ, ਪਰਮ-ਆਤਮਾ ਦੀ, ਪਰਮ- ਪਦ ਪ੍ਰਾਪਤੀ ਵਾਲਾ ਜੋਤਿ ਚਸ਼ਮਾ, ਜੋਤਿ ਅੰਸੀ ਆਤਮਾ ਦਾ ਨਿਜ ਘਰ ਹੈ, ਜਿਸ ਨੂੰ ਪ੍ਰਾਪਤ ਕਰਕੇ ਹੀ, ਜੋਤੀ ਸਰੂਪੀ ਆਤਮਾ ਦਾ ਮੂਲ ਪਛਾਣੀਦਾ ਹੈ। ....... ਜਿਥੇ ਇਹ ਖਿਆਲ ਹੋ ਕਿ ਆਪੇ ਨੇ ਆਪਾ ਪਾ ਲਿਆ, 'ਆਪਾ ਆਪੇ ਵਿਚ ਲੀਨ ਹੋ ਗਿਆ' ਉਥੇ ਸਮਝ ਲਵੋ ਕਿ ਉਹ ਰਹੇ ਖੜੋਤੇ।

ਵੇਦਾਂਤ, ਯੋਗ, ਬੁਧ ਅਤੇ ਜੈਨ ਆਦਿ ਮੱਤਿ, ਇਸ 'ਆਪਾ ਪਦ ਚੀਨਣ' ਤੇ ਪਹੁੰਚ, ਸਮਝ ਬੈਠਦੇ ਹਨ ਕਿ ਉਨ੍ਹਾਂ ਨੇ ਪਰਮ-ਆਤਮਾ ਨੂੰ ਚੀਨ ਲਿਆ, ਇਸ ਲਈ ਉਹ, 'ਆਪੇ ਅਤੇ ਪਰਮ-ਆਪੇ' ਦੇ ਚੱਕਰ ਵਿਚ ਉਲਝ ਕੇ ਰੈਹ ਖੜੋਂਦੇ ਹਨ। ਸੱਚ, ਕਿਨਾਰੇ ਹੀ ਰਹਿ ਜਾਂਦਾ ਹੈ। ਵੈਸੇ ਜੇ ਦੇਖਿਆ ਜਾਏ ਤਾਂ ਇਹ 'ਆਪਾ ਪਦ ਚੀਨਣ' ਦੀ ਖੇਡ ਭੀ ਕੋਈ ਮਾਮੂਲੀ ਉਪਲਭਦੀ ਨਹੀਂ। ਇਸ ਦਾ ਇਹ ਫਲ ਹੋ ਸਕਦਾ ਹੈ ਕਿ ਐਸੇ ਪ੍ਰਾਣੀਆਂ ਦਾ ਅਗਲਾ ਜਨਮ, ਕਿਸੀ ਗੁਰ-ਸਿੱਖ ਦੇ ਘਰ ਹੋ, ਅੰਮ੍ਰਿਤ ਦੀ ਦਾਤ ਪ੍ਰਾਪਤ ਕਰ, ਗੁਰਮਤਿ ਵਿਧੀ ਅਨੁਸਾਰ ਨਾਮ ਦੀਆਂ ਅਤੁੱਟ ਕਮਾਈਆਂ ਕਰਦੇ ਹੋਏ, 'ਚਰਨ ਕਮਲ ਕੀ ਮਉਜ' ਤੱਕ, ਪਹੁੰਚ ਪ੍ਰਾਪਤ ਕਰ ਸਕਣ।

'ਆਪਾ ਚੀਨਣੇ' ਦੀ ਪਦਵੀ ਤਕ ਤਾਂ ਉਪਰ ਲਿਖੇ ਮੱਤਾਂ ਦੀਆਂ ਵਖੋ ਵਖ ਵਿਧੀਆਂ ਦੁਆਰਾ ਭੀ ਪਹੁੰਚਿਆ ਜਾ ਸਕਦਾ ਹੈ, ਪਰ ਅੱਗੋਂ ਦਸਮ-ਦੁਆਰ ਪਹੁੰਚ, ਪਰਮ-ਆਤਮਾ ਦੀ ਲਖਤਾ ਦੀ ਲੋੜ ਕਿਸੀ ਭੀ ਹੋਰ ਮਤਿ ਨੇ ਪ੍ਰਤੀਤ ਨਹੀਂ ਕੀਤੀ। ਉਹ ਸਿਧੇ ਜਾਂ ਅਸਿਧੇ ਤੌਰ ਤੇ 'ਅਹੰਬ੍ਰਹਮ ਅਸਮੀ' ਦੇ ਚੱਕਰ ਵਿੱਚ ਉਲਝ ਕੇ ਰੈਹ ਗਏ। ਸਿਰਫ ਤੇ ਸਿਰਫ ਗੁਰਮੱਤਿ ਨੇ ਹੀ ਦਸਮ-ਦੁਆਰ ਦੀ ਲੋੜ ਨੂੰ ਪ੍ਰਤੀਤ ਕੀਤਾ ਤੇ ਸਿਰਫ ਗੁਰਮੱਤਿ ਨੂੰ ਹੀ ਦਸਮ-ਦੁਆਰ ਦਾ ਰਾਹ ਤਲਾਸ਼ ਕਰਨਾ ਪਿਆ।

ਯੋਗ ਸ਼ਾਸ਼ਤ੍ਰ ਦੇ ਕਰਤਾ, ਪਾਤੰਜਲੀ ਰਿਸ਼ੀ ਜੀ ਨੇ ਯੋਗ ਦੀ ਵਿਆਖਿਆ ਕਰਦੇ ਹੋਏ ਆਖਿਆ ਕਿ "ਯੋਗ ਚਿੱਤ ਵ੍ਰਿਤੀ ਨਰੋਧ" ਮਨ ਦੀ ਹਰਕਤ ਨੂੰ ਰੋਕ ਦੇਣ ਦਾ ਨਾਮ ਯੋਗ ਹੈ। ਪ੍ਰਾਣ ਅਤੇ ਮਨ ਦਾ ਆਪੋ



www.AKJ.Org

ਵਿੱਚ ਐਸਾ ਸੰਬੰਧ ਹੈ ਕਿ ਇਨ੍ਹਾਂ ਵਿਚੋਂ ਕੋਈ ਭੀ ਇਕ, ਰੁਕ ਜਾਏ ਤਾਂ ਦੂਸਰਾ ਆਪਣੇ ਆਪ ਠੈਹਰ ਜਾਂਦਾ ਹੈ। ਵੇਦਾਂਤ ਨੇ 'ਸੋਚ' ਦੁਆਰਾ ਮਨ ਨੂੰ ਰੋਕਿਆ। ਯੋਗ ਨੇ 'ਪ੍ਰਾਣ' ਨੂੰ ਰੋਕ, ਮਨ ਤੇ ਕਾਬੂ ਪਾਇਆ ਤੇ ਗੁਰਮਤਿ ਨੇ ਇਸੀ ਮਕਸਦ ਦੀ ਪ੍ਰਾਪਤੀ ਲਈ **'ਸੁਰਤਿ ਸਬਦਿ ਭਵਸਾਗਰੁ ਤਰੀਐ''** (੯੩੮) ਦਾ ਰਾਹ ਅਪਣਾਇਆ। ਵਖੋ ਵਖ ਰਾਹ ਅਪਣਾਉਂਦਿਆਂ ਹੋਇਆ ਭੀ, ਵੇਦਾਂਤ, ਯੋਗ ਅਤੇ ਗੁਰਮੱਤਿ ਨੇ ਨਿਸ਼ਾਨਾ ਇਕੋ ਹੀ ਪ੍ਰਾਪਤ ਕੀਤਾ। ਕਿਆ ? ਆਤਮ ਸ਼ਾਖਸ਼ਾਤਕਾਰ।

ਗੁਰਮੱਤਿ ਅਨਸਾਰ, ਸਾਖਸ਼ਾਤਕਾਰ ਤਕ ਅਸੀਂ ਕਿਵੇਂ ਪਹੁੰਚਦੇ ਹਾਂ, ਇਸ ਬਾਰੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਵਿਚਾਰ, ਪੁਸਤਕ 'ਚਰਨ ਕਮਲ ਕੀ ਮਉਜ' ਵਿਚ ਇਸ ਪ੍ਰਕਾਰ ਦਰਜ ਹਨ।

**''ਚਿਤਿ ਚਿਤਵਉ ਚਰਣਾਰਬਿੰਦ ਊਧ ਕਵਲ ਬਿਗਸਾਂਤ''** (ਪੰਨਾ ੨੫੪)

"............ ਸੁਆਸ ਸੁਆਸ ਸਿਮਰਨ ਦੇ ਰਸਨ-ਰਟਨਾਤੀ-ਪਉਣ-ਫਰਾਟੇ, ਨਾਮ ਦੇ ਮੂਧੇ ਪਏ ਕਉਲ ਨੂੰ ਸਿਧਾ ਕਰਕੇ, ਉਸ ਦੇ ਮੀਚੇ ਹੋਏ ਮੂੰਹ ਨੂੰ ਖੋਲ੍ਹ ਦਿੰਦੇ ਹਨ ਅਤੇ ਖੋਲ੍ਹ ਕੇ ਉਸ ਵਿਚ ਰਸ ਜੋਤਿ ਦੀ ਚੰਗਾੜੀ ਪਰ-ਜੁਅਲਤ ਕਰ ਦਿੰਦੇ ਹਨ। ਇਸ ਵਿਚ ਉਕਤ ਊਂਧ ਕੰਵਲ ਵਿਗਸ ਉਠਦਾ ਹੈ। ਨਾਮ-ਰਸ-ਜੋਤਿ-ਚਾਨਣੇ ਨਾਲ ਜਗ ਮਗ ਹੋ ਉਠਦਾ ਹੈ ਤੇ ਊਧ ਕੰਵਲ ਬਿਗਸਾਂਤ ਦਾ ਇਓਂ ਨਜ਼ਾਰਾ ਬੱਝਦਾ ਹੈ:-

**'ਕੁੰਡਲਨੀ ਸੁਰਝੀ ਸਤਿਸੰਗਤਿ**
**ਪਰਮਾਨੰਦ ਗੁਰੂ ਮੁਖਿ ਮਚਾ।।'** (ਪੰਨਾ ੧੪੦੨)

ਸੁਆਸ ਅਭਿਆਸੀ, ਰਸ ਰਸਨ ਫਰਾਟੀ, ਨਾਮ ਸਿਮਰਨ ਰੂਪੀ ਧੂਖਣੀ ਅੰਦਰ, ਨਾ ਸਿਰਫ ਕੰਵਲ ਨੂੰ ਸਿਧਾ ਕਰਨ ਹਿਤ ਅਤੇ ਉਸ ਦਾ ਮਿਚਿਆ ਮੂੰਹ ਖੋਹਲਣ ਹਿਤ, ਪਵਨ-ਪਵੇਸ਼ਨੀ-ਸ਼ਕਤੀ ਹੀ ਰੱਖਦੀ ਹੈ ਬਲਕਿ ਉਹ ਖਿੜ ਕੇ ਸਿੱਧੇ ਹੋਏ ਨਾਭ ਕੰਵਲ ਅੰਦਰ ਰਸ-ਜੋਤਿ ਬਿਗਾਸਨੀ ਬਿਜਲੀ ਭੀ ਪੈਦਾ ਕਰਦੀ ਹੈ। ਸੰਸਾਰ ਦੇ ਸੁਨਿਆਰਿਆਂ ਲੁਹਾਰਾਂ ਦੀਆਂ ਧੌਂਖਣੀਆਂ ਤਾਂ ਸਿਰਫ ਪਉਣ ਦਾ ਪੱਖਾ ਹੀ ਚਲਾਉਂਦੀਆਂ ਹਨ, ਆਪੇ ਅਗਨੀ ਨਹੀਂ ਉਤਪੰਨ ਕਰ ਸਕਦੀਆਂ। ਅਗਨੀ ਪ੍ਰਚੰਡ ਕਰਨ ਲਈ ਰੰਚਕ ਚੰਗਾੜੀ ਦੀ ਲੋੜ ਅਵੱਸ਼ ਪੈਂਦੀ ਹੈ।...... ਪਰ ਸਿਮਰਨ ਅਭਿਆਸ ਰੂਪੀ ਧੌਂਖਣੀ ਅੰਦਰ, ਪਾਰਸ ਨਾਮ ਰੂਪੀ ਜੋਤਿ ਚੰਗਾੜੀ ਗੁਪਤ ਅੰਸ਼ ਵਿਚ ਪਹਿਲਾਂ ਹੀ ਮਉਜੂਦ ਹੁੰਦੀ ਹੈ। ਇਸ ਗੁਪਤ-ਜੋਤਿ-ਚੰਗਾੜੀ ਨਾਮ-ਪਾਰਸ ਵੱਟੀ ਨਾਲ ਸਪਰਸ਼ ਹੋਈ ਸੁਆਸ ਅਭਿਆਸੀ ਸਿਮਰਨ ਕਲਾ ਦੀ ਧੌਂਖਣੀ ਨਾ ਸਿਰਫ ਊਂਧ ਕੰਵਲ ਨੂੰ ਸਗੁਫਤ ਕਰਾਉਂਦੀ ਹੈ, ਖਿੜਾਉਂਦੀ ਹੈ ਬਲਕਿ ਨਾਭ ਕੰਵਲ ਕੋਠੜੀ ਅੰਦਰ ਜੋਤਿ ਪ੍ਰਚੰਡੀ ਉਜੀਆਰਾ ਕਰ ਦੇਣ ਨੂੰ ਭੀ ਸਮਰੱਥ ਹੈ।

ਰਸ ਰਟੰਨੜੀ ਨਾਮ ਅਭਿਆਸ ਕਮਾਈ ਦੁਆਰਾ, ਰਸ-ਜੋਤਿ-ਵਿਗਾਸੀ ਬਿਸਮਾਦ-ਕਲਾ ਵਾਲਾ ਨਾਮ, ਹਿਰਦੇ ਅੰਦਰ ਜਦੋਂ ਪ੍ਰਗਾਸਦਾ ਹੈ ਤਾਂ ਇਸ ਦੀ ਪਕੜ, ਨਾਭ ਕੰਵਲ ਵਿਖੇ, ਜਕੜ ਜੁੜਿਆ ਸੁਆਦ ਅਹਲਾਦ ਉਤਪੰਨ ਕਰ ਦਿੰਦੀ ਹੈ। ਇਸ ਬਿਸਮਾਦੀ ਅਲਹਾਦ ਵਿਚ ਗੀਧੇ ਹੋਏ ਸੁਆਸ ਅਭਿਆਸੀ ਜਨ ਦੀ ਨਾਭੀ ਅੰਦਰ ਹੀ ਅਟਕੇ ਰਹਿੰਦੇ ਹਨ। ਇਸ ਬਿਸਮਾਦ ਸੁਆਦ ਦਾ ਰਸੀਆ ਹੋ ਕੇ ਅਭਿਆਸੀ ਜਨ ਸੁਆਸਾਂ ਨੂੰ ਸ਼ਬਦ ਅਭਿਆਸ ਦੇ ਬਲ ਨਾਲ ਆਪਣੀ ਨਾਭੀ ਵਿਖੇ ਅਟਕਾਈ ਰੱਖਦਾ ਹੈ ਅਤੇ ਸੁਰਤੀ ਨੂੰ ਸਹਿਜ ਦੀ ਗਗਨ ਦੁਆਰਾ (ਦਸਮ ਦੁਆਰ) ਵਿਖੇ ਚੜ੍ਹਾ ਲੈਂਦਾ ਹੈ। ਨਾਮ ਦਾ ਇਸ ਰਸ-ਜੋਤਿ ਵਿਗਾਸੀ ਟਿਕਾਉ ਵਿੱਚ ਨਾਭੀ ਅੰਦਰ ਅਟਕੇ ਰਹਿਣਾ, ਚਰਨ ਕੰਵਲਾਂ ਦਾ ਹਿਰਦੇ ਅੰਦਰ ਗੈਹਣਾ ਪਕੜਨਾ ਹੈ।......... ਰਸ-ਜੋਤਿ-ਕਿਰਣ ਪ੍ਰਜੁਅਲਤ ਹੋਣ ਪਸ਼ਚਾਤ, ਸਿਮਰਨ-ਕਲਾ ਦਾ ਦੂਣੀ ਰਸ-ਰਵਸ਼ ਵਿੱਚ ਜਾਰੀ ਹੋ ਜਾਂਦੀ ਹੈ, ਅਤੇ ਸੁਤੇ ਸੁਭਾਵ, ਨਿਰਯਤਨ ਹੀ ਜਾਰੀ ਰਹਿੰਦੀ ਹੈ....... ਚਰਨ ਕੰਵਲ ਦੀ ਮਉਜ-ਅਨੰਦੀ ਸੋਭਾ, ਕੇਵਲ ਲਖੀ ਪੇਖੀ ਹੀ ਪ੍ਰਵਾਨ ਹੈ। ਕਥੀ ਵਰਨੀ ਨਹੀਂ ਜਾ ਸਕਦੀ। ਬੱਸ ਇਹ ਤਾਂ ਪੇਖਾ ਹੀ ਪ੍ਰਵਾਨ ਹੈ।

ਨਾਭੀ ਅੰਦਰ ਪ੍ਰਾਣਾਂ ਦੇ ਅਟਕਣ ਨਾਲ ਮਨ ਭੀ ਅਟਕ ਜਾਂਦਾ ਹੈ। ਮਨ ਦੇ ਅਟਕਣ ਨਾਲ ਇਸ ਦਾ, ਸਰੀਰ ਭੀ ਗਿਆਨ ਇੰਦ੍ਰੀਆਂ ਨਾਲੋਂ ਸੰਪਰਕ ਟੁੱਟ ਜਾਂਦਾ ਹੈ। ਜਿਸ ਛਿਨ ਗਿਆਨ ਇੰਦ੍ਰੀਆਂ ਨਾਲੋਂ ਸੰਪਰਕ ਟੁੱਟਦਾ ਹੈ, ਉਸੀ ਛਿਨ, ਇਸ ਦਾ ਸੰਪਰਕ ਆਪਣੀ ਜੀਵ ਆਤਮਾ ਨਾਲ ਹੋ ਜਾਂਦਾ ਹੈ। ਜੀਵ ਆਤਮਾ, ਜੋਤੀ ਸਰੂਪ ਹੈ। ਸੁਆਸ ਨਾਭੀ ਦੇ ਰੁੱਕਣ ਨਾਲ, ਮੂਧਾ ਪਿਆ ਕੰਵਲ ਸਿਧਾ ਹੋ ਕੇ ਖਿੜ ਜਾਂਦਾ ਹੈ ਤੇ ਉਸ ਵਿੱਚ ਪ੍ਰਕਾਸ਼ ਪੈਦਾ ਹੋ ਜਾਂਦਾ ਹੈ, ਜੋ ਜੀਵ-ਆਤਮਾ


www.AKJ.Org

ਦਾ ਪ੍ਰਕਾਸ਼ ਹੈ। ਇਹ ਪ੍ਰਕਾਸ਼ ਗਿਆਨ ਅਤੇ ਅਨੰਦ ਦਾ ਬਹੁਤ ਵੱਡਾ ਭੰਡਾਰ ਹੈ। ਸਰੀਰ ਦੀ ਗਿਆਨ ਇੰਦ੍ਰੀਆਂ ਦੀ ਜਾਣਕਾਰੀ ਜਾਂ ਗਿਆਨ, ਘਟ ਤੋਂ ਘਟ ਤੇ ਵੱਧ ਤੋਂ ਵੱਧ, ਦੋ ਹੱਦਾਂ ਦੇ ਵਿਚਕਾਰ ਹੈ- ਇਸ ਲਈ ਇਹ ਗਿਆਨ ਬਹੁਤ ਹੀ ਸੀਮਤ ਗਿਆਨ ਹੁੰਦਾ ਹੈ। ਆਤਮਕ ਗਿਆਨ ਦੇ ਸਾਹਮਣੇ ਇਹ ਬਿਲਕੁੱਲ ਫੀਕ ਫੀਕਾਨਾ ਪ੍ਰਤੀਤ ਹੁੰਦਾ ਹੈ। ਜਿਸ ਛਿਨ ਨਾਭੀ ਤੇ ਪ੍ਰਕਾਸ਼ ਪੈਦਾ ਹੁੰਦਾ ਹੈ ਉਸੀ ਛਿਨ ਮਨ, ਆਤਮਕ ਗਿਆਨ ਅਤੇ ਅਨੰਦ ਵਿਚ ਮਖਸੂਰ ਹੋ, ਬਾਹਰ ਧਾਵਨ ਤੋਂ ਛੁੱਟ, ਬਿਸਰਾਮ ਕਰ ਬੈਠਦਾ ਹੈ। ਇਸ ਛਿਨ ਦੀ ਪ੍ਰਾਪਤੀ ਲਈ ਹੀ ਸਾਡੀ ਸਾਰੀ ਕੋਸ਼ਿਸ਼, ਮੇਹਨਤ ਜਾਂ ਹੰਭਲਾ ਸੀ..........

**"ਏਕ ਚਿਤ ਜਿਹ ਇਕ ਛਿਨ ਧਿਆਇਓ।।**
**ਕਾਲ ਫਾਸ ਕੇ ਬੀਚ ਨ ਆਇਓ।।**(ਅਕਾਲ ਉਸਤਤਿ)

ਉਪਰ ਜਿਸ ਛਿਨ ਦਾ ਜ਼ਿਕਰ ਆਇਆ ਹੈ, ਇਸ ਸ੍ਰੀ ਮੁਖਵਾਕ ਵਿਚ, ਉਸੀ ਛਿਨ ਵੱਲ ਇਸ਼ਾਰਾ ਹੈ, ਜਿਸ ਛਿਨ ਮਨ ਅਟਕ, ਨਾਭੀ ਵਿੱਚ ਪ੍ਰਕਾਸ਼ ਪੈਦਾ ਹੋ ਆਪਣੀ ਆਤਮਾ ਦਾ ਗਿਆਨ ਪੈਦਾ ਹੋ ਜਾਂਦਾ ਹੈ।

**"ਫਲੁ ਲਾਗਾ ਤਬ ਫੂਲੁ ਬਿਲਾਇ।।"** ਜਾਂ **"ਗਿਆਨ ਭਇਆ ਤਹ ਕਰਮਹ ਨਾਸੁ"** (੧੧੯੭)

ਇਨ੍ਹਾਂ ਗੁਰਵਾਕਾਂ ਦੇ ਸਿਧਾਂਤ ਅਨੁਸਾਰ, ਸਰਬ ਸੰਚਤ ਕਰਮਾਂ ਦਾ ਨਾਸ ਹੋ ਜਾਂਦਾ ਹੈ। ਕਰਮ ਹੀ ਜਨਮ ਮਰਨ ਦੇ ਗੇੜ ਦਾ ਕਾਰਨ ਹੁੰਦੇ ਹਨ। ਕਾਰਨ ਦੇ ਖਾਤਮੇ ਨਾਲ, ਜਨਮ ਮਰਨ ਦਾ ਚੱਕਰ ਮੁਕ, ਪ੍ਰਾਣੀ ਦੀ ਮੁਕਤੀ ਹੋ ਜਾਂਦੀ ਹੈ। ਹਿੰਦੂ ਮਤਿ ਵਾਲੇ ਮੁਕਤੀ ਤੇ ਸਤੁੰਸ਼ਟ ਹੋ ਬੈਠਦੇ ਹਨ ਤੇ ਗੁਰ-ਸਿਖ ਦਾ ਦਸਮ-ਦੁਆਰ ਵਿਖੇ ਪਰਮ ਆਤਮ ਦੀ ਲਖਤਾ ਤੱਕ ਦਾ ਸਫਰ ਹਾਲੇ ਜਾਰੀ ਹੈ।

ਹੁਣ ਤੱਕ ਅਸੀਂ ਆਤਮ-ਲਖਤਾ ਤੱਕ ਪਹੁੰਚਦੇ ਢੰਗ ਤਰੀਕਿਆਂ ਅਤੇ ਗੁਰਮੱਤਿ ਅਨੁਸਾਰ ਨਾਭ ਕੰਵਲ ਦੇ ਪ੍ਰਕਾਸ਼ ਵਾਰੇ ਸੰਖੇਪ ਜਿਹੀ ਵਿਚਾਰ ਕੀਤੀ ਹੈ, ਪਰ ਲੇਖ ਦੇ ਆਰੰਭ ਵਿੱਚ ਪੈਦਾ ਹੋਏ ਦੋ ਸਵਾਲ ਤਾਂ ਹਾਲੇ ਹੱਲ ਨਹੀਂ ਹੋਏ। ਪਹਿਲਾਂ ਸਵਾਲ ਇਹ ਹੈ ਕਿ ਅੰਮ੍ਰਿਤ-ਪਾਨ ਦੀ ਲੋੜ ਕਿਉਂ ਪਈ ? ਇਸਦੇ ਉੱਤਰ ਵਿੱਚ ਅਰਜ਼ ਹੈ ਕਿ ਪਰਮ-ਆਤਮਾ, ਸ਼ਕਤੀ ਹੈ। ਉਸ ਦਾ ਸਰਗੁਣ ਸਰੂਪ, ਜੋਤਿ ਅਤੇ ਨਾਮ ਭੀ ਸ਼ਕਤੀ ਹਨ। ਇਹ ਕੁਦਰਤ ਦੀ ਕਾਇਨਾਤ ਦੇ ਜ਼ੱਰੇ ਜ਼ੱਰੇਂ ਅੰਦਰ ਗੁਪਤ ਰੂਪ ਵਿੱਚ ਮੌਜੂਦ ਹਨ। ਸਾਡੇ ਅੰਦਰੋਂ ਜੋਤਿ ਅਤੇ ਨਾਮ ਨੂੰ ਪ੍ਰਗਟ ਕਰਨ ਲਈ ਪਹਿਲਾਂ ਨਾਮ ਨੂੰ ਪ੍ਰਗਟ ਕਰਨਾ ਹੁੰਦਾ ਹੈ। ਨਾਮ ਨੂੰ ਪ੍ਰਗਟ ਕਰ, ਇਸ ਦੀ ਮੱਦਦ ਨਾਲ ਜੋਤਿ ਨੂੰ ਪ੍ਰਗਟ ਕੀਤਾ ਜਾਂਦਾ ਹੈ। ਨਾਮ ਨੂੰ ਪ੍ਰਗਟ ਕਰਨ ਲਈ, ਸਤਿਗੁਰੂ ਦੀ ਨਿੱਜੀ ਸਹਾਇਤਾ ਦੀ ਲੋੜ ਹੁੰਦੀ ਹੈ।

**"ਹਉ ਬਲਹਾਰੀ ਸਤਿਗੁਰ ਅਪਨੇ**
**ਜਿਨ ਗੁਪਤੁ ਨਾਮੁ ਪਰਗਾਝਾ।।"** (ਪੰਨਾ ੬੯੭)

ਗੁਰਦੀਖਿਆ ਜਾਂ ਅੰਮ੍ਰਿਤ-ਪਾਨ ਕੀ ਹੁੰਦਾ ਹੈ? ਨਿਰੀ ਨਾਮ ਅਭਿਆਸ ਦੀ ਥੱਰਰਾਟ, ਅੰਤਰ ਆਤਮੇ ਚੱਲ ਪੈਂਦੀ ਹੈ। ਇਸ ਗੁਰ ਦੀਖਿਆ ਮਿਲੇ ਬਿਨਾਂ, ਨਾਮ ਅਭਿਆਸ ਦੀ ਨਿਰਗੁਣੀ ਥਰਾਟ ਦੇ ਅੰਤਰ ਆਤਮੇ ਉਪਜਦੀ ਹੀ ਨਹੀਂ। ਨਾਮ ਦੀ ਥੱਰਰਾਟ ਅੰਤਰ ਆਤਮੇ ਉਪਜੇ ਬਿਨਾਂ, ਸਾਸ ਗਿਰਾਸ ਅਤੇ ਸੁੱਤੇ ਪਿਆ ਨਾਮ ਦਾ ਅਭਿਆਸ ਜਾਰੀ ਨਹੀਂ ਰਹਿੰਦਾ। ਨਤੀਜਾ, ਨਾਮ ਦੀ ਅਤੁੱਟ ਕਮਾਈ ਨਹੀਂ ਹੁੰਦੀ। ਨਾਮ ਦੀ ਅਤੁੱਟ ਕਮਾਈ ਤੋਂ ਬਗੈਰ ਦਸਮ-ਦੁਆਰ ਨਹੀਂ ਖੁੱਲ੍ਹਦਾ, ਦਸਮ-ਦੁਆਰ ਖੁੱਲ੍ਹੇ ਬਿਨਾਂ, ਪਰਮ-ਆਤਮਾ ਦੀ ਲਖਤਾ ਨਹੀਂ ਹੁੰਦੀ। ਇਸ ਲਈ ਪਰਮ-ਆਤਮਾ ਲਖਤਾ ਲਈ ਅੰਮ੍ਰਿਤ-ਪਾਨ ਇਕ ਬਹੁਤ ਜ਼ਰੂਰੀ ਅਤੇ ਬੁਨਿਆਦੀ ਸੁਰਤ ਹੈ। ਨਾਮ ਦੀ ਅਤੁੱਟ ਕਮਾਈਆਂ ਕਰਕੇ ਪਹਿਲਾਂ **"ਉਂਧ ਕਵਲ ਬਿਗਸਾਂਤ"** (੨੫੪) ਨਾਭੀ ਤੇ ਮੂਧਾ ਪਿਆ ਕੰਵਲ ਖਿੜਦਾ ਹੈ। ਕੰਵਲ ਦੇ ਖਿੜਨ ਤੇ **"ਪ੍ਰਕਾਸ਼ ਭਇਆ ਕੌਲ ਖਿਲਿਆ"** (੨੪੯) ਇਸ ਵਿੱਚ ਪ੍ਰਕਾਸ਼ ਪੈਦਾ ਹੋ ਜਾਂਦਾ ਹੈ, ਇਹ ਪ੍ਰਕਾਸ਼ ਆਤਮਾ ਦਾ ਹੈ ਜੋ ਕੁਝ ਸੂਰਜਾਂ ਦੇ ਪ੍ਰਕਾਸ਼ ਸਮਾਨ ਹੁੰਦਾ ਹੈ। ਸਤਿਗੁਰੂ ਤੋਂ ਗੁਰਦੀਖਿਆ ਜਾਂ ਅੰਮ੍ਰਿਤ-ਪਾਨ ਸਬੰਧੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਹੇਠ ਲਿਖੇ ਪੁਸਤਕ **"ਨਾਮ ਤੇ ਨਾਮ ਦਾ ਦਾਤਾ ਸਤਿਗੁਰੂ"** ਵਿਚੋਂ ਪੇਸ਼ ਕੀਤੇ ਜਾਂਦੇ ਹਨ।

ਇਸ ਸਿਮਰਨ ਨੂੰ ਅਰਥਾਤ ਗੁਰਮੱਤਿ ਦੇ ਨਾਮ ਦੇ ਸਿਮਰਨ ਨੂੰ ਕੇਵਲ ਸਤਿਗੁਰੂ ਤੋਂ ਪਾ ਕੇ ਹੀ **"ਸਦਾ ਸਦਾ ਸਿਮਰਿ ਦਿਨੁ ਰਾਤਿ।। ਊਠਤ ਬੈਠਤ ਸਾਸਿ ਗਿਰਾਸਿ।।"** (੪੭੧) ਸਿਮਰਿਆ ਜਾ ਸਕਦਾ ਹੈ। ਐਵੇਂ ਨਹੀਂ। ਕੇਵਲ ਸਤਿਗੁਰੂ ਤੋਂ ਗੁਰਮੰਤ੍ਰ ਪ੍ਰਾਪਤ ਕਰਕੇ ਇਸ ਸਿਮਰਨ ਦਾ ਜਾਗਦਿਆਂ ਅਤੇ ਸੁਤਿਆਂ ਪਿਆ ਹੀ ਰਸ ਭੋਗ ਸਕੀਦਾ ਹੈ...... ਮੋਖ ਮੁਕਤ ਮਈ ਕਲਿਆਨ ਕਾਰਨ ਵਾਹਿਗੁਰੂ ਨਾਮ, ਤਿਸ ਵਡ-ਭਾਗੇ


www.AKJ.Org

ਗੁਰਮੁਖ ਜਨ ਦੇ ਹਿਰਦੇ ਵਿਚ ਪ੍ਰਕਾਸ਼ਤ ਹੋਣਾ ਹੈ ਜਿਸ ਨੂੰ ਧੁਰ ਦਰਗਾਹੋਂ ਨਾਮ ਵਡਿਆਈ ਦੀ ਸੱਚੀ ਮਹਿਮਾ ਗੁਰੂਦੁਆਰਿਓਂ ਦੀਖਤ ਹੋ ਚੁੱਕੀ ਹੋਵੇ......... ਗੁਰਮੱਤਿ ਨਾਮ ਦੀ ਮਹਿਮਾ ਮਈ ਗੁਰਦੀਖਿਆ ਧੁਰੋਂ ਆਏ, ਧੁਰੋਂ ਪਠਾਏ ਨਾਮ ਦੁਆਰਾ, ਜੋਤਿ ਪ੍ਰਜੁਲਤ ਅਹਿਸਾਸ ਕੇਵਲ ਗੁਰਦੀਖਿਆ ਦੁਆਰਾ ਦ੍ਰਿੜਾਇਆ, ਨਿਰੰਕਾਰ ਵਾਹਿਗੁਰੂ ਦੀ ਦਰਗਾਹ ਤੋਂ ਆਇਆ, ਗੁਰ-ਮੰਤ੍ਰ ਰੂਪੀ ਨਾਮ, ਆਪਣੀ ਜੋਤਿ-ਕਲਾ ਪ੍ਰਗਟਾਉਂਦੋਂ ਕਦੇ ਵੀ ਆਲ੍ਹਾ ਨਹੀਂ ਜਾ ਸਕਦਾ...... ਗੁਰਮੱਤਿ ਨਾਮ, ਅਰਥਾਤ ਵਾਹਿਗੁਰੂ ਦਾ ਅਭਿਆਸ ਊਠਤ, ਬੈਠਤ, ਸੋਵਤ ਜਾਗਤ, ਸਾਸ ਗਿਰਾਸ ਹੋ ਸਕਦਾ ਹੈ, ਰਸਨਾਂ (ਜੀਭ) ਦੁਆਰਾ ਅਥਵਾ ਸੁਆਸਾਂ ਤੇ ਸੁਰਤੀ ਦੁਆਰਾ।

ਹੁਣ ਰਿਹਾ ਦੂਸਰਾ ਸਵਾਲ ਅਰਥਾਤ ਅਰਧ-ਉਰਧੀ ਸੁਆਸ ਗਿਰਾਸ ਨਾਮ ਅਭਿਆਸ ਦੀ ਵਿਧੀ। ਇਸ ਸਵਾਲ ਦੇ ਉੱਤਰ ਲਈ ਥੋੜ੍ਹਾ ਗੇਹਰਾਈ ਵਿੱਚ ਜਾਣਾ ਪਵੇਗਾ। ਗੁਰਮੱਤਿ ਨਾਮ ਅਭਿਆਸ ਕਮਾਈ ਦੀ ਜੁਗਤੀ Double fold ਜਾਂ ਦੋਹਰੀ ਜੁਗਤੀ ਹੈ ਜਦੋਂ ਕਿ ਵੇਦਾਂਤ, ਯੋਗ, ਬੁਧ ਜਾਂ ਜੈਨ ਆਦਿ ਮੱਤਾਂ ਦੀਆਂ ਜੁਗਤੀਆਂ Single fold ਜਾਂ ਅਕੈਹਰੀਆਂ ਜੁਗਤੀਆਂ ਹਨ। ਅਕੈਹਰੀ ਤੇ ਦੋਹਰੀ ਜੁਗਤੀ ਦਾ ਭਾਵ ਇਹ ਹੈ ਕਿ ਹਿੰਦੂ ਮੱਤਾਂ ਦਾ ਜ਼ਿੰਦਗੀ ਦਾ ਨਿਸ਼ਾਨਾਂ, ਜਨਮ-ਮਰਨ ਤੋਂ ਮੁਕਤੀ ਪ੍ਰਾਪਤ ਕਰਨਾ ਹੈ। ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਉਹ ਆਪਣੀ ਆਤਮਾ ਦਾ ਸਾਖਸ਼ਾਤ ਕਾਰ ਕਰਦੇ ਹਨ। ਇਸ ਉਪਰੰਤ ਜਨਮ ਮਰਨ ਦਾ ਚੱਕਰ ਮੁਕ, ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਆਤਮਾ ਦੇ ਪ੍ਰਕਾਸ਼ ਨੂੰ ਪਰਮ-ਆਤਮਾ ਦਾ ਪ੍ਰਕਾਸ਼ ਮੰਨਦੇ ਹਨ। ਇਸ ਲਈ ਮੈਂ ਹੀ ਬ੍ਰਹਮ ਹਾਂ (ਅਹੰਬ੍ਰਹਮ ਅਸਮੀ) ਦਾ ਐਲਾਨ ਕਰ, ਆਪੂੰ ਹੀ ਬ੍ਰਹਮ ਬਣ ਬੈਠਦੇ ਹਨ।

ਗੁਰਮੱਤ ਨੂੰ ਦੋਹਰੀ ਜਾਂ Double fold ਜੁਗਤੀ ਇਸ ਲਈ ਆਖਿਆ ਹੈ ਕਿ ਇਸ ਵਿੱਚ ਇਕ ਤਾਂ ਹਿੰਦੂਆਂ ਵਾਂਗੂੰ, ਆਤਮਾ ਨੂੰ ਸਾਖਸ਼ਾਤ ਕਰਨਾ ਹੁੰਦਾ ਹੈ, ਭਾਵੇਂ ਉਨ੍ਹਾਂ ਦਾ ਰਸਤਾ ਹੋਰ ਤੇ ਗੁਰਮੱਤਿ ਦਾ ਹੋਰ ਹੈ। ਦੂਸਰੇ, "**ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨਿ।**" (੧੪੨੭) ਦੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ, ਪਰਮ-ਆਤਮਾ ਦੀ ਲਖਤਾ ਜ਼ਰੂਰੀ ਹੈ। ਆਤਮਾਂ ਦਾ ਪ੍ਰਕਾਸ਼ ਨਾਭ ਕੰਵਲ ਤੇ ਹੁੰਦਾ ਹੈ, ਜੋ ਕੁਝ ਸੂਰਜਾਂ ਦੇ ਪ੍ਰਕਾਸ਼ ਸਮਾਨ ਹੁੰਦਾ ਹੈ, ਤੇ ਪਰਮ-ਆਤਮਾ ਦਾ ਪ੍ਰਕਾਸ਼, ਦਸਮ-ਦੁਆਰ ਵਿਖੇ ਹੁੰਦਾ ਹੈ ਜੋ ਕਰੋੜ ਹਾ ਕਰੋੜ ਸੂਰਜਾਂ ਦੇ ਪ੍ਰਕਾਸ਼ ਸਮਾਨ ਹੁੰਦਾ ਹੈ, ਜਿਸ ਨੂੰ ਕਲਗੀਧਰ ਜੀ ਨੇ "**ਪੂਰਨ ਜੋਤਿ ਜਗੈ ਘਟ ਮੈ**" ਕਰਕੇ ਬਿਆਨ ਕੀਤਾ ਹੈ। ਚੂੰਕਿ ਗੁਰਮੱਤਿ ਵਿਚ ਵੱਖੋ ਵੱਖ ਨਿਸ਼ਾਨੇ, ਆਤਮ-ਲਖਤਾ ਅਤੇ ਪਰਮ-ਆਤਮ ਲਖਤਾ, ਪ੍ਰਾਪਤ ਕਰਨੇ ਹੁੰਦੇ ਹਨ, ਇਸ ਲਈ ਗੁਰਮੱਤਿ ਜੁਗਤੀ ਨੂੰ Double fold ਜਾਂ ਦੋਹਰੀ ਜੁਗਤੀ ਦਾ ਨਾਮ ਦਿੱਤਾ ਹੈ।

ਆਤਮ-ਲਖਤਾ ਉਪਰੰਤ, ਸਾਡਾ ਅਗਲਾ ਸਫਰ ਦਸਮ-ਦੁਆਰ ਵਲ ਸ਼ੁਰੂ ਹੁੰਦਾ ਹੈ। ਇਸ ਦਾ ਆਪਣਾ ਵੱਖਰਾ ਰਾਹ ਹੈ। ਇਸ ਰਾਹ ਤੇ ਚੱਲਣ ਦੇ ਢੰਗ ਤਰੀਕੇ ਭੀ ਵੱਖਰੇ ਹਨ। ਆਤਮ-ਲਖਤਾ ਵਿਚ ਸਾਡਾ ਸਾਰਾ ਜ਼ੋਰ, ਮਨ ਦੀ ਇਕਾਗਰਤਾ ਤੇ ਹੁੰਦਾ ਹੈ। ਪਰਮ-ਆਤਮਾ ਦੀ ਲਖਤਾ ਲਈ ਸਾਡਾ ਸਾਰਾ ਜ਼ੋਰ ਰੀੜ੍ਹ ਦੀ ਹੱਡੀ ਦੇ ਨਿਚਲੇ ਸਿਰੇ ਤੋਂ 'ਆਤਮਕ-ਸ਼ਕਤੀ' (Mind Energy) ਨੂੰ ਚੁੱਕ ਕੇ, ਦਸਮ-ਦੁਆਰ ਪਹੁੰਚਾ, ਪਰਮ-ਆਤਮ ਸ਼ਕਤੀ ਦੇ ਨਾਲ ਮਿਲਾਪ ਕਰਾਉਣ ਤੇ ਹੁੰਦਾ ਹੈ। (ਚਲਦਾ)

## ਸਾਬਤ ਸੂਰਤ, ਸਿਰ ਦਸਤਾਰੇ ਹੀ ਰਹਿਣਾ ਜੇ

(ਨਰਿੰਦਰ ਕੌਰ, ਗੁਰਦਾਸਪੁਰ)

ਛਕ ਕੇ ਅੰਮ੍ਰਿਤ, ਕਰੋਂ ਤੂੰ ਪਫ ਨੀ।
ਫੈਸ਼ਨਾਂ ਦੇ ਹੱਦ ਬੰਨੇ, ਜਾਵੇ ਤੂੰ ਟੱਪ ਨੀ।
ਫੈਸ਼ਨਾਂ ਦੇ ਵਿੱਚ ਤੂੰ, ਐਵੇਂ ਰੁੜ੍ਹ ਜਾਣਾ ਏ।
ਇਸ ਸੁਹੱਪਣ ਨੇ, ਸਦਾ ਨਾ ਰਹਿਣਾ ਏ।
ਦਸਤਾਰ ਸਜਾਉਣ ਤੋਂ, ਛੁਪਾਉਂਦੀ ਤੂੰ ਮੂੰਹ ਨੀ।
ਫੈਸ਼ਨਾਂ 'ਚ ਫਸ ਕੇ, ਤੂੰ ਡਿੱਗੀ ਵਿੱਚ ਖੂਹ ਨੀ।
ਦਸਤਾਰ ਸਜਾਉਣੀ, ਹੈ ਹੁਕਮ ਕਰਤਾਰ ਦਾ।
ਅੰਮ੍ਰਿਤ ਪਾਨ ਕਰਨਾ, ਖੰਡੇ ਧਾਰ ਦਾ।
ਨਾਮ 'ਚ ਰੰਗੇ ਜਾਣਾ, ਰੰਗ ਹੋਰ ਲਾਉਣਾ ਨਹੀਂ।
ਹੀਰੇ ਜੈਸੇ ਜਨਮ ਨੂੰ, ਐਵੇਂ ਗਵਾਉਣਾ ਨਹੀਂ।
ਕਿਰਤ ਕਰਨੀ, ਨਾਮ ਜਪਣਾ, ਵੰਡ ਕੇ ਛਕਣਾ ਜੇ।
ਠੱਗੀ, ਠੋਰੀ, ਚੋਰੀ ਤੋਂ, ਸਦਾ ਦੂਰ ਰਹਿਣਾ ਜੇ।
ਭੁੱਲ ਕੇ ਵੀ ਮਾੜੀ ਸੰਗਤ 'ਚ ਨਾ ਪੈਣਾ ਜੇ।
ਸਾਬਤ ਸੂਰਤ, ਸਿਰ ਦਸਤਾਰੇ ਹੀ ਰਹਿਣਾ ਜੇ।



www.AKJ.Org

# ਵਾਰ ਮਾਰੂ ਡਖਣੇ (੬)

(ਭਾਈ ਜੋਗਿੰਦਰ ਸਿੰਘ ਤਲਵਾੜਾ)

**ਡਖਣੇ ਮ: ੫।।**

**ਜਿਨਾ ਪਿਛੈ ਹਉ ਗਈ, ਸੇ ਮੈ ਪਿਛੈ ਭੀ ਰਵਿਆਸੁ।।**
**ਜਿਨਾ ਕੀ ਮੈ ਆਸੜੀ, ਤਿਨਾ ਮਹਿਜੀ ਆਸ।।੧।।**
**ਮ:੫।।ਗਿਲੀ ਗਿਲੀ ਰੋਡੜੀ, ਭਉਦੀ ਭਵਿ ਭਵਿ ਆਇ।।**
**ਜੋ ਬੈਠੇ ਸੇ ਫਾਥਿਆ, ਉਬਰੇ ਭਾਗ ਮਥਾਇ।।੨।।**
**ਮ:੫।।ਡਿਠਾ ਹਭ ਮਝਾਹਿ।। ਖਾਲੀ ਕੋਇ ਨ ਜਾਣੀਐ।।**
**ਤੈ ਸਖੀ ਭਾਗ ਮਥਾਹਿ, ਜਿਨੀ ਮੇਰਾ ਸਜਣੁ ਰਾਵਿਆ।।੩।।**

**ਉਚਾਰਣ** : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੂਰਾਂ ਦਾ ਉਚਾਰਣ ਨਾਸਕੀ ਹੈ :

ਹਉ-ਮੈਂ। ਜਿਨਾ-ਜਿਹੜਿਆਂ। ਤਿਨਾ-ਉਨ੍ਹਾਂ। ਜਿਨਾ, ਤਿਨਾ-'ਨ' ਉਚਾਰਣ ਭਾਰਾ। ਭਉਦੀ-'ਉ' ਉਚਾਰਣ ਨਾਸਕੀ। ਤੈ-ਉਚਾਰਣ ਨਾਸਕਤਾ ਬਿਨਾਂ।

**ਪਦ ਅਰਥ** : ਸੇ-ਉਹ (ਬਹੁ-ਵਚਨ)। ਰਵਿਆਸੁ-ਟੁਰੇ ਫਿਰਦੇ ਹਨ। ਆਸੜੀ-ਆਸ। ਮਹਿਜੀ-ਮੇਰੀ।੧। ਗਿਲੀ ਗਿਲੀ-ਸਿਲ੍ਹ ਕਾਰਨ ਚਿਪ ਚਿਪ ਕਰਦੀ। ਰੋਡੜੀ-ਰੋੜੀ (ਗੁੜ ਦੀ)। ਭਉਦੀ-ਭਉਣ ਵਾਲੀ (ਮੱਖੀ)। ਭਵਿ ਭਵਿ-ਭਉਂ ਭਉਂ ਕੇ। ਸੇ ਫਾਥਿਆ-ਉਹ ਫਸ ਗਏ। ਉਬਰੇ-ਬਚ ਗਏ। ਭਾਗ ਮਥਾਇ-ਮੱਥੇ ਉਤੇ ਚੰਗੇ ਭਾਗ।੨।

ਹਭ ਮਝਾਹਿ-ਸਭਨਾਂ ਵਿਚ। ਤੈ ਸਖੀ-ਤਿਨ੍ਹਾਂ ਸਖੀਆਂ ਦੇ। ਭਾਗ ਮਥਾਹਿ-ਮੱਥੇ ਉਤੇ ਚੰਗੇ ਭਾਗ ਹਨ। ਰਾਵਿਆ-ਭੋਗਿਆ, ਮਾਣਿਆ।੩।

**ਅਰਥ** : ਜਿਨ੍ਹਾਂ ਮਨੁੱਖਾਂ ਦੇ ਮਗਰ ਮੈਂ (ਆਪਣੀ ਗਰਜ਼-ਪੂਰਤੀ ਲਈ) ਗਈ, (ਮੈਨੂੰ ਹੈਰਾਨੀ ਹੋਈ ਕਿ) ਉਹ (ਆਪਣੀ ਗਰਜ਼-ਪੂਰਤੀ ਲਈ) ਸਗੋਂ ਮੇਰੇ ਪਿਛੇ ਫਿਰਦੇ ਹਨ।

ਜਿਨ੍ਹਾਂ ਦੀ ਮੈਂ (ਔਖੇ ਵੇਲੇ ਸਹਾਇਤਾ ਦੀ) ਆਸ ਰਖੀ ਹੋਈ ਸੀ (ਮੈਂ ਵੇਖਿਆ) ਉਨ੍ਹਾਂ ਨੂੰ ਸਗੋਂ ਮੇਰੀ ਆਸ ਲੱਗੀ ਹੋਈ ਹੈ।੧।

ਭਾਵ- **ਮਾਨੁਖ ਕੀ ਟੇਕ ਬਿਰਥੀ ਸਭ ਜਾਨੁ।।੧।।੧੪।।**
(ਸੁਖਮਨੀ ਸਾਹਿਬ)

ਚਿਪ ਚਿਪ ਕਰਦੀ (ਸਿਲ੍ਹ ਕਾਰਨ) ਰੋੜੀ ਉਤੇ (ਮਿਠਾਸ ਦੀ ਚਸਕਾਲੂ) ਮੱਖੀ ਉਡ ਉਡ ਆਉਂਦੀ ਹੈ। (ਗੁੜ ਦੀ ਗਿੱਲੀ ਰੋੜੀ ਵਾਂਗ ਹੀ ਮਾਇਆ ਹੈ, ਜਿਸ ਉਤੇ ਮਨੁੱਖ ਦੀ ਲੋਭੀ ਬਿਰਤੀ ਫਿਰ ਫਿਰ ਲਪਟਾਇਮਾਨ ਹੁੰਦੀ ਹੈ)।

ਜੋ ਜੋ ਜੀਵ (ਇਸ ਫਾਂਧਕ-ਮਾਇਆ ਦੇ ਚਸਕਿਆਂ ਤੇ) ਆ ਟਿਕਦੇ ਹਨ, ਉਹ ਫਸ ਜਾਂਦੇ ਹਨ। ਬਚਦੇ ਕੇਵਲ ਉਹ ਹਨ ਜਿਨ੍ਹਾਂ ਦੇ ਮੱਥੇ ਤੇ ਚੰਗੇ ਭਾਗ (ਧੁਰੋਂ ਲਿਖੇ) ਹੁੰਦੇ ਹਨ।੨।

ਵੇਖਿਆ ਹੈ ਕਿ (ਪ੍ਰਭੂ) ਸਭਨਾਂ ਵਿੱਚ (ਵਿਆਪਕ) ਹੈ, (ਉਸ ਦੀ ਵਿਆਪਕ ਹੋਂਦ ਤੋਂ) ਸਖਣਾ ਕੋਈ ਨਹੀਂ ਜਾਣੀਦਾ। ਤਿਸ ਤਿਸ ਸਖੀ ਦੇ ਮੱਥੇ ਉਤੇ ਚੰਗੇ ਭਾਗ (ਪ੍ਰਗਟ ਹੁੰਦੇ) ਹਨ, ਜਿਸ ਜਿਸ ਨੇ (ਅੰਦਰ ਵਸਦਾ) ਸੱਜਣ-ਪ੍ਰਭੂ ਆਪਣਾ ਜਾਣ ਕੇ (ਅੰਤਰ-ਆਤਮੇ) ਮਾਣਿਆ (ਭੋਗਿਆ) ਹੈ।੩।

**ਪਉੜੀ।।**

**ਹਉ ਢਾਢੀ ਦਰਿ ਗੁਣ ਗਾਵਦਾ, ਜੇ ਹਰਿ ਪ੍ਰਭ ਭਾਵੈ।।**
**ਪ੍ਰਭੁ ਮੇਰਾ ਥਿਰ ਥਾਵਰੀ, ਹੋਰ ਆਵੈ ਜਾਵੈ।।**
**ਸੋ ਮੰਗਾ ਦਾਨੁ ਗੋੁਸਾਈਆ, ਜਿਤੁ ਭੁਖ ਲਹਿ ਜਾਵੈ।।**
**ਪ੍ਰਭ ਜੀਉ ਦੇਵਹੁ ਦਰਸਨੁ ਆਪਣਾ, ਜਿਤੁ ਢਾਢੀ ਤ੍ਰਿਪਤਾਵੈ।।**
**ਅਰਦਾਸਿ ਸੁਣੀ ਦਾਤਾਰਿ ਪ੍ਰਭਿ, ਢਾਢੀ ਕਉ ਮਹਲਿ ਬੁਲਾਵੈ।।**
**ਪ੍ਰਭ ਦੇਖਦਿਆ ਦੁਖ ਭੁਖ ਗਈ, ਢਾਢੀ ਕਉ ਮੰਗਣੁ ਚਿਤਿ ਨ ਆਵੈ।।**
**ਸਭੇ ਇਛਾ ਪੂਰੀਆ, ਲਗਿ ਪ੍ਰਭ ਕੈ ਪਾਵੈ।।**
**ਹਉ ਨਿਰਗੁਣੁ ਢਾਢੀ ਬਖਸਿਓਨੁ, ਪ੍ਰਭਿ ਪੁਰਖਿ ਵੇਦਾਵੈ।।੯।।**

**ਉਚਾਰਣ** : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੂਰਾਂ ਦਾ ਉਚਾਰਣ ਨਾਸਕੀ ਹੈ :

ਮੰਗਾ-ਮੈਂ ਮੰਗਦਾ ਹਾਂ। ਦੇਖਦਿਆ-ਦਰਸ਼ਨ ਕਰਦਿਆਂ। ਇਛਾ-ਮਨੋ-ਕਾਮਨਾ। ਪੂਰੀਆ-ਪੂਰੀਆਂ ਹੋ ਗਈਆਂ। ਗਾਵਦਾ-'ਗਾ' ਉਚਾਰਣ ਨਾਸਕੀ। ਗੋਸਾਈਆ-'ਈ' ਉਚਾਰਣ ਨਾਸਕੀ। ਇਹ ਨਾਸਕਤਾ ਸ਼ਬਦ ਦੇ ਅੰਤਲੇ ਸੂਰ ਨੂੰ ਵੀ ਪ੍ਰਭਾਵਤ ਕਰਦੀ ਹੈ।

**ਪਦ ਅਰਥ** : ਹਉ-ਮੈਂ। ਢਾਢੀ-ਗਾ ਕੇ ਕੀਰਤੀ ਕਰਨ ਵਾਲਾ। ਦਰਿ-ਪ੍ਰਭੂ ਦੇ ਦਰ ਉਤੇ। ਥਿਰ ਥਾਵਰੀ-ਸਦਾ ਸਥਿਰ ਟਿਕਾਣੇ ਵਾਲਾ। ਹੋਰ-ਬਾਕੀ ਲੁਕਾਈ। ਆਵੈ ਜਾਵੈ-ਆਉਂਦੀ ਜਾਂਦੀ (ਜਮਦੀ ਮਰਦੀ ਹੈ)। ਜਿਤੁ-ਜਿਸ ਸਦਕਾ। ਤ੍ਰਿਪਤਾਵੈ-ਪੂਰੀ ਤਰ੍ਹਾਂ ਰਜ ਜਾਵੈ। ਅਰਦਾਸਿ-ਜੋਦੜੀ। ਦਾਤਾਰਿ ਪ੍ਰਭਿ-ਦਾਤੇ ਪ੍ਰਭੂ ਨੇ। ਮਹਲਿ-ਮਹਿਲ ਵਿਚ। ਲਗਿ ਪ੍ਰਭ ਕੈ ਪਾਵੈ-ਪ੍ਰਭੂ ਦੇ ਚਰਨੀਂ ਲਗ ਕੇ। ਨਿਰਗੁਣ-

ਸੂਰਾ

ਗੁਣ-ਹੀਣਾ। ਬਖਸਿਓਨੁ-ਉਸ (ਪ੍ਰਭੂ) ਨੇ ਬਖਸ਼ ਦਿਤਾ। ਪ੍ਰਭਿ ਪੁਰਖਿ-ਪ੍ਰਭੂ ਪੁਰਖ ਨੇ। ਵੇਦਾਵੈ-ਦਾਵੇ-ਹੀਣ, ਨਿਮਾਣੇ ਨੂੰ।

**ਅਰਥ** : ਮੈਂ ਢਾਢੀ ਪ੍ਰਭੂ-ਦਰ ਉਤੇ (ਬੈਠਾ) ਉਸ ਦੇ ਗੁਣ ਗਾਉਂਦਾ ਹਾਂ। ਭਲਾ! ਜੇ ਹਰੀ -ਪ੍ਰਭੂ ਨੂੰ (ਮੇਰੀ ਘਾਲਣਾ) ਕਬੂਲ ਹੋ ਜਾਵੇ !

ਮੇਰਾ ਪ੍ਰਭੂ ਸਦਾ-ਥਿਰ ਟਿਕਾਣੇ ਵਾਲਾ (ਸੱਚ ਸਰੂਪ ਵਾਲਾ) ਹੈ, ਹੋਰ ਸਾਰੀ ਲੁਕਾਈ ਆਉਂਦੀ ਜਾਂਦੀ (ਜੰਮਦੀ ਮਰਦੀ) ਰਹਿੰਦੀ ਹੈ।

ਹੇ ਵਿਸ਼ਵ-ਸੰਸਾਰ ਦੇ ਮਾਲਕ ! ਮੈਂ ਅਜਿਹਾ ਦਾਨ ਮੰਗਦਾ ਹਾਂ ਜਿਸ ਨਾਲ ਮੇਰੀ ਸਾਰੀ ਭੁੱਖ (ਮੰਗਣ ਦੀ ਲਾਲਸਾ) ਮਿਟ ਜਾਵੇ।

ਮਾਲਕ ਪ੍ਰਭੂ ਜੀ ! ਆਪਣਾ ਮੁਬਾਰਕ ਦਰਸ਼ਨ ਬਖਸ਼ੋ, ਜਿਸ ਸਦਕਾ ਆਪ ਦਾ ਢਾਢੀ (ਸਿਫ਼ਤਿ-ਸਾਲਾਹ ਕਰਨ ਵਾਲਾ, ਕੀਰਤਨੀਆ) ਪੂਰਨ ਤੌਰ ਤੇ ਤ੍ਰਿਪਤ ਹੋ ਜਾਵੇ।

ਦਾਤੇ-ਪ੍ਰਭੂ ਨੇ ਜੋਦੜੀ ਸੁਣ ਲਈ ਅਤੇ ਢਾਢੀ ਨੂੰ ਆਪਣੇ ਨਿਜ-ਮਹਿਲ ਵਿਚ ਬੁਲਾ ਲਿਆ।

ਪ੍ਰਭੂ ਦੇ ਦੀਦਾਰ ਕਰਦਿਆਂ ਹੀ (ਮੈਂ ਢਾਢੀ) ਦੀ ਦੁਖਦਾਈ ਭੁਖ (ਮੰਗਣ ਦੀ ਲਾਲਸਾ) ਮਿਟ ਗਈ। (ਪ੍ਰਭੂ-ਦਰਸ਼ਨ ਸਦਕਾ ਪੂਰਨ ਤ੍ਰਿਪਤੀ ਹੋ ਗਈ) ਢਾਢੀ ਨੂੰ (ਹੋਰ ਕੁਝ) ਮੰਗਣਾ ਚੇਤੇ ਨਾ ਰਿਹਾ।

ਪ੍ਰਭੂ ਦੇ ਚਰਨੀਂ ਲਗ ਕੇ ਸਾਰੀਆ ਇਛਾਵਾਂ (ਸੁਤੇ ਹੀ) ਪੂਰੀਆਂ ਹੋ ਗਈਆਂ।

ਉਸ ਪ੍ਰਭੂ-ਪੁਰਖ ਨੇ ਮੈਨੂੰ ਗੁਣ-ਹੀਣੇ ਅਤੇ ਨਿਮਾਣੇ ਢਾਢੀ ਨੂੰ (ਸਭ ਕੁਝ) ਬਖ਼ਸ਼ ਦਿਤਾ। (ਭਾਵ, ਪ੍ਰਭੂ ਦੇ ਦਰਸ਼ਨਾਂ ਵਿੱਚ ਸਭ ਕੁਝ ਆ ਗਿਆ)।੯।

ਡਖਣੇ ਮ: ੫।।

**ਜਾ ਛੁਟੇ ਤਾ ਖਾਕੁ ਤੂੰ ਸੁੰਞੀ ਕੰਤੁ ਨ ਜਾਣਹੀ।।**
**ਦੁਜਨ ਸੇਤੀ ਨੇਹੁ ਤੂੰ ਕੈ ਗੁਣਿ ਹਰਿ ਰੰਗੁ ਮਾਣਹੀ।।੧।।**
**ਮ:੫।।ਨਾਨਕ ਜਿਸੁ ਬਿਨੁ ਘੜੀ ਨ ਜੀਵਣਾ,**
**ਵਿਸਰੇ ਸਰੈ ਨ ਬਿੰਦ।।**
**ਤਿਸੁ ਸਿਉ ਕਿਉ ਮਨ ਰੂਸੀਐ, ਜਿਸਹਿ ਹਮਾਰੀ ਚਿੰਦ।।੨।।**
**ਮ: ੫।। ਰਤੇ ਰੰਗਿ ਪਾਰਬ੍ਰਹਮ ਕੈ, ਮਨੁ ਤਨਿ ਅਤਿ ਗੁਲਾਲੁ।।**
**ਨਾਨਕ ਵਿਣੁ ਨਾਵੈ ਆਲੂਦਿਆ, ਜਿਤੀ ਹੋਰ ਖਿਆਲੁ।।੨।।**

**ਉਚਾਰਣ** : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ :

ਜਾ-ਜਦੋਂ। ਤਾ-ਤਦੋਂ। ਨਾ ਜਾਣਹੀ-ਤੂੰ (ਕਿਉਂ) ਨਹੀਂ ਜਾਣਦੀ ? ਮਾਣਹੀ-ਤੂੰ ਮਾਣ ਸਕਦੀ ਹੈ ? ਕਿਉਂ-ਕਾਹਦੇ ਲਈ ?

**ਪਦ ਅਰਥ** : ਛੁਟੇ-ਪ੍ਰਾਣ ਛੁਟ ਗਏ। ਖਾਕੁ-ਮਿੱਟੀ। ਸੁੰਞੀ-ਸਖਣੀ (ਪ੍ਰਾਣਾਂ ਤੋਂ) ਕੰਤੁ-ਨ ਜਾਣਹੀ-ਪਤੀ ਨੂੰ ਕਿਉਂ ਨਹੀਂ ਜਾਣਦੀ। ਦੁਰਜਨ ਸੇਤੀ-ਕਾਮਾਦਿਕ ਵੈਰੀਆਂ ਨਾਲ। ਨੇਹੁ-ਪਿਆਰ। ਕੈ ਗੁਣਿ-ਕਿਹੜੇ ਚਜ-ਵਸ ਕਰਕੇ, ਕਿਵੇਂ ? ਹਰਿ ਰੰਗੁ-ਪ੍ਰਭੂ ਦਾ ਪਿਆਰ।੧।

ਨ ਜੀਵਣਾ-ਜੀਊਣਾ ਸੰਭਵ ਨਹੀਂ। ਵਿਸਰੇ-ਵਿਸਰਿਆਂ। ਸਰੈ ਨ-ਗੁਜ਼ਾਰਾ ਨਹੀਂ ਹੁੰਦਾ। ਬਿੰਦ-ਪਲ ਭਰ। ਰੁਸੀਐ-ਰੁਸੇਵਾਂ ਕਰੀਏ। ਜਿਸਹਿ-ਜਿਸ ਨੂੰ। ਚਿੰਦ-ਚਿੰਤਾ, ਫ਼ਿਕਰ, ਸੰਭਾਲ।੨।

ਰਤੇ-ਰੰਗੇ ਹੋਏ ਹਨ। ਰੰਗਿ-ਪਿਆਰ-ਰੰਗ ਵਿਚ। ਅਤਿ ਗੁਲਾਲੁ-ਬਹੁਤ ਗੂੜ੍ਹਾ ਲਾਲ। ਆਲੂਦਿਆ-ਮੈਲ ਨਾਲ ਲਿਬੜੇ ਹੋਏ, ਮਲੀਨ। ਜਿਤੀ-ਜਿੰਨਾ ਵੀ। ਖਿਆਲੁ - ਸੰਕਲਪ।੩।

**ਅਰਥ** : ਹੇ (ਅਕਲ ਤੋਂ) ਸੁੰਞੀ ਦੇਹੀ ! ਤੂੰ ਆਤਮਾ-ਪਤੀ (ਦੀ ਕਦਰ ਕੀਮਤ) ਨੂੰ ਨਹੀਂ ਜਾਣਦੀ। ਜਦੋਂ ਤੇਰੇ ਵਿਚੋਂ ਪ੍ਰਾਣ ਭਾਵ ਆਤਮਾ ਉਡਾਰੀ ਮਾਰ ਗਿਆ ਤਾਂ ਤੂੰ ਖ਼ਾਕ (ਮਿੱਟੀ ਦੀ ਢੇਰੀ) ਹੋ ਜਾਏਂਗੀ।

ਭਲਾ ਦੱਸ, (ਅੰਦਰ ਖਰੂਦ ਮਚਾਣ ਵਾਲੇ ਕਾਮਾਦਿਕ) ਵੈਰੀਆਂ ਨਾਲ ਪਿਆਰ ਪਾ ਕੇ ਤੂੰ ਉਸ ਰੰਗੀਲੇ ਹਰੀ ਦਾ ਪਿਆਰ ਕਿਵੇਂ ਮਾਣ ਸਕਦੀ ਹੈਂ ?।੧।

(ਗੁਰਦੇਵ 'ਨਾਨਕ' ਮੁਹਰ-ਛਾਪ ਲਾ ਕੇ ਜੀਵ ਦੇ ਮਨ ਨੂੰ ਸਮਝਾਉਣ ਦਾ ਵਲ ਸਿਖਾਉਂਦੇ ਹਨ) ਹੇ ਮਨ ! ਜਿਸ (ਪ੍ਰਭੂ) ਤੋਂ ਬਗ਼ੈਰ ਪਲ ਭਰ ਭੀ ਜੀਊਣਾ ਸੰਭਵ ਨਹੀਂ ਤੇ ਜਿਸ ਤੋਂ ਵਿਸਰਿਆਂ ਖਿਨ ਪਲ ਵੀ ਸਰਦਾ ਨਹੀਂ, ਉਸ (ਸਰਬ-ਆਧਾਰ ਪ੍ਰਭੂ) ਨਾਲ ਫਿਰ ਰੋਸਾ ਕਿਉਂ ਕਰੀਏ, ਜਿਸ ਨੂੰ ਸਾਡੀ (ਸਾਰਿਆਂ ਦੀ) ਸਾਰ-ਸੰਭਾਲ ਹੈ।੨।

ਜੋ ਜੀਵ (ਅੰਤਰ-ਆਤਮੇ) ਪਾਰਬ੍ਰਹਮ ਦੇ ਪਿਆਰ-ਰੰਗ ਵਿੱਚ ਰੰਗੇ ਹੁੰਦੇ ਹਨ, ਉਨ੍ਹਾਂ ਦਾ ਮਨ ਤੇ ਤਨ (ਮਜੀਠ ਦੇ ਗੂੜ੍ਹੇ ਰੰਗ ਵਿਚ ਰੰਗੇ ਬਸਤਰ ਵਾਂਗ) ਲਾਲੋਂ ਲਾਲ ਹੋ ਜਾਂਦਾ ਹੈ।

ਨਾਨਕ ! ਨਾਮ ਤੋਂ ਬਗ਼ੈਰ ਜਿੰਨਾ ਵੀ ਹੋਰ ਸੰਕਲਪ ਹੈ, ਸਾਰੇ ਦਾ ਸਾਰਾ (ਵਿਕਾਰਾਂ ਦੀ) ਮੈਲ ਨਾਲ ਲਿਬੜਿਆ ਹੁੰਦਾ ਹੈ।੩।


www.AKJ.Org

**ਪਉੜੀ।।**

**ਹਰਿ ਜੀਉ ਜਾ ਤੂ ਮੇਰਾ ਮਿਤ੍ਰੁ ਹੈ. ਤਾ ਕਿਆ ਮੈ ਕਾੜਾ।।**
**ਜਿਨੀ ਠਗੀ ਜਗੁ ਠਗਿਆ. ਸੇ ਤੁਧੁ ਮਾਰਿ ਨਿਵਾੜਾ।।**
**ਗੁਰਿ ਭਉਜਲੁ ਪਾਰਿ ਲੰਘਾਇਆ. ਜਿਤਾ ਪਾਵਾੜਾ।।**
**ਗੁਰਮਤੀ ਸਭਿ ਰਸ ਭੋਗਦਾ. ਵਡਾ ਆਖਾੜਾ।।**
**ਸਭਿ ਇੰਦ੍ਰੀਆ. ਵਸਿ ਕਰਿ ਦਿਤੀਓ ਸਤਵੰਤਾਸਾੜਾ।।**
**ਜਿਤੁ ਲਾਈਅਨਿ ਤਿਤੈ ਲਗਦੀਆ ਨਹ ਖਿੰਜੋਤਾੜਾ।।**
**ਜੋ ਇਛੀ ਸੋ ਫਲੁ ਪਾਇਦਾ ਗੁਰਿ ਅੰਦਰਿ ਵਾੜਾ।।**
**ਗੁਰ ਨਾਨਕੁ ਤੁਠਾ ਭਾਇਰਹੁ ਹਰਿ ਵਸਦਾ ਨੇੜਾ।।੧੦।।**

**ਉਚਾਰਣ** : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸ੍ਵਰਾਂ ਦਾ ਉਚਾਰਣ ਨਾਸਕੀ ਹੈ :

ਜਾ-ਜਦੋਂ। ਤਾ-ਤਦੋਂ। ਹੈ-ਤੂੰ ਹੈਂ। ਜਿਨੀ-ਜਿਨ੍ਹਾਂ ਨੇ। ਠਗੀ-ਠੱਗਾਂ ਨੇ। ਇੰਦ੍ਰੀਆ-ਸਰੀਰ ਦੇ ਸੂਖਮ ਅਤੇ ਅਸਥੂਲ ਅੰਗ, ਜਿਨ੍ਹਾਂ ਦੁਆਰਾ ਪਦਾਰਥ-ਗਿਆਨ ਪ੍ਰਾਪਤ ਕਰੀਦਾ ਹੈ ਅਤੇ ਅੰਦਰਲੇ ਬਾਹਰਲੇ ਕਾਰਜ ਸਿਧ ਕਰੀਦੇ ਹਨ। ਲਗਦੀਆ-ਲਗਦੀਆਂ ਹਨ। ਇਛੀ-ਮੈਂ ਚਾਹੁੰਦਾ ਹਾਂ।

ਕਾੜਾ - 'ੜ' ਉਚਾਰਣ ਭਾਰਾ।
ਜਿਨੀ - 'ਨ' ਉਚਾਰਣ ਭਾਰਾ।
ਨਹ - 'ਹ' ਦਾ ਉਚਾਰਣ 'ਹਿ' ਵਾਂਗ ਦਰੁਸਤ ਨਹੀਂ।
ਪਾਇਦਾ - 'ਇ' ਉਚਾਰਣ ਨਾਸਕੀ।

**ਪਦ ਅਰਥ** : ਕਾੜਾ-ਝੋਰਾ। ਨਿਵਾੜਾ-ਨਿਵਾਰਾ, ਦੂਰ ਕਰ ਦਿਤੇ ਹਨ। ਗੁਰਿ-ਗੁਰੂ ਨੇ। ਭਉਜਲੁ-ਸੰਸਾਰ-ਸਾਗਰ ਤੋਂ। ਪਾਵਾੜਾ-ਪੁਆੜਾ, ਬਿਖਮ ਆਖਾੜਾ। ਗੁਰਮਤੀ-ਗੁਰੂ ਦੀ ਮਤਿ ਅਨੁਸਾਰ। ਸਤਵੰਤਾਸਾੜਾ-(ਸਤਵੰਤ+ਅਸਾੜਾ ਦੀ ਸੰਧੀ)। ਸਤਵੰਤਾ-ਉਚੇ ਆਚਰਣ ਵਾਲਾ, ਸਤਵਾਦੀ। ਸਾੜਾ-ਸਾਡਾ, ਆਪਣਾ। ਜਿਤੁ-ਜਿਸ ਪਾਸੇ। ਲਾਈਅਨਿ-ਲਾਈਦੀਆਂ ਹਨ। ਤਿਤੈ-ਓਸੇ ਪਾਸੇ। ਖਿੰਜੋਤਾੜਾ-ਕਸ਼-ਮ-ਕਸ਼, ਖਿੱਚੋਤਾਣ। ਪਾਇਦਾ-ਪ੍ਰਾਪਤ ਕਰ ਲੈਂਦਾ ਹਾਂ। ਅੰਦਰਿ ਵਾੜਾ-ਅੰਤਰਮੁਖੀ ਕਰ ਦਿਤਾ ਹੈ। ਭਾਇਰਹੁ-ਹੇ ਭਾਈਓ !।੧੦।

**ਅਰਥ** : ਹਰੀ ਪ੍ਰਭੂ ਜੀ ! ਜਦ ਤੂੰ (ਸਰਬ ਕਲਾ ਸਮਰੱਥ) ਮੇਰਾ ਸੱਜਣ ਹੈਂ ਤਾਂ ਫਿਰ ਮੈਨੂੰ ਕਾਹਦਾ ਝੋਰਾ ?

ਜਿਨ੍ਹਾਂ (ਕਾਮਾਦਿਕ) ਠੱਗਾਂ ਨੇ ਸਾਰਾ ਸੰਸਾਰ ਲੁਟ ਮਾਰਿਆ ਹੈ, ਉਹਨਾਂ (ਠੱਗਾਂ ਨੂੰ) ਤੂੰ ਮਾਰ ਕੇ ਮੇਰੇ ਮਗਰੋਂ ਲਾਹ ਦਿਤਾ ਹੈ।

ਮੈਨੂੰ ਗੁਰੂ ਨੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦਿਤਾ ਹੈ ਤੇ ਮੈਂ ਸਾਰਾ (ਵਿਕਾਰਾਂ ਨਾਲ ਟਾਕਰੇ ਦਾ) ਬਿਖਮ ਅਖਾੜਾ ਜਿਤ ਲਿਆ ਹੈ।

ਸੰਸਾਰ ਇਕ ਵੱਡਾ ਸੰਘਰਸ਼-ਖੇਤਰ ਹੈ (ਇਸ ਵਿਚ ਜੀਵ ਦਾ ਮਾਇਕੀ ਚਸਕਿਆਂ ਅਤੇ ਕਾਮਾਦਿਕ ਵਿਕਾਰਾਂ ਨਾਲ ਟਾਕਰਾ ਹੈ), ਮੈਂ ਗੁਰੂ ਦੀ ਮਤਿ ਅਨੁਸਾਰ (ਚਸਕੇ ਤੋਂ ਨਿਰਲੇਪ ਰਹਿੰਦਾ ਹੋਇਆ) ਸਾਰੇ ਰਸ ਕਸ ਮਾਣਦਾ ਹਾਂ।

ਸਤਵੰਤਾਂ-ਪ੍ਰਭੂ ਸਾਡਾ (ਮਿੱਤਰ) ਹੋ ਗਿਆ ਹੈ, ਜਿਸ ਨੇ (ਸਾਡੀਆਂ) ਸਾਰੀਆਂ (ਗਿਆਨ ਅਤੇ ਕਰਮ) ਇੰਦਰੀਆਂ (ਸਾਡੇ) ਵਸ ਵਿੱਚ ਕਰ ਦਿੱਤੀਆ ਹਨ।

ਹੁਣ ਜਿਸ ਕੰਮ ਵਿੱਚ ਇਹ (ਇੰਦ੍ਰੀਆਂ) ਲਾਈਦੀਆਂ ਹਨ ਓਸੇ ਵਿੱਚ ਲਗਦੀਆਂ ਹਨ, ਕੋਈ ਖਿੱਚੋਤਾਣ ਨਹੀਂ ਰਿਹਾ।

ਗੁਰੂ ਨੇ ਮੈਨੂੰ ਅੰਤਰਮੁਖੀ ਕਰ ਦਿਤਾ ਹੈ; ਜੋ ਚਿਤਵਦਾ ਹਾਂ ਓਹੀ ਫਲ ਪ੍ਰਾਪਤ ਕਰ ਲੈਂਦਾ ਹਾਂ।

ਹੇ ਭਰਾਵੋ ! ਗੁਰੂ ਨਾਨਕ ਮੇਰੇ ਤੇ ਮਿਹਰਵਾਨ ਹੋ ਗਿਆ ਹੈ, (ਜਿਸ ਕਰਕੇ) ਹੁਣ ਹਰੀ-ਪ੍ਰਭੂ ਨੇੜੇ ਵਸਦਾ (ਅਨੁਭਵ ਹੁੰਦਾ) ਹੈ।੧੦।

## ਰੁਬਾਈਆਂ

### ਮਿਹਰ

(ਤੇਗਬਹਾਦਰ ਸਿੰਘ ਤੇਗ)

ਜਿਹੜੇ ਸੀਸ ਤਲੀ ਤੇ ਧਰ ਲੈਂਦੇ।
ਉਹ ਦੁੱਖ ਦੇ ਪਰਬਤ ਜਰ ਲੈਂਦੇ।
ਜੇ ਮਿਹਰ ਗੁਰੂ ਦੀ ਹੋ ਜਾਵੇ,
ਕਰ ਦੁਨੀਆਂ ਨੂੰ ਉਹ ਸਰ ਲੈਂਦੇ।

### ਕਹਿਣੀ ਤੇ ਕਰਨੀ

ਕਹਿਣੇ ਨਾਲੋਂ ਕਰਨਾ ਸਿੱਖੋ।
ਖਹਿਣੇ ਨਾਲੋਂ ਜਰਨਾ ਸਿੱਖੋ।
ਚੁੰਜ ਗਿਆਨ ਨੂੰ ਛੱਡ ਕੇ 'ਤੇਗ',
ਜਾਨ ਤਲੀ ਤੇ ਧਰਨਾ ਸਿੱਖੋ।


www.AKJ.Org

# ਗੁਰੂ ਨਾਨਕ ਨਿਰੰਕਾਰੀ–ਮਹਾਨ ਵਿਗਿਆਨੀ

(ਸ੍ਰ: ਪ੍ਰੀਤਮ ਸਿੰਘ ਜੀ ਅਨਜਾਣ)

ਆਮ ਤੌਰ ਤੇ ਸਾਹਿਤ ਨੂੰ ਵਿਗਿਆਨ ਨਾਲੋਂ ਨਿਖੇੜ ਕੇ ਪੇਸ਼ ਕੀਤਾ ਜਾਂਦਾ ਹੈ। ਕਾਫੀ ਹੱਦ ਤੱਕ ਇਹ ਹੈ ਵੀ ਠੀਕ। ਪਰ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਜਿਸ ਸਾਹਿਤ ਦੀ ਨੀਂਹ ਸਦਾਚਾਰਕ ਅਤੇ ਵਿਗਿਆਨਕ ਤੱਥਾਂ ਉੱਤੇ ਰੱਖੀ ਹੋਵੇ, ਉਹ ਚਿਰ ਸਥਾਈ ਹੁੰਦਾ ਹੈ, ਸਗੋਂ ਉਹ ਸਦਾ ਲਈ ਅਮਰ ਹੁੰਦਾ ਹੈ। ਗੁਰੂ ਨਾਨਕ ਨਿਰੰਕਾਰੀ ਦਾ ਸਾਹਿਤ ਇਸ ਸ਼੍ਰੇਣੀ ਵਿੱਚ ਸ਼ਾਮਿਲ ਹੈ।

ਗੁਰੂ ਜੀ ਦੇ ਵਰਣਿਤ ਕੀਤੇ ਹੋਏ ਤੱਥ ਭੌਤਿਕ ਵਿਗਿਆਨ (Physics), ਰਸਾਇਣਕ ਵਿਗਿਆਨ (Chemistry), ਵਨਸਪਤਿ ਵਿਗਿਆਨ (Botany), ਸ੍ਰੀਰਕ ਵਿਗਿਆਨ (Physiology), ਖਗੋਲ ਵਿਗਿਆਨ (Astronomy), ਭੂਗੋਲ ਵਿਗਿਆਨ (Geography) ਅਤੇ ਸਾਗਰ ਵਿਗਿਆਨ (Oceanography) ਨਾਲ ਸੰਬੰਧ ਰਖਦੇ ਹਨ ਅਤੇ ਇਸ ਖੋਜ-ਵਿਦਿਆ ਦਾ ਸੋਮਾ ਹੈ ਗੁਰਬਾਣੀ-ਸਾਹਿਤ ਮੂਲ ਸਰੋਤ- 'ਸ੍ਰੀ ਗੁਰੂ ਗਰੰਥ ਸਾਹਿਬ ਜੀ।'

ਜੇ ਇਸ ਸਮੁੱਚੇ ਸਾਹਿਤ ਵਿੱਚੋਂ ਵਿਗਿਆਨਕ ਤੱਥਾਂ ਦਾ ਉਲੇਖ ਕਰਨਾ ਚਾਹੀਏ ਤਾਂ ਇਹ ਕਿਸੇ ਛੋਟੇ ਮੋਟੇ ਲੇਖ ਦਾ ਵਿਸ਼ਾ ਨਹੀਂ, ਸਗੋਂ ਵੱਡੇ ਆਕਾਰ ਵਾਲੀਆਂ ਕਈ ਪੁਸਤਕਾਂ ਦਾ ਵਿਸ਼ਾ ਹੈ। ਇਸ ਲੇਖ ਵਿੱਚ ਗੁਰੂ ਨਾਨਕ ਬਾਣੀ ਵਿਚਲੇ ਕੁੱਝ ਕੁ ਤੱਤਾਂ ਨੂੰ ਵਰਨਣ ਕਰਕੇ ਇਹ ਸਿੱਧ ਕਰਨ ਦਾ ਯਤਨ ਹੈ ਕਿ-

ਗੁਰੂ ਨਾਨਕ ਸਾਹਿਬ ਉਚ ਅਨੁਭਵੀ ਪੁਰਸ਼ ਹੋਣ ਦੇ ਨਾਲ ਨਾਲ ਇੱਕ ਮਹਾਨ ਵਿਗਿਆਨੀ ਵੀ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਧਿਆਨ ਨਾਲ ਪੜ੍ਹਿਆ ਤੇ ਵਿਚਾਰਿਆਂ ਪਤਾ ਲੱਗਦਾ ਹੈ ਕਿ ਇਸ ਵਿੱਚ ਵਿਗਿਆਨ ਦੇ ਉਹ ਸਾਰੇ ਤੱਥ ਪਹਿਲਾਂ ਤੋਂ ਹੀ ਮੌਜੂਦ ਹਨ, ਜਿਹੜੇ ਨਵੀਨ ਵਿਗਿਆਨੀਆਂ ਨੇ ਹੁਣੇ-ਹੁਣੇ ਬੜੀ ਸਿਰ-ਖਪਾਈ ਪਿਛੋਂ ਕੁਝ ਲੱਭੇ ਹਨ ਅਤੇ ਕਈਆਂ ਨੂੰ ਲੱਭਣ ਲਈ ਅਜੇ ਵੀ ਯਤਨ ਕਰ ਰਹੇ ਹਨ।

ਅੱਜ ਦੀ ਵਿਗਿਆਨਕ ਸਭਿਅਤਾ ਦੇ ਮੁਕਾਬਲੇ ਤੇ ਜੇ ਗੁਰੂ ਜੀ ਦੇ ਸਮੇਂ ਦੀ ਪ੍ਰੰਪਰਾਗਤ ਸਭਿਅਤਾ ਨੂੰ ਸਾਹਮਣੇ ਰੱਖ ਕੇ ਦੇਖਿਆ ਜਾਏ ਤਾਂ ਸਾਇੰਸਦਾਨ-

ਸ੍ਰੀ ਗੁਰੂ ਨਾਨਕ ਜੀ ਦੇ ਸਾਹਮਣੇ ਅਜੋਕੇ ਵਿਗਿਆਨੀ ਹੇਚ ਹਨ, ਕਿਉਂਕਿ ਅੱਜ ਦੇ ਸਮੇਂ ਕੋਈ ਨਵਾਂ ਤੱਥ ਲੱਭਣਾ ਇੰਨਾਂ ਮੁਸ਼ਕਲ ਨਹੀਂ, ਜਿੰਨਾ ਕਿ ਗੁਰੂ ਸਾਹਿਬ ਦੇ ਵਕਤ ਮੁਸ਼ਕਲ ਸੀ। ਪੰਦਰ੍ਹਵੀਂ ਸਦੀ ਦੇ ਹਾਲਾਤ ਅੱਜ ਤੋਂ ਵਿਪਰੀਤ ਸਨ, ਜਦ ਕਿ ਲੋਕਾਈ ਕਿਸੇ ਨਵੀਂ ਵਿਗਿਆਨਕ ਸਚਾਈ ਨੂੰ ਸਵੀਕਾਰ ਕਰਨ ਲਈ ਵੀ ਤਿਆਰ ਨਹੀਂ ਸੀ। ਮਿਸਾਲ ਵਜੋਂ ਧੌਲ ਦਾ ਅੰਧ-ਵਿਸ਼ਵਾਸ਼ ਹੀ ਲੈ ਲਓ। ਕੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਵੀ ਕਿਸੇ ਸਿੱਧ ਕਰ ਕੇ ਦਿਖਾਇਆ ਕਿ ਇਹ ਧੌਲ ਕੀ ਹੈ, ਜਾਂ ਧਰਤੀ ਕਿਸ ਆਸਰੇ ਖੜ੍ਹੀ ਹੈ ? ਹਰ ਹਾਲਤ ਵਿੱਚ ਇਹ ਕਹਿਣਾ ਤੇ ਮੰਨਣਾ ਪਵੇਗਾ ਕਿ-

**ਕੇਵਲ ਮਹਾਨ ਸਾਇੰਸਦਾਨ ਗੁਰੂ ਨਾਨਕ ਨਿਰੰਕਾਰੀ ਨੇ ਹੀ ਵਿਸ਼ਵ ਨੂੰ ਦੱਸਿਆ ਕਿ ਧਰਤੀ ਇੱਕ ਨਹੀਂ, ਸਗੋਂ ਅਨਗਿਣਤ ਧਰਤੀਆਂ ਹਨ, ਅਤੇ ਉਹ ਕਿਸੇ ਬਲਦ ਦੇ ਸਹਾਰੇ ਨਹੀਂ, ਸਗੋਂ ਵਾਹਿਗੁਰੂ ਜੀ ਦੇ ਹੁਕਮ ਵਿੱਚ ਕਾਇਮ ਹਨ।**

ਇਹ ਉਹ ਕਾਦਰ ਦਾ ਇਕ ਸਿਧਾਂਤ ਹੈ, ਜਿਸ ਵਿਚ ਅੱਗੋਂ ਕਈ ਉਪ-ਨਿਯਮ ਸ਼ਾਮਲ ਹਨ, ਜਿਵੇਂ- ਧਰਤ-ਖਿੱਚ, ਸੂਰਜ-ਖਿੱਚ, ਚੰਦਰਮਾ-ਖਿੱਚ ਆਦਿ। ਮਿਲਵੇਂ ਰੂਪ ਵਿੱਚ ਇਹ ਸਾਰੇ ਇਕ ਸਿਧਾਂਤ ਦਾ ਰੂਪ ਧਾਰਨ ਕਰ ਲੈਂਦੇ ਹਨ, ਜੋ ਕਿ ਅਕਾਲ ਪੁਰਖ ਨੇ ਦਇਆ-ਦ੍ਰਿਸ਼ਟੀ ਵਿਚ ਆ ਕੇ ਬਣਾਇਆ ਹੈ। ਇਹ ਕਾਨੂੰਨ ਆਦਿ ਜੁਗਾਦਿ ਤੋਂ ਇਸੇ ਤਰ੍ਹਾਂ ਕੰਮ ਕਰਦਾ ਚਲਾ ਆਉਂਦਾ ਹੈ ਅਤੇ ਬ੍ਰਹਿਮੰਡ ਦੇ ਸਾਰੇ ਗ੍ਰਹਿ ਉਸੇ ਸਬਰ ਸੰਤੋਖ ਵਿਚ ਬੱਝੇ, ਆਪਣੇ ਥਾਂ-ਸਿਰ-ਥਾਂ ਟਿਕੇ ਚਲੇ ਆਂਦੇ ਹਨ।

**ਧੌਲੁ ਧਰਮੁ ਦਇਆ ਕਾ ਪੂਤੁ।।**
**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।।**

(ਜਪੁਜੀ, ਪਉੜੀ ੧੬)

ਗੁਰੂ ਨਾਨਕ ਨਿਰੰਕਾਰੀ ਰੱਬੀ ਚਮਤਕਾਰ ਦੇ ਗੂੜ੍ਹੇ ਭੇਤੀ ਸਨ, ਤਾਹੀਓਂ ਤਾਂ ਉਹ ਫੁਰਮਾਂਦੇ ਹਨ ਕਿ ਜੇ ਕੋਈ ਸੱਚਾਈ ਤੋਂ ਇਨਕਾਰ ਕਰਦਾ ਹੈ ਤਾਂ ਫਿਰ ਧਰਤੀਆਂ ਤਾਂ ਬੇਅੰਤ ਹਨ, ਹੋਰ ਦੇ ਥਲੇ ਹੋਰ ਹੋਰ, ਜਿਨ੍ਹਾਂ



www.AKJ.Org

ਦਾ ਕੋਈ ਅੰਤ ਨਹੀਂ। ਫਿਰ ਦਸੋ ਕਿ ਉਨ੍ਹਾਂ ਦੇ ਥੱਲੇ ਕਿਹੜੇ ਬਲਦ ਦਾ ਆਸਰਾ ਹੈ ?

**'ਧੌਲ ਚੁਕੀ ਖੜੈ'** ਤੋਂ ਸਪਸ਼ਟ ਹੈ ਕਿ ਉਹ ਕਿਸੇ ਹੋਰ ਸਤਹ ਉੱਪਰ ਖੜ੍ਹਾ ਹੈ। ਭਾਵ, ਧੌਲ ਦੇ ਥੱਲੇ ਹੋਰ ਵੀ ਧਰਤੀ ਦੀ ਹੋਂਦ ਹੈ। ਇਸ ਤੋਂ **'ਧਰਤੀ ਹੋਰੁ ਪਰੈ ਹੋਰੁ ਹੋਰੁ'** ਦਾ ਸਿਧਾਂਤ ਸੱਚ ਸਾਬਤ ਹੋ ਜਾਂਦਾ ਹੈ। ਹੁਣ ਸਵਾਲ ਉਠਦਾ ਹੈ ਕਿ ਇਕ ਤੋਂ ਬਾਅਦ ਇਕ ਗਿਣਦਿਆਂ ਆਖ਼ਰੀ ਬਲਦ ਕਿਸ ਸਹਾਰੇ ਖੜ੍ਹਾ ਹੈ ? ਜੇ ਉਹ ਕਿਸੇ ਗੈਬੀ ਸ਼ਕਤੀ ਨਾਲ ਖਿਲਾਅ ਵਿੱਚ ਹੀ ਬਗੈਰ ਥੱਲੜੀ ਸਤਹ-ਹੋਂਦ ਦੇ ਖੜ੍ਹਾ ਹੈ ਤਾਂ ਕੀ ਉਹ ਗੈਬੀ ਤਾਕਤ ਧੌਲ ਤੋਂ ਬਗੈਰ ਧਰਤੀ ਨੂੰ ਨਹੀਂ ਚੁਕ ਸਕਦੀ ? ਹਰ ਹਾਲਤ ਵਿਚ ਕਿਸੀ ਰੱਬੀ ਸ਼ਕਤੀ ਦੀ ਹੋਂਦ ਨੂੰ ਸਵੀਕਾਰ ਕਰਨਾ ਪਏਗਾ।

ਜੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਇਕ ਮਿੰਟ ਵਾਸਤੇ ਅੱਖੋਂ ਓਹਲੇ ਕਰ ਦਈਏ ਤਾਂ ਕੀ ਇਸ ਗੱਲ ਦਾਂ ਕਿਸੇ ਕੋਲ ਕੋਈ ਜਵਾਬ ਹੈ ਕਿ ਸਾਨੂੰ ਆਕਾਸ਼ ਵਿੱਚ ਜਿਹੜੇ ਹੋਰ ਬੇਅੰਤ ਗ੍ਰਹਿ ਦਿਸਦੇ ਹਨ ਉਹ ਕਿਸ ਆਸਰੇ ਖੜ੍ਹੇ ਹਨ ? ਠੀਕ ਇਸੇ ਤਰ੍ਹਾਂ ਇਨ੍ਹਾਂ ਸਤਰਾਂ ਦਾ ਜਵਾਬ ਵੀ ਕੋਈ ਹੀ ਦੇ ਸਕੇਗਾ-

**ਜੇ ਕੋ ਬੁਝੈ ਹੋਵੈ ਸਚਿਆਰੁ।।**
**ਧਵਲੈ ਉਪਰਿ ਕੇਤਾ ਭਾਰੁ।।**
**ਧਰਤੀ ਹੋਰੁ ਪਰੈ ਹੋਰੁ ਹੋਰੁ।।**
**ਤਿਸ ਤੇ ਭਾਰੁ ਤਲੈ ਕਵਣੁ ਜੋਰੁ ?**

(ਜਪੁਜੀ, ਪਉੜੀ ੧੬)

ਕੇਵਲ ਜਪੁਜੀ ਵਿਚ ਹੀ ਕਿੰਨੇ ਨਵੀਨ ਵਿਗਿਆਨਕ ਤੱਥ ਦਰਸਾਏ ਮਿਲਦੇ ਹਨ ! ਕਈ ਥਾਈਂ ਤਾਂ ਗੁਰੂ ਜੀ ਨੇ ਨਵੀਨ ਵਿਗਿਆਨੀਆਂ ਨੂੰ ਚੁਨੌਤੀ ਵੀ ਦਿਤੀ ਹੈ-

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।।**

(ਜਪੁਜੀ, ਪਉੜੀ ੨੨)

ਅਤੇ- **ਕੇਤੀਆ ਖਾਣੀ, ਕੇਤੀਆ ਬਾਣੀ.....।।**

(ਜਪੁਜੀ, ਪਉੜੀ ੩੫)

ਜੇ ਮਨੁੱਖ ਨੇ ਹਾਲਾਂ ਇਹ ਤੱਥ ਨਹੀਂ ਲੱਭੇ ਤਾਂ ਇਸ ਦੀ ਵਿਗਿਆਨਕ ਜਾਣਕਾਰੀ ਅਜੇ ਅਧੂਰੀ ਹੈ।

**ਗੁਰੂ ਨਾਨਕ ਨਿਰੰਕਾਰੀ ਨੇ ਕਿਸੇ ਦੂਰਬੀਨ, ਭਾਵ, ਖੋਜਾਂ ਤੇ ਬਿਨਾਂ ਅਜਿਹੇ ਤੱਥ ਪਰਗਟ ਕੀਤੇ ਹਨ, ਜਿਨ੍ਹਾਂ ਤਕ ਅਜੋਕੇ ਸਾਇੰਸਦਾਨ ਅਜ ਤਕ ਵੀ ਨਹੀ ਅੱਪੜ ਸਕੇ। "ਕੇਤੀਆ ਕਰਮ ਭੂਮੀ, ਮੇਰ ਕੇਤੇ, ਕੇਤੇ ਧੂ ਉਪਦੇਸ।।੩੫।।"**

(ਜਪੁਜੀ)

'ਕੇਤੇ ਧੂ' ਦਰਸਾਉਣ ਵਾਲਾ ਕੀ ਵਿਗਿਆਨ ਤੋਂ ਕੋਰਾ ਸੀ ?

ਉਹ ਫਿਰ ਜਾਣਦੇ ਹਨ-

**ਕੇਤੇ ਇੰਦ ਚੰਦ, ਸੂਰ ਕੇਤੇ, ਕੇਤੇ ਮੰਡਲ ਦੇਸ ।।੩੫।।** (ਜਪੁ)

ਤਾਜੀ ਖੋਜ ਮੁਤਾਬਿਕ ਸਾਇੰਸਾਨਾਂ ਨੇ ਗੁਰੂ ਜੀ ਦੇ ਇਸ ਸਿਧਾਂਤ ਨੂੰ ਸਵੀਕਾਰ ਕਰ ਲਿਆ ਹੈ ਕਿ 'ਸੂਰਜ' ਕਈ ਹਨ ਕਿਉਂਕਿ ਕਈ ਗ੍ਰਹਿ ਅਜਿਹੇ ਲੱਭੇ ਹਨ ਜੋ ਇਸ ਦਿਸਦੇ ਸੂਰਜ ਦੁਆਲੇ ਨਹੀਂ, ਸਗੋਂ ਕਿਸੇ ਹੋਰ ਦੇ ਦੁਆਲੇ ਘੁੰਮ ਰਹੇ ਹਨ। ਜੇ ਸੂਰਜ ਅਨੇਕ ਹਨ ਤਾਂ ਚੰਦਰਮਾ ਅਤੇ ਤਾਰਾ-ਮੰਡਲ ਵੀ ਅਨੇਕ ਹੋਣ ਵਿੱਚ ਕੋਈ ਸ਼ਕ ਨਹੀਂ ਰਹਿ ਜਾਂਦਾ।

ਬੁੱਧੀ ਦੀ ਮਾਰ ਨੇ (ਸ਼ਕਤੀ ਨੇ) ਇਹ ਅਸਲੀਅਤ ਪੇਸ਼ ਕਰ ਦਿੱਤੀ ਹੈ ਕਿ ਸਾਰਾ ਸੂਰਜ-ਮੰਡਲ ਕਿਸੇ ਨਿਸਚਿਤ ਰੂਪ ਵਿੱਚ ਚਲਦਾ ਹੀ ਰਹਿੰਦਾ ਹੈ। ਧਰਤੀ ਸੂਰਜ ਦੁਆਲੇ ਚੱਕਰ ਕੱਟਦੀ ਹੈ ਤੇ ਚੰਨ ਧਰਤੀ ਦੁਆਲੇ। ਇਹ ਵੀ ਸਿਧ ਹੋ ਚੁਕਾ ਹੈ ਕਿ ਸੂਰਜ ਵੀ ਸਥਿਰ (Stationary) ਨਹੀਂ ਹੈ।

ਮਹਾਨ ਵਿਗਿਆਨੀ ਗੁਰੂ ਨਾਨਕ ਨਿਰੰਕਾਰੀ ਨੇ ਇਹ ਸੱਚਾਈ ਪਰਗਟ ਕਰ ਦਿਤੀ ਹੈ ਕਿ ਵਾਹਿਗੁਰੂ ਜੀ ਤੋਂ ਬਿਨਾਂ ਕੋਈ ਵੀ ਸਥਿਰ ਨਹੀਂ ਹੈ। ਗੁਰਵਾਕ-

**ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ।।**
**ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ।।੭।।**
**ਦਿਨ ਰਵਿ ਚਲੈ, ਨਿਸਿ ਸਸਿ ਚਲੈ, ਤਾਰਿਕਾ ਲਖ ਪਲੋਇ।।**
**ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ।।੮।।੧੭।।**

(ਸਿਰੀ ਰਾਗੁ ਮ: ੧, ਪੰਨਾ ੬੪)

ਇਥੇ ਹੀ ਬੱਸ ਨਹੀਂ, ਗੁਰੂ ਜੀ ਇਕ ਹੋਰ ਨੁਕਤਾ ਸਪਸ਼ੱਟ ਕਰਦੇ ਹਨ ਕਿ ਇਹ ਸਭ ਚਲਾਇਮਾਨ ਗ੍ਰਹਿ ਚਲਦੇ ਤਾਂ ਹਨ, ਪਰ ਇਨ੍ਹਾਂ ਸਭਨਾਂ ਵਿਚ ਆਪੋ-ਧਾਪੀ ਨਹੀਂ। ਸਾਰਾ ਬ੍ਰਹਿਮੰਡ ਨਿਯਮਕ ਤੇ ਹੁਕਮ ਵਿਚ ਚਲ ਰਿਹਾ ਹੈ। ਬ੍ਰਹਿਮੰਡ ਦਾ ਸਾਰਾ ਪਸਾਰਾ ਕਾਨੂੰਨ-ਬੱਧ ਹੈ। ਕਨੂੰਨ-ਬੱਧ ਤੋਂ ਭਾਵ, ਭੈ ਜਾਂ ਡਰ ਵਿਚ ਰਹਿ ਕੇ, ਅਥਵਾ ਅਨੁਸਾਰੀ ਹੋ ਕੇ ਚੱਲਣ ਤੋਂ ਹੈ। ਇਹ ਭੈ ਵੀ ਉਸੇ ਅਟੱਲ ਨਿਯਮ ਦਾ ਹੀ ਭਾਗ ਹੈ। ਇਹੀ ਤਾਂ ਕਰਤੇ ਦੀ ਸਿਰਮੌਰ ਸਿਫ਼ਤ ਹੈ ਕਿ 'ਉਸ ਦਾ' ਆਪਣੇ ਵਲੋਂ ਪੈਦਾ ਕੀਤੀ ਹਰ ਵਸਤ ਉੱਪਰ ਕਾਬੂ ਹੈ। ਕਿਰਤਮ ਮਨੁੱਖ ਦੀ ਅਲਪਗ ਬੁਧੀ ਅਨੁਸਾਰ ਬਣਾਈ ਵਸਤੂ ਤਾਂ ਮਨੁੱਖ ਦੇ ਬੇਕਾਬੂ ਹੋ ਸਕਦੀ ਹੈ, ਪਰ ਕਰਤੇ ਪੁਰਖ ਦੀ ਕੁਦਰਤ ਅਨੁਸਾਰ ਰਚੀ ਹਰ ਚੀਜ਼ ਉਸ ਦੇ ਭੈ ਵਿਚ ਵਿਚਰਦੀ ਰਹੀ, ਵਿਚਰ ਰਹੀ ਹੈ ਅਤੇ ਵਿਚਰਦੀ


www.AKJ.Org

ਰਹੇਗੀ–

**ਭੈ ਵਿਚਿ ਸੂਰਜੁ ਭੈ ਵਿਚਿ ਚੰਦੁ।।**

**ਕੋਹ ਕਰੋੜੀ ਚਲਤ ਨ ਅੰਤੁ।।੧।।੪।।**(ਵਾਰ ਆਸਾ)

ਅਥਵਾ – **ਭੈ ਵਿਚਿ ਆਡਾਣੇ ਆਕਾਸ।।੧।।੪।।**

(ਵਾਰ ਆਸਾ)

ਜਿਥੇ ਇਹ ਸਾਰੇ ਗ੍ਰਹਿ ਭੈ ਵਿਚ ਨਿਸਚਿਤ ਮਾਰਗਾਂ ਉਤੇ ਚਲਦੇ ਹਨ, ਉੱਥੇ ਉਨ੍ਹਾਂ ਦੇ ਆਪਸੀ ਸੰਬੰਧ ਵੀ ਉਸੇ ਭੈ ਤੋਂ ਉਤਪੰਨ ਹੁੰਦੇ ਹਨ। ਇਸੇ ਰਿਸ਼ਤੇ (relationship) ਕਾਰਨ ਉਹ ਇੱਕ ਦੂਜੇ ਤੋਂ ਰੌਸ਼ਨੀ, ਗਰਮੀ ਲੈਂਦੇ-ਦਿੰਦੇ ਰਹਿੰਦੇ ਹਨ। ਉਦਾਹਰਣ ਵਜੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਗਿਆਨਕ ਸੂਝ ਇਨ੍ਹਾਂ ਪੰਗਤੀਆਂ ਤੋਂ ਫਿਰ ਵੇਖੀ ਜਾ ਸਕਦੀ ਹੈ, ਜਦ ਉਹ ਕਹਿੰਦੇ ਹਨ–

**ਪਸਰੀ ਕਿਰਣਿ, ਰਸਿ ਕਮਲ ਬਿਗਾਸੇ,**

**ਸਸਿ ਘਰਿ ਸੂਰੁ ਸਮਾਇਆ।।੩।।੧੫।।**

(ਪ੍ਰਭਾਤੀ ਮ: ੧, ਪੰਨਾ ੧੩੩੨)

ਭੂਗੋਲ ਵਿਗਿਆਨ (Astronomy) and ਬਨਸਪਤੀ ਵਿਗਿਆਨ (Phytology) ਦੋਹਾਂ ਤਰ੍ਹਾਂ ਦੇ ਵਿਗਿਆਨਕ ਤੱਥਾਂ ਨੂੰ ਇਕ ਹੀ ਤੁਕ ਵਿਚ ਪੇਸ਼ ਕਰਨ ਦਾ ਕਿਤਨਾ ਸੁੰਦਰ ਕਮਾਲ ਹੈ ! ਸੌ ਫ਼ੀਸਦੀ ਬਨਸਪਤਿ ਦਾ ਖਿੜਾਅ ਸੂਰਜੀ ਕਿਰਨਾਂ ਨਾਲ ਹੀ ਹੈ।

ਤੁਕ ਦੇ ਪਿਛਲੇ ਅੱਧ ਵਿੱਚ ਦੇਖੋ ਕੈਸੀ ਵਿਗਿਆਨਕ ਸੱਚਾਈ ਮੌਜੂਦ ਹੈ ! ਚੰਦਰਮਾ ਦੀ ਆਪਣੀ ਕੋਈ ਰੌਸ਼ਨੀ ਨਹੀਂ, ਸਗੋਂ ਸੂਰਜੀ ਕਿਰਨਾਂ ਦਾ ਚੰਦਰਮਾ ਦੇ ਤਲ ਤੇ ਪਰਛਾਵਾਂ ਹੈ, ਜੋ ਸਾਨੂੰ ਚੰਨ (ਸਸਿ) ਚਮਕਦਾ ਤੇ ਰੌਸ਼ਨੀ ਖਿਲਾਰਦਾ ਨਜ਼ਰ ਆਉਂਦਾ ਹੈ।

ਨਵੀਨ ਵਿਗਿਆਨ ਦੇ ਡੂੰਘੇ ਅਧਿਐਨ ਤੋਂ ਇੱਕ ਹੋਰ ਗੱਲ ਇਹ ਸਪਸ਼ਟ ਹੁੰਦੀ ਹੈ ਕਿ ਬ੍ਰਹਿਮੰਡ ਦੇ ਸਮੁੱਚੇ ਗ੍ਰਹਿਆ ਦੀ ਪ੍ਰਸਪਰ ਰਗੜ ਅਤੇ ਟਕਰਾਅ ਤੋਂ ਜਿਥੇ ਕਈ ਪ੍ਰਕਾਰ ਦੀਆਂ ਸ਼ਕਤੀਆਂ ਉਤਪੰਨ (Generate) ਹੁੰਦੀਆਂ ਹਨ, ਉਥੇ ਇਨ੍ਹਾਂ ਦੇ ਚੱਲਣ, ਘਸਣ ਨਾਲ ਖ਼ਤਮ ਵੀ ਹੁੰਦੀਆਂ ਹਨ। ਇਸ ਲਈ ਸਮੁੱਚੀ ਕਿਰਿਆ ਇਕਸਾਰ ਹੀ ਰਹਿੰਦੀ ਹੈ। ਸਾਡੇ ਰੋਜ਼ਾਨਾ ਜੀਵਨ ਵਿਚ ਆਕਸੀਜਨ-ਚੱਕਰ (Oxygen-Cycle) ਅਤੇ ਜਲ-ਚੱਕਰ (Water-Cycle) ਦੀਆਂ ਉਦਾਹਰਣਾਂ ਇਸ ਤੱਥ ਨੂੰ ਹੋਰ ਵੀ ਸਪ੍ਰਸ਼ਟ ਕਰਦੀਆਂ ਹਨ। ਗੁਰੂ ਨਾਨਕ ਨਿਰੰਕਾਰੀ ਅਨੁਸਾਰ ਸਿਰਜਨਹਾਰ ਨੇ ਬ੍ਰਹਿਮੰਡ ਰਚ ਕੇ ਅਨੇਕਾਂ ਹੀ ਮੰਡਲ ਸਿਰਜੇ ਹਨ, ਜਿਨ੍ਹਾਂ ਦੀ ਸਮੁੱਚੀ ਨਿਗਰਾਨੀ ਉਹ ਆਪ ਕਰਦਾ ਹੈ ਪਰ ਉਨ੍ਹਾਂ ਵਿਚ ਨਵੀਂ ਸ਼ਕਤੀ ਭਰਨ ਦੀ ਵਾਰ ਵਾਰ ਲੋੜ ਨਹੀਂ ਪੈਂਦੀ। ਜੋ ਸ਼ਕਤੀ ਭਰਨੀ ਸੀ, ਇਕੋ ਵਾਰ ਹੀ ਭਰ ਦਿੱਤੀ–

**ਆਸਣੁ ਲੋਇ ਲੋਇ ਭੰਡਾਰ।।**

**ਜੋ ਕਿਛੁ ਪਾਇਆ ਸੁ ਏਕਾ ਵਾਰ।।੩੧।।**(ਜਪੁਜੀ)

ਅਥਵਾ – **ਕੀਤਾ ਪਸਾਉ ਏਕੋ ਕਵਾਉ।।੧੬।।**(ਜਪੁਜੀ)

ਕੁਛ ਸਮੇਂ ਤੋਂ ਵਿਗਿਆਨੀਆਂ ਵਲੋਂ ਇਸ ਸਿਧਾਂਤ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਕੁਦਰਤ ਦੇ ਸਭ ਗ੍ਰਹਿਆਂ ਦੀ ਗਰਮੀ ਹੌਲੀ ਹੌਲੀ ਘਟਦੀ ਜਾਂਦੀ ਹੈ, ਕਿਉਂ ਜੁ ਸੂਰਜ ਦੀ ਤਪਸ਼ ਵੀ ਮੱਧਮ ਪੈਂਦੀ ਜਾ ਰਹੀ ਹੈ। ਸੋ ਉਨ੍ਹਾਂ ਨੇ ਆਪਣੇ ਅਨੁਮਾਨਿਤ ਅੰਕੜਿਆਂ ਮੁਤਾਬਿਕ ਇਹ ਕਹਿ ਦਿੱਤਾ ਹੈ ਕਿ ਅਰਬਾਂ ਸਦੀਆਂ ਮਗਰੋਂ ਇਹ ਸ੍ਰਿਸ਼ਟੀ ਖ਼ਤਮ ਹੋ ਜਾਵੇਗੀ ਅਤੇ ਸਾਰਾ ਬ੍ਰਹਿਮੰਡ ਯਖ ਹੋ ਜਾਏਗਾ।

ਹੁਣ ਇਸ ਸਿਧਾਂਤ (Theory) ਨੂੰ ਗੁਰੂ ਨਾਨਕ ਦੇਵ ਜੀ ਦੀ ਦਰਸਾਈ ਥਿਊਰੀ ਦੇ ਸਾਹਮਣੇ ਰੱਖ ਕੇ ਪਰਖਿਆ ਜਾਏ ਤਾਂ ਇਹ ਗਲਤ ਸਿੱਧ ਹੁੰਦਾ ਹੈ। ਜੇ ਇਹ ਸਿਧਾਂਤ ਮੰਨ ਲਈਏ ਤਾਂ ਇਸ ਦਾ ਮਤਲਬ ਹੈ ਕਿ ਵਾਹਿਗੁਰੂ ਜੀ ਨੂੰ ਬ੍ਰਹਿਮੰਡੀ ਸ਼ਕਤੀ ਵਿੱਚ ਕੁਝ ਹੋਰ ਨਵਾਂ ਵਾਧਾ ਕਰਨਾ ਪਏਗਾ।

ਪਰੰਤੂ '**ਜੋ ਕਿਛੁ ਪਾਇਆ ਸੁ ਏਕਾ ਵਾਰ**' ਵਾਲੇ ਸਿਧਾਂਤ ਅਨੁਸਾਰ ਸਾਇੰਸਦਾਨਾਂ ਦਾ ਇਹ ਡਰ ਨਿਰਮੂਲ ਹੈ।

ਅੱਜ ਦੀ ਤਾਜ਼ਾ ਖੋਜ ਮੁਤਾਬਿਕ ਅਮਰੀਕਨ ਵਿਗਿਆਨੀਆਂ ਨੇ (ਭਾਰਤੀ ਵਿਗਿਆਨੀਆਂ ਨੇ ਵੀ ਇਹ ਤਜਰਬੇ ਕਰ ਕੇ ਦੇਖੇ ਹਨ) ਇਹ ਤੱਥ ਸਪਸ਼ਟ ਕਰ ਦਿੱਤਾ ਹੈ ਕਿ ਸਮੇਂ ਦੇ ਚੱਕਰ ਵਿੱਚ ਕਈ ਸਦੀਆਂ ਅਜਿਹੀਆਂ ਆਉਂਦੀਆਂ ਹਨ, ਜਿਨ੍ਹਾਂ ਵਿੱਚ ਸੂਰਜ ਦੀ ਗਰਮੀ ਘਾਟੇ ਵੱਲ ਜਾਂਦੀ ਹੈ, ਪਰ ਕਈ ਸਦੀਆਂ ਅਜਿਹੀਆਂ ਹੁੰਦੀਆਂ ਹਨ, ਜਦੋਂ ਵਾਧੇ ਵੱਲ ਹੁੰਦੀ ਹੈ। ਇਸ ਤਰ੍ਹਾਂ ਬ੍ਰਹਿਮੰਡ ਦੀ ਗਰਮੀ ਉਥੇ ਦੀ ਉਥੇ ਹੀ ਰਹਿੰਦੀ ਹੈ। ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਗਟਾਇਆ ਸਿਧਾਂਤ ਅਨੰਤ ਕਾਲ ਤਕ ਠੀਕ ਸਾਬਤ ਹੁੰਦਾ ਰਹੇਗਾ।

ਇਥੇ ਇਸ ਸਚਾਈ ਨੂੰ ਨਜ਼ਰ-ਅੰਦਾਜ਼ ਕਰਨਾ ਮਹਾਨ ਭੁੱਲ ਹੋਵੇਗੀ ਕਿ ਕਾਦਰ ਦਾ ਰਚਿਤ ਤ੍ਰੈ-ਗੁਣੀ ਪਸਾਰਾ ਤਾਂ ਕਾਲ ਕਾ ਤਮਾਸ਼ਾ ਹੀ ਹੈ, ਪਰ ਜਿੰਨੀ ਦੇਰ ਤਕ ਵੀ 'ਉਸ ਦੇ' ਹੁਕਮ ਵਿਚ ਇਹ ਪਸਾਰਾ ਪਸਰਿਆ ਹੋਇਆ ਹੈ, ਉਦੋਂ ਤੱਕ ਇਸ ਬ੍ਰਹਿਮੰਡ ਵਿੱਚ ਪਾਈਆਂ



www.AKJ.Org

ਵਸਤਾਂ ਦੇ ਮੂਲ ਤਤ੍ਵ ਵਿਚ ਘਾਟ ਵਾਧ ਨਹੀਂ ਹੋ ਸਕਦੀ, ਜਦ ਤਕ ਕਿ ਇਸ ਦਾ ਰਚੇਤਾ ਖ਼ੁਦ ਇਸ ਨੂੰ 'ਆਕਰਖ' ਨਹੀਂ ਕਰਦਾ (ਸਮੇਟਦਾ ਨਹੀਂ)।

ਤੇ 'ਉਦਕਰਖ' (ਵਿਸਥਾਰ, ਫੈਲਾਉ) ਅਵਸਥਾ ਵਿਚ ਇਸ ਸਮੁੱਚੀ ਸ੍ਰਿਸ਼ਟੀ ਦਾ ਪਸਾਰਾ ਵੀ ਸ੍ਰੀ ਗੁਰੂ ਨਾਨਕ ਜੀ ਅਨੁਸਾਰ ਕਿਸੇ ਖਾਸ ਵਿਗਿਆਨਕ ਸਿਧਾਂਤ ਉੱਪਰ ਅਧਾਰਿਤ ਹੈ। ਪਲ-ਪਲ, ਬ੍ਰਹਿਮੰਡ ਦੇ ਜ਼ੱਰੇ ਜ਼ੱਰੇ ਵਿਚ ਹੋਣ ਵਾਲੀ ਤਬਦੀਲੀ, ਹਰ ਤਰ੍ਹਾਂ ਦਾ ਭੰਨਣ ਘੜਨ, ਜਪੁਜੀ ਸਾਹਿਬ ਵਿਚ ਅੰਕਿਤ ਇਸ ਵਿਚਾਰ ਉਤੇ ਆਧਾਰਿਤ ਹੈ-

**ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ......੨੯।।** (ਜਪੁਜੀ)

ਰਚੀ ਹੋਈ ਸ੍ਰਿਸ਼ਟੀ ਦੇ ਕਿਸੇ ਵੀ ਚੇਤੰਨ (Animate) ਜਾਂ ਜੜ੍ਹ (In-animate) ਦੀ ਉਦਾਹਰਣ ਲੈ ਲਓ, ਮੂਲ ਤਤ੍ਵ ਦੇ ਜੋੜ ਤੋੜ (ਸੰਜੋਗ ਵਿਜੋਗ) ਨਾਲ ਹੀ ਹਰ ਚੀਜ਼ ਪੈਦਾ ਹੁੰਦੀ ਹੈ ਤੇ ਨਾਸ਼ ਹੁੰਦੀ ਹੈ। ਮੂਲ ਤਤ੍ਵ ਨਾਸ਼ ਨਹੀਂ ਹੁੰਦੇ, ਸਗੋਂ 'ਸੰਜੋਗ' ਵਿਧੀ ਵਿੱਚ ਪੈਦਾ ਹੋਈ ਸੂਰਤ ਖ਼ਤਮ ਹੋ ਜਾਂਦੀ ਹੈ। ਜੇ ਇਹ ਮੰਨ ਲਿਆ ਜਾਵੇ ਕਿ ਇਨ੍ਹਾਂ ਦੋ (ਤ੍ਰੈ-ਅੱਖਰੀ) ਸ਼ਬਦਾਂ ਵਿੱਚ ਗੁਰੂ ਨਾਨਕ ਜੀ ਨੇ ਸਮੁੱਚੀ ਸਾਇੰਸ ਬੰਦ ਕਰ ਕੇ ਰੱਖ ਦਿੱਤੀ ਹੈ ਤਾਂ ਇਹ ਅਤਕਥਨੀ ਨਹੀਂ ਹੋਵੇਗੀ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭੌਤਿਕ ਵਿਦਿਆ ਵਿੱਚ ਇਹ ਅਨੁਭਵ ਸੰਪੂਰਨ ਪਰਗਟ ਹੁੰਦਾ ਹੈ, ਜਦ ਉਹ ਸ੍ਰਿਸ਼ਟੀ ਦਾ ਮੂਲ-ਪੰਜ ਤੱਤ ਵਰਨਣ ਕਰਦੇ ਹਨ-

**ਪੰਚ ਭੂ ਨਾਇਕੋ ਆਪਿ ਸਿਰੰਦਾ**
**ਜਿਨਿ ਸਚ ਕਾ ਪਿੰਡੁ ਸਵਾਰਿਆ।।੩।।**(ਸੂਹੀ ਮ: ੧, ਪੰਨਾ ੭੬੬)

ਅਥਵਾ ਰਚਨਾ ਦੀ ਵਿਧੀ ਇਸ ਤਰ੍ਹਾਂ ਦਰਸਾਈ ਹੈ-

**ਸਾਚੇ ਤੇ ਪਵਨਾ ਭਇਆ.**
**ਪਵਨੈ ਤੇ ਜਲੁ ਹੋਇ।।**
**ਜਲ ਤੇ ਤ੍ਰਿਭਵਣ ਸਾਜਿਆ**
**ਘਟਿ ਘਟਿ ਜੋਤਿ ਸਮੋਇ।।੩।।੧੫।।**
(ਸਿਰੀ ਰਾਗੁ ਮ: ੧, ਪੰਨਾ ੧੯)

**ਪਉਣੁ ਉਪਾਇ ਧਰੀ ਸਭ ਧਰਤੀ**
**ਜਲ ਅਗਨੀ ਕਾ ਬੰਧੁ ਕੀਆ।।੧।।੭।।**
(ਆਸਾ ਮ: ੧, ਪੰਨਾ ੩੫੦)

ਇਸ ਸਭ ਪ੍ਰਕਾਰ ਦੀ ਸ੍ਰਿਸ਼ਟੀ-ਰਚਨਾ, ਰਚਨਾ-ਵਿਧੀ ਅਤੇ ਰਚਨਾ-ਮੂਲ ਤਤ੍ਵ ਨੂੰ ਪ੍ਰਗਟਾਉਣ ਦੇ ਨਾਲ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਇਕ ਨਵੀਂ ਵਿਗਿਆਨਕ ਲੀਹ ਵੀ ਦਰਸਾਉਂਦੀ ਹੈ। ਅੱਜ ਦੀ ਸਾਇੰਸ ਦੇ ਪਹਿਲੂਆਂ ਤੋਂ ਨਤੀਜੇ ਕੱਢ ਕੇ ਲੁਕਾਈ ਸਾਹਮਣੇ ਰੱਖਦੀ ਹੈ। ਪਹਿਲਾਂ ਤਾਂ ਇਹ ਕਿ ਫਲਾਣੀ ਫਲਾਣੀ ਵਸਤ ਦੇ ਸੰਜੋਗ ਨਾਲ ਫਲਾਣੀ ਚੀਜ਼ ਪੈਦਾ ਹੁੰਦੀ ਹੈ ਜਾਂ ਹੋਂਦ ਵਿਚ ਆਉਂਦੀ ਹੈ। ਇਸ ਸਭ ਕੁਝ ਨੂੰ ਵਿਗਿਆਨੀ ਉਸ ਵਕਤ ਤੱਕ ਸਵੀਕਾਰ ਨਹੀਂ ਕਰਦਾ, ਜਦ ਤਕ ਉਸ ਸਿਧਾਂਤਕ ਨਤੀਜੇ ਨੂੰ ਜਾਂ ਸਿਧਾਂਤ-ਫਲ ਨੂੰ ਸਹੀ ਰੂਪ ਵਿਚ ਆਪਣੀਆਂ ਸਥੂਲ ਅੱਖਾਂ ਸਾਹਮਣੇ ਦੇਖ ਪਰਖ ਨਾ ਲਏ। ਇਨ੍ਹਾਂ ਸਥੂਲ ਅੱਖੀਆਂ ਸਾਹਮਣੇ ਪਜ਼ੀਰ ਹੋ ਰਹੀਆਂ ਵਸਤਾਂ ਤੋਂ ਬਿਨਾਂ ਉਸ ਦੇ ਭਾਣੇ, ਹੋਰ ਕੁਝ ਦੀ ਹੋਂਦ ਅਸੰਭਵ ਹੈ। ਤਦ ਉਹ ਨਿਖੇਧਾਤਮਕ ਤੌਰ ਤੇ ਇਹ ਕਹਿੰਦਾ ਹੈ ਕਿ ਆਹ ਚੀਜ਼ ਇਸ-ਇਸ ਤਰ੍ਹਾਂ ਦੇ ਫ਼ਾਰਮੂਲੇ ਨਾਲ ਬਣ ਸਕਦੀ ਹੈ ਤੇ ਆਹ ਬਣ ਹੀ ਨਹੀਂ ਸਕਦੀ, ਇਸ ਤਰ੍ਹਾਂ ਹੋ ਹੀ ਨਹੀਂ ਸਕਦਾ ਆਦਿ। ਇਸ ਦੇ ਨਾਲ ਹੀ ਇਕ ਹੋਰ ਹੈਰਾਨੀ ਵਾਲੀ ਗੱਲ ਹੈ ਕਿ ਅੱਜ ਦਾ ਵਿਗਿਆਨੀ ਮੂਲ ਤਤ੍ਵ ਦੇ ਬਹੁ-ਪ੍ਰਕਾਰੀ ਸੰਜੋਗ ਵਿਜੋਗ ਨਾਲ ਨਵੀਆਂ ਨਵੀਆਂ ਚੀਜ਼ਾਂ ਪੈਦਾ ਕਰਨੀਆਂ ਤਾਂ ਜਾਣਦਾ ਹੈ, ਪਰ ਹਾਲੇ ਤਕ ਇਹ ਨਹੀਂ ਜਾਣ ਸਕਿਆ ਕਿ ਇਹ ਮੂਲ ਤਤ੍ਵ ਕਿਥੋਂ ਤੇ ਕਦੋਂ ਪੈਦਾ ਹੋਏ ?

ਹੁਣ ਵਿਗਿਆਨੀਆਂ ਦੀ ਇਸੇ ਖੋਜ ਦੇ ਉਤਰ ਵਿਚ ਗੁਰੂ ਨਾਨਕ ਨਿਰੰਕਾਰੀ ਨਿਖੇਧਾਤਮਕ ਬਿਰਤੀ ਵਾਲਾ ਵਿਗਿਆਨਕ ਸਿਧਾਂਤ ਪੇਸ਼ ਕਰਦੇ ਹਨ। ਅੱਜ ਤੋਂ ਪੰਜ ਸਦੀਆਂ ਪਹਿਲਾਂ ਹੀ ਉਨ੍ਹਾਂ ਨੇ ਸਾਇੰਸਦਾਨਾਂ ਨੂੰ ਚਨੌਤੀ ਦਿਤੀ ਕਿ-ਲੱਖ ਯਤਨ ਕਰ ਲਓ, ਇਸ ਪਸਾਰੇ ਦਾ ਆਦਿ ਅੰਤ ਲਭ ਸਕਣਾ ਅਸੰਭਵ, ਅਤਿ ਅਸੰਭਵ ਹੈ। ਇਸ ਬਾਰੇ ਵੀ ਪਤਾ ਨਹੀਂ ਲਾਇਆ ਜਾ ਸਕਦਾ ਕਿ ਇਸ ਰਚਨਾ ਦਾ ਪ੍ਰਾਰੰਭ ਕਦੋਂ ਹੋਇਆ ?-

**ਕਵਣੁ ਸੁ ਵੇਲਾ ? ਵਖਤ ਕਵਣੁ ? ਕਵਣ ਥਿਤਿ ? ਕਵਣੁ ਵਾਰੁ ?........ ਕਵਣਿ ਸਿ ਰੁਤੀ ? ਮਾਹੁ ਕਵਣੁ ? ਜਿਤੁ ਹੋਆ ਆਕਾਰੁ ?੨੧।।** (ਜਪੁਜੀ)

ਪਰ- **ਅੰਤ ਕਾਰਣਿ ਕੇਤੇ ਬਿਲਲਾਹਿ।।**
**ਤਾ ਕੇ ਅੰਤ ਨ ਪਾਏ ਜਾਹਿ।।੨੪।।**

ਅਥਵਾ- **ਏਹੁ ਅੰਤੁ ਨ ਜਾਣੈ ਕੋਇ** ........੨੪।।(ਜਪੁਜੀ)

ਅੱਜ ਦਾ ਵਿਗਿਆਨੀ ਅੰਕੜੇ ਲਾ ਲਾ, ਗਿਣਤੀਆਂ ਕਰ-ਕਰ ਥੱਕ ਚੁਕਾ ਹੈ, ਪਰ ਇਕੋ ਇਸ ਧਰਤਿ-ਗ੍ਰਹਿ ਦੀ ਉਤਪਤੀ ਦੇ ਆਰੰਭ-ਕਾਲ ਦਾ ਭੇਦ ਨਹੀਂ ਪਾ ਸਕਿਆ।

ਇਹ ਸਿਰਫ ਅਜੋਕੇ ਮਨੁੱਖ ਦੀ ਹੀ ਭਟਕਣਾ ਨਹੀਂ, ਸਗੋਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲੇ, ਬਲਕਿ ਕਲਜੁੱਗ ਤੋਂ ਪਹਿਲੇ ਯੁਗਾਂ ਵਿਚ ਵੀ ਇਸ


www.AKJ.Org

ਪਾਸੇ ਵੱਲ ਖੋਜ ਦੀਆਂ ਦੌੜਾਂ ਲੱਗਦੀਆਂ ਰਹੀਆਂ ਹਨ, ਪਰ ਨਤੀਜਾ ਹਾਲੇ ਤੱਕ- **ਅੰਤ ਕਾਰਣਿ ਕੇਤੇ ਬਿਲਲਾਹਿ.......੨੪।।** (ਜਪੁਜੀ) ਵਾਲਾ ਹੀ ਹੈ। ਇਸੇ ਤਰ੍ਹਾਂ ਬਿਲਲਾਉਂਦੇ ਕਈ ਖਪ ਗਏ ਅਤੇ ਅਣਗਿਣਤ ਹੀ ਹੋਰ ਖੱਪ ਜਾਣਗੇ, ਪਰ ਅਕਾਲ ਪੁਰਖ ਰਚਿਤ ਪਸਾਰੇ ਦਾ ਆਦਿ ਅੰਤ ਲੱਭ ਸਕਣਾ ਅਸੰਭਵ ਹੀ ਰਹੇਗਾ। ਕੀ ਇਹ ਵਿਗਿਆਨਕ ਸੱਚਾਈ ਨਹੀਂ ? ਇਹ ਵੀ ਇਕ ਸਿਧਾਂਤ ਤੋਂ ਮੁਨਕਰ ਹੋਣਾ ਹੈ ਕਿ ਇਹ ਇਸ ਤਰ੍ਹਾਂ ਹੋ ਹੀ ਨਹੀਂ ਸਕਦਾ ! ਬੇਸ਼ਕ ਪਰਖ-ਪਰਤਾ ਕੇ ਦੇਖ ਲਓ। ਭੂਤ ਅਤੇ ਵਰਤਮਾਨ ਦੇ ਕਮਾਏ-ਪਰਖੇ ਤਜਰਬਿਆਂ ਤੋਂ ਇਹ ਤੱਥ ਸਪਸ਼ਟ ਹੋ ਜਾਂਦਾ ਹੈ-

**ਵੇਲ ਨ ਪਈਆ ਪੰਡਤੀ, ਜਿ ਹੋਵੈ ਲੇਖੁ ਪੁਰਾਣੁ।।**
**ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।।**
**ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ...।।੨੧।।**
(ਜਪੁਜੀ)

ਗੁਰੂ ਨਾਨਕ ਪਾਤਸ਼ਾਹ ਨੇ ਸਿੱਟਾ ਕੱਢੇ ਬਿਨਾਂ ਗੱਲ ਵਿਚ-ਵਿਚਾਲੇ ਨਹੀਂ ਛੱਡੀ, ਸਗੋਂ ਇਹ ਵੀ ਸਚਾਈ ਸਾਹਮਣੇ ਰੱਖ ਦਿਤੀ ਹੈ ਕਿ ਆਖ਼ਰ ਜੇ ਕੋਈ ਵੀ ਅੰਤ ਪਾਉਣ ਦੇ ਸਮਰੱਥ ਨਹੀਂ ਤਾਂ ਫਿਰ ਇਸ ਭੇਦ ਦਾ ਜਾਣੂੰ ਕੌਣ ਹੈ ?

**ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ।।੨੧।।**

ਹਾਂ ਜੀ, **'ਆਪੇ ਜਾਣੈ ਸੋਈ'** ਦਾ ਐਸਾ ਸਿਧਾਂਤ ਨੁਕਤਾ ਹੈ, ਜਿਥੇ ਸ੍ਰੀ ਗੁਰੂ ਨਾਨਕ-ਵਿਗਿਆਨੀ ਅਤੇ ਹੋਰਨਾਂ ਵਿਗਿਆਨੀਆਂ ਦੇ ਵਿਚਕਾਰ ਇਕ ਜ਼ਬਰਦਸਤ ਭਿੰਨਤਾ ਰੂਪੀ ਕੰਧ ਉਸਰੀ ਦਿਖਾਈ ਦਿੰਦੀ ਹੈ, ਜਿਸਦੇ ਇਕ ਪਾਸੇ ਤਾਂ ਬੁਧੀ-ਜੀਵੀਆਂ ਦੀ ਧਿਰ, ਦਿਮਾਗ਼ੀ ਹਥਿਆਰਾਂ ਨਾਲ ਲੜਾਈ ਕਰਦੀ ਹੋਈ ਮੂੰਹ ਛੁਪਾਉਂਦੀ ਨਜ਼ਰ ਆਉਂਦੀ ਹੈ, ਪਰ ਇਸੇ ਕੰਧ ਦੇ ਦੂਜੇ ਪਾਸੇ ਗੁਰੂ ਨਾਨਕ ਨਿਰੰਕਾਰੀ ਦੇ ਭੌਰਿਆਂ ਦੀ ਧਿਰ, ਧੁਰੋਂ ਪ੍ਰਾਪਤ ਅਟੱਲ ਸਚਾਈਆਂ ਨਾਲ ਲੱਦੀ ਹੋਈ, ਸੱਚ ਦੀ ਸ਼ਕਤੀ ਨਾਲ, ਵਿਰੋਧੀ ਧਿਰ ਉਪਰ ਹਾਵੀ ਹੁੰਦੀ ਹੋਈ, ਉੱਚਾ ਮੁਖੜਾ ਚੁਕੀ ਨਜ਼ਰ ਆਉਂਦੀ ਹੈ।

ਕੰਮ ਦੋਹਾਂ ਧਿਰਾਂ ਦੀ ਕਰਣਹਾਰ ਦੀ ਰਚਨਾ ਦੇ ਕ੍ਰਿਸ਼ਮਿਆਂ ਨੂੰ ਵਿਗਿਆਨਕ ਨੁਕਤਿਆਂ ਰਾਹੀਂ ਪੇਸ਼ ਕਰਨਾ ਹੈ। ਫ਼ਰਕ ਇਸ ਗੱਲ ਦਾ ਹੈ ਕਿ ਜਿਥੇ ਦੂਸਰੇ ਸਾਇੰਸਦਾਨ ਕਰਤੇ ਦੀ ਹੋਂਦ ਨੂੰ ਭੁਲਾ ਕੇ 'ਕੀਤੇ' ਦਾ ਪੋਸਟ-ਮਾਰਟਮ ਕਰਨ ਵਿਚ ਰੁਝੇ ਹੋਏ ਹਨ ਤੇ ਰੁਝ ਰਹੇ ਹਨ-ਉਥੇ ਸ੍ਰੀ ਗੁਰੂ ਨਾਨਕ-ਵਿਗਿਆਨੀ 'ਕੀਤੇ'-ਨੂੰ ਦੇਖਦੇ ਪੇਖਦੇ ਹੋਇਆਂ, 'ਕਰਤੇ' ਦੀ ਹੋਂਦ ਦਾ ਮਹਾਤਮ ਕਿਰਤਮ ਨਾਲੋਂ ਵਧੇਰੇ ਸਮਝਣ ਸਮਝਾਉਣ ਨੂੰ ਮੁੱਖ ਸਮਝਦਾ ਹੈ ਤੇ 'ਕਰਤੇ' ਦੀ ਪ੍ਰਾਪਤੀ ਵਿਚ ਹੀ ਉਹ ਆਤਮਿਕ ਸਾਇੰਸ ਨੂੰ ਅਜਿਹੇ ਅਦੁੱਤੀ ਵਿਸਥਾਰ ਵਿਚ ਮਨੁੱਖਤਾ ਸਾਹਮਣੇ ਰਖਦਾ ਹੈ ਕਿ ਗੁਰੂ ਨਾਨਕ ਨਿਰੰਕਾਰੀ ਨੂੰ ਸੁਣਨ-ਪੜ੍ਹਨ ਤੇ ਪੇਖਣ ਵਾਲੇ ਦੇ ਮੁਖੋਂ ਸਹਿਜ ਸੁਭਾ ਹੀ ਵਾਹ ! ਗੁਰੂ ! ਦਾ ਉਚਾਰਨ ਹੋ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਇਕ ਐਸਾ ਵਿਗਿਆਨੀ ਹੈ ਜਿਸ ਦੇ ਅਧਿਆਪਨ ਵਿਚ ਆਤਮਿਕ ਸਾਇੰਸ ਅਤੇ ਹੋਰ ਕਈ ਕਿਸਮਾਂ ਦੀਆਂ ਸਾਇੰਸਾਂ ਨਾਲੋ ਨਾਲ ਚਲਦੀਆਂ ਹਨ। ਉਹ ਆਪਣੀ ਰੂਹਾਨੀ ਸਾਇੰਸ ਦੇ ਸਿਧਾਂਤਾਂ ਨੂੰ ਵਿਸਥਾਰ ਸਹਿਤ ਸਮਝਾਉਣ ਲਈ ਦੂਜੀਆਂ ਸਾਇੰਸਾਂ ਦੇ ਤੱਥਾਂ ਨੂੰ ਫਰੋਲ-ਫਰੋਲ ਕੇ ਪੇਸ਼ ਕਰਦਾ ਹੈ। ਵਿਗਿਆਨਕ ਤੱਥਾਂ ਦੀਆਂ ਉਦਾਹਰਣਾਂ ਰਾਹੀਂ, ਆਪਣੇ ਅਸਲ ਨੁਕਤੇ ਨੂੰ ਪੇਸ਼ ਕਰਨ ਦਾ ਇਹ ਇਕ ਐਸਾ ਤਰੀਕਾ ਹੈ, ਜਿਸ ਰਾਹੀਂ ਕਿ ਸੁਣਨ ਪੜ੍ਹਣ ਵਾਲੇ ਉਤੇ ਝਟਪਟਾ ਅਤੇ ਸਥਾਈ ਪ੍ਰਭਾਵ ਜੰਮ ਜਾਂਦਾ ਹੈ। ਅਸੀਂ ਕਹਿ ਸਕਦੇ ਹਾਂ ਕਿ-

**ਗੁਰੂ ਨਾਨਕ ਨਿਰੰਕਾਰੀ ਸਭ ਤਰ੍ਹਾਂ ਦੀਆਂ ਸਾਇੰਸਾਂ ਦੇ ਸਰਬੱਗ ਗਿਆਤਾ ਹੋਏ ਹਨ, ਪਰ ਦੁਨੀਆ ਵਿਚ ਅਜ ਤੀਕਣ ਹੋਏ ਅਧਿਆਤਮ-ਵਿਗਿਆਨੀਆਂ ਵਿਚੋ ਉਹ ਸਰਬੋਤਮ ਅਧਿਆਤਮ-ਵਿਗਿਆਨੀ ਹਨ।**

ਗੁਰਮਤਿ-ਸਾਹਿਤ ਵਿਚ ਗੁਰੂ ਨਾਨਕ ਪਾਤਸ਼ਾਹ ਦੀ ਰਚਨਾ ਦਾ ਇਕ-ਇਕ ਅੱਖਰ ਤੇ ਪੰਗਤੀ, ਭਿੰਨ-ਭਿੰਨ ਸਾਇੰਸ-ਖੇਤਰਾਂ ਵਿਚ, ਆਪਣੇ ਆਪ ਵਿਚ ਇਕ ਫ਼ਾਰਮੂਲਾ ਹੈ, ਪਰਖਿਆ-ਤੋਲਿਆ ਸਿਧਾਂਤ ਹੈ, ਜੋ ਭੂਤ ਵਿਚ ਲੱਭੇ ਜਾ ਚੁਕੇ, ਵਰਤਮਾਨ ਵਿਚ ਲੱਭੇ ਜਾ ਰਹੇ ਅਤੇ ਭਵਿਖ ਵਿਚ ਹਾਲੀ ਪ੍ਰਗਟ ਹੋਣ ਵਾਲੇ ਵਿਗਿਆਨਕ ਤੱਥਾਂ ਦਾ ਉਲੇਖ ਕਰਦੇ ਹਨ। **ਰੂਹਾਨੀਅਤ ਅਤੇ ਵਿਗਿਆਨ ਦਾ ਇਕ ਥਾਂ ਸੁਮੇਲ ਕਰ ਵਿਖਾਉਣਾ ਗੁਰੂ ਨਾਨਕ-ਵਿਗਿਆਨੀ ਦਾ ਹੀ ਕੰਮ ਹੈ**

ਓਹ ਨਿਰੰਕਾਰੀ-ਸਰੂਪਾ ਸ੍ਰੀ ਗੁਰੂ ਨਾਨਕ ! ਧੰਨ ਗੁਰੂ ਨਾਨਕ !! ਜਿਸ ਜਿਹਾ ਨਾ ਕਦੀ, ਪਹਿਲੋਂ ਕੋਈ ਹੋਇਆ ਹੈ ਤੇ ਨਾ ਹੀ ਕਦੇ ਹੋਵੇਗਾ!!! ਜੇ 'ਨਾਨਕ' ਨਾਮ ਦਾ ਸੰਧੀ-ਛੇਦ ਕੀਤਾ ਜਾਵੇ ਤਾਂ ਇਸ ਵਿਚ ਰੰਚਕ ਵੀ ਸੰਦੇਹ ਨਹੀਂ ਰਹਿ ਜਾਂਦਾ-- ਨਾਨਕ=ਨ+ਅਨਕ।

ਬੱਸ, ਨਾਨਕ ਇਕੋ ਹੀ ਹੋਇਐ-ਉਸ਼ ਜਿਹਾ ਕੋਈ ਅਨਿਕ, ਦੂਜਾ ਜਾਂ ਅਨੇਕ ਨਹੀਂ ਹਨ।

✡✡✡✡✡



www.AKJ.Org

# ਚਾਰੋ ਚਾਰ

(ਪ੍ਰੋ: ਹਰਬੰਸ ਸਿੰਘ, ਲੁਧਿਆਣਾ)

੧. **ਚਾਰ ਦਿਸ਼ਾਵਾਂ (ਕੂੰਟਾਂ)** :– ਪੂਰਬ, ਪੱਛਮ, ਉੱਤਰ, ਦੱਖਣ।

੨. **ਚਾਰ ਖਾਣੀਆਂ** :– ਅੰਡਜ ਜੇਰਜ ਉਤਭੁਜ ਸੇਤਜ, ਤੇਰੇ ਕੀਤੇ ਜੰਤਾ । (ਸੋਰਠਿ ਮ:੧, ਪੰਨਾਂ ੫੯੬ )

੧. **ਅੰਡਜ**:– ਅੰਡੇ ਤੋਂ ਜਨਮੇ ਹੋਏ, ਜਿਵੇਂ ਪੰਛੀ।

੨. **ਜੇਰਜ**:–ਜਿਓਰ ਤੋਂ ਜੰਨਮੇ ਹੋਏ ਜਿਵੇਂ ਪਸੂ ਤੇ ਮਨੁੱਖ।

੩. **ਉਤਭੁਜ**:– ਪਾਣੀ ਰਾਹੀਂ ਧਰਤੀ ਤੋਂ ਜੰਮੇ ਹੋਏ ਜਿਵੇ ਬਿਰਛ ਬੇਲਾਂ ਆਦਿ ।

੪. **ਸੇਤਜ**:–ਸ੍ਵੇਤ (ਮੁੜ੍ਹਕੇ ਪਸੀਨੇ) ਤੋਂ ਪੈਦਾ ਹੋਏ ਜਿਵੇਂ ਜੂਆਂ।

੩. **ਚਾਰ ਬਾਣੀਆਂ** :– ਪਰਾ, ਪਸੰਤੀ, ਮਧਮਾ, ਬੈਖਰੀ।

੧. **ਪਰਾ**:–ਮੂਲਾਧਾਰ ਵਿੱਚ ਰਹਿਣ ਵਾਲਾ ਸ਼ਬਦ (ਆਵਾਜ਼)।

੨. **ਪਸੰਤੀ**:– ਮੂਲਾਧਾਰ ਵਿੱਚੋਂ ਉਠ ਕੇ ਹਿਰਦੇ ਵਿੱਚ ਆਇਆ ਸ਼ਬਦ ।

੩. **ਮਧਮਾ** :– ਹਿਰਦੇ ਤੋਂ ਕੰਠ ਵਿੱਚ ਆਇਆ ਸ਼ਬਦ।

੪. **ਬੈਖਰੀ** :– ਮੁਖ (ਮੂੰਹ) ਤੋਂ ਉਚਾਰਨ ਹੋਇਆ ਸ਼ਬਦ।

੪. **ਚਾਰ ਅਗਨੀਆਂ** :–

੧. **ਦਾਵਾਗਨਿ (ਦਾਵਾ ਅਗਨਿ)**:– ਜਿਸ ਨਾਲ ਰੋਟੀ ਪਕਾਈਦੀ ਹੈ।

੨. **ਜਠਰਾਗਨਿ**:– ਪੇਟ ਦੀ ਅੱਗ ਜਿਸ ਨਾਲ ਖਾਧਾ ਭੋਜਨ ਹਜ਼ਮ ਹੁੰਦਾ ਹੈ।

੩. **ਅਬਿੰਧਨਾਗਨਿ**:– ਅਗਨ ਜੋ ਜਲ ਨੂੰ ਭਸਮ ਕਰਦੀ ਹੈ, ਬਿਜਲੀ ਅਤੇ ਵੜਵਾ।

੪. **ਆਕਰਜਾਗਨਿ**:– ਖਾਣਾਂ ਦੀ ਅੱਗ ਜੋ ਧਾਤਾਂ ਨੂੰ ਪਿਘਲਾ ਦਿੰਦੀ ਹੈ।

੫. **ਚਾਰ ਪਦਾਰਥ**:– (ਅਰਥ ਧਰਮ ਕਾਮ ਮੋਖ ਕਾ ਦਾਤਾ। (ਪੰਨਾ ੮੦੫ ))

੧. **ਅਰਥ** (prosperity) ਧਨ ਪਦਾਰਥ ।

੨. **ਧਰਮ** ( goodness) ਸ਼ੁੱਭ ਕਰਮ ।

੩. **ਕਾਮ** (success) ਕਾਮਨਾ (ਇੱਛਾ) ਪੂਰਤੀ ।

੪. **ਮੋਖ** (salvation) ਮੁਕਤੀ (ਬੰਧਨਾ ਤੋਂ ਛੁਟਕਾਰਾ )।

੬. **ਚਾਰ ਮਗਜ਼** :– ਖੱਖੜੀ, ਖਰਬੂਜ਼ਾ, ਕੱਦੂ ਅਤੇ ਤਰਬੂਜ਼ (ਹਦਵਾਣਾ) ਦੀਆਂ ਗਿਰੀਆਂ।

੭. **ਚਾਰ ਵਰਣ** :– ਹਿੰਦੂਮਤ ਅਨੁਸਾਰ ਮਨੁੱਖਾਂ ਦੀਆਂ ਚਾਰ ਮੁੱਖ ਜਾਤਾਂ - ਬ੍ਰਾਹਮਣ, ਖੱਤਰੀ , ਵੈਸ਼ , ਸ਼ੂਦਰ ।

" **ਬ੍ਰਾਹਮਣੁ ਖਤ੍ਰੀ ਸੂਦ ਵੈਸ਼ . ਚਾਰ ਵਰਨ . ਚਾਰ ਆਸ਼੍ਰਮ ਰਹਿ. ਜੋ ਹਰਿ ਧਿਆਵੈ ਸੋ ਪਰਧਾਨੁ।**"

(ਗੋਂਡ ਮ: ੪, ਪੰਨਾ ੮੬੧ )

੮. **ਚਾਰ ਆਸ਼੍ਰਮ** :– ਹਿੰਦੂਮਤ ਅਨੁਸਾਰ ਜੀਵਨ ਦੇ ਚਾਰ ਦਰਜੇ:-

੧. **ਬ੍ਰਹਮਚਰਜ**.– ਜਨੇਊ ਧਾਰ ਕੇ ਵੇਦ ਪੜ੍ਹਨ ਲਈ ੨੫ ਸਾਲ ਤੱਕ ਗੁਰੂ ਕੋਲ ਜਾਣਾ।

੨. **ਗ੍ਰਿਹਸਥ**:– ੨੫ ਸਾਲ ਤੋਂ ੫੦ ਸਾਲ ਤੱਕ ਗ੍ਰਿਹਸਥ ਧਾਰਨ ਕਰਨਾ।

੩. **ਵਾਨਪ੍ਰਸਤ**:– ੫੦ ਤੋਂ ੭੫ ਸਾਲ ਤੱਕ ਜੰਗਲਾਂ ਵਿੱਚ ਰਹਿ ਕੇ ਇਕਾਂਤ ਜੀਵਨ ਬਤੀਤ ਕਰਨਾ, ਭਗਤੀ ਕਰਨੀ।

੪. **ਸੰਨਿਆਸ**:– ੭੫ ਸਾਲ ਤੋਂ ਬਾਅਦ ਘਰ ਬਾਰ ਤਿਆਗ ਕੇ ਸੰਨਿਆਸ ਧਾਰਨ ਕਰਨਾ, ਭਿੱਖਿਆ ਮੰਗ ਕੇ ਜੀਵਨ ਨਿਰਵਾਹ ਕਰਨਾ।

੯. **ਚਾਰ ਵੇਦ** :– ਹਿੰਦੂ ਧਰਮ ਦੇ ਚਾਰ ਮੁੱਖ ਗ੍ਰੰਥ- ਰਿਗ, ਸਾਮ, ਯਜੁਰ, ਅਰਥਵਣ।

੧੦. **ਚਾਰ ਜੁਗ** :–ਸਤਿਜੁਗ, ਤ੍ਰੇਤਾ, ਦੁਆਪਰ, ਕਲਜੁਗ।

੧੧. **ਚਾਰ ਕਿਤਾਬਾਂ** :– ਸਾਮੀ ਧਰਮਾਂ ਦੀਆਂ ਚਾਰ ਧਰਮ ਪੁਸਤਕਾਂ -

੧. **ਜ਼ਬੂਰ** :– ਹਜ਼ਰਤ ਦਾਊਦ ਸਾਹਿਬ ਦੇ ਦਾਊਦੀ ਮਤ ਦੀ ਧਰਮ ਪੁਸਤਕ।

੨. **ਤੌਰੇਤ** :– ਹਜ਼ਰਤ ਮੂਸਾ ਸਾਹਿਬ ਦੇ ਯਹੂਦੀ ਮਤ ਦੀ ਧਰਮ ਪੁਸਤਕ।

੩. **ਅੰਜੀਲ** – ਹਜ਼ਰਤ ਈਸਾ ਸਾਹਿਬ ਦੇ ਈਸਾਈ ਮਤ ਦੀ ਧਰਮ ਪੁਸਤਕ।

੪. **ਕੁਰਾਨ** :– ਹਜ਼ਰਤ ਮੁਹੰਮਦ ਸਾਹਿਬ ਦੇ ਮੁਸਲਮਾਨੀ ਮਤ ਦੀ ਧਰਮ ਪੁਸਤਕ।

੧੨. **ਚਾਰ ਯਾਰ (ਖਲੀਫੇ)** :–ਮੁਹੰਮਦ ਸਾਹਿਬ ਦੇ ਚਾਰ ਮਿੱਤਰ ਜੋ ਸਾਰਿਆਂ ਤੋਂ ਵਧਕੇ ਇਸਲਾਮ ਦੇ ਪ੍ਰਚਾਰਕ ਸਨ – ਅਬੂਬਕਰ, ਉਮਰ, ਉਸਮਾਨ ਤੇ ਅਲੀ।

੧੩. **ਚਾਰ ਫ਼ਰਿਸ਼ਤੇ (ਮੁਸਲਮਾਨੀ ਧਰਮ ਅਨੁਸਾਰ)** :–

੧. **ਜ਼ਿਬਰਾਈਲ** :– ਰੱਬ ਦਾ ਸੁਨੇਹਾ ਪੈਗੰਬਰਾਂ ਕੋਲ ਲੈ ਕੇ ਜਾਣ ਵਾਲਾ।

੨. **ਮਾਈਕਲ** :– ਜੀਵਾਂ ਨੂੰ ਰਿਜ਼ਕ ਪਹੁੰਚਾਉਣ ਤੇ ਮੀਂਹ ਵਰ੍ਹਾਉਣ ਵਾਲਾ।

੩. **ਇਸਰਾਫ਼ੀਲ** :– ਪਰਲੋ ਵੇਲੇ ਬਿਗਲ ਵਜਾਉਣ ਵਾਲਾ।

੪. **ਇਜ਼ਰਾਈਲ** :– ਮਲਕਲਮਉਤ, ਜੀਵਾਂ ਦੇ ਪ੍ਰਾਣ ਕੱਢਣ ਵਾਲਾ। "**ਮਲਕਲਮਉਣ ਜਾਂ ਆਵਸੀ ਸਭ ਦਰਵਾਜ਼ੇ ਭੰਨ**" (ਸਲੋਕ ਫਰੀਦ ਜੀ)

੧੪. **ਚਾਰ ਬੱਜਰ ਕੁਰਹਿਤਾਂ (ਖਾਲਸਾ ਧਰਮ ਅਨੁਸਾਰ)**:–

੧. **ਰੋਮਾਂ ਦੀ ਬੇਅਦਬੀ।**

੨. **ਤਮਾਖੂ ਦਾ ਵਰਤਣਾ।**

੩. **ਕੁੱਠਾ ਖਾਣਾ।**



www.AKJ.Org

੪. ਪਰ-ਇਸਤਰੀ ਜਾਂ ਪਰ-ਪੁਰਸ਼ ਨਾਲ ਗਮਨ (ਭੋਗਣਾ)।

**੧੫. ਚਾਰ ਚੌਕੀਆਂ** :- ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਗੁਰੂ ਅਰਜਨ ਦੇਵ ਜੀ ਦੀ ਥਾਪੀ ਹੋਈ ਚਾਰ ਵੇਲੇ ਕੀਰਤਨ ਰੀਤ-

੧. ਅੰਮ੍ਰਿਤ ਵੇਲੇ ਆਸਾ ਕੀ ਵਾਰ ਦੀ ਚੌਕੀ।
੨. ਸਵਾ ਪਹਿਰ ਦਿਨ ਚੜ੍ਹੇ ਚਰਨਕਵਲ ਕੀ ਚੌਕੀ।
੩. ਸ਼ਾਮ ਵੇਲੇ ਰਹਰਾਸਿ ਤੋਂ ਪਹਿਲਾਂ 'ਸੋ ਦਰੁ' ਦੀ ਚੌਕੀ।
੪. ਚਾਰ ਘੜੀ ਰਾਤ ਬੀਤਣ ਤੇ ਕਲਿਆਣ ਦੀ ਚੌਕੀ।

**੧੬. ਚਾਰ ਨਦੀਆਂ** :- "ਹੰਸੁ ਹੇਤੁ ਲੋਭੁ ਕੋਪੁ, ਚਾਰੇ ਨਦੀਆਂ ਅਗਿ।" ਅੱਗ ਦੀਆਂ ਚਾਰ ਨਦੀਆਂ-

(ਮਾਝ ਮ: ੧, ਪੰਨਾ ੧੪੭)

੧. **ਹਿੰਸਾ (ਨਿਰਦਇਤਾ)** :- ਜੀਵਾਂ ਨੂੰ ਦੁੱਖ ਦੇਣਾ।
੨. **ਹਿਤ (ਮੋਹ)** :- ਅਗਿਆਨਤਾਵਸ ਹੋ ਕੇ ਪਦਾਰਥਾਂ ਦਾ ਮੋਹ।
੩. **ਲੋਭ (ਲਾਲਚ)** :- ਅਯੋਗ ਢੰਗ ਨਾਲ ਪਦਾਰਥ ਲੈਣ ਦੀ ਇੱਛਾ।
੪. **ਕ੍ਰੋਧ** :- ਬਿਨਾਂ ਕਾਰਨ ਹੀ ਗੁੱਸੇ ਵਿੱਚ ਸੜਨਾ ਅਤੇ ਹੋਰਨਾਂ ਨੂੰ ਨੁਕਸਾਨ ਪਹੁੰਚਾਉਣਾ।

**੧੭. ਚਾਰ ਕਿਲਵਿਖ** :- ਹਿੰਦੂ ਸ਼ਾਸ਼ਤਰਾਂ ਅਨੁਸਾਰ ਚਾਰ ਕਿਲਵਿਖ ਇਹ ਹਨ-

੧. ਬ੍ਰਾਹਮਣ ਦੀ ਹੱਤਿਆ।
੨. ਗਊ ਦੀ ਹੱਤਿਆ।
੩. ਧੀ ਦੀ ਹੱਤਿਆ (ਧੀ ਦਾ ਪੈਸਾ)।
੪. ਕੁਕਰਮੀ ਦਾ ਅੰਨ ਧਨ (ਪੈਸਾ) "**ਬ੍ਰਾਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ।**" (ਪੰਨਾ ੧੪੧੩)

ਗੁਰਮਤਿ ਅਨੁਸਾਰ ਕਾਮ, ਕ੍ਰੋਧ, ਲੋਭ, ਮੋਹ ਚਾਰ ਮੁੱਖ ਕਿਲਵਿਖ ਹਨ।

"**ਕਾਮਿ ਕਰੋਧਿ ਮੋਹਿ ਵਸਿ ਕੀਆ, ਕਿਰਪਨ ਲੋਭਿ ਪਿਆਰੁ।।
ਚਾਰੇ ਕਿਲਵਿਖ ਉਨਿ ਅਘ ਕੀਏ, ਹੋਆ ਅਸੁਰ ਸੰਘਾਰੁ।।
ਪੋਥੀ ਗੀਤ ਕਵਿਤ ਕਿਛੁ, ਕਦੇ ਨ ਕਰਨਿ ਧਰਿਆ।।
ਚਿਤਿ ਆਵੈ ਓਸੁ ਪਾਰਬ੍ਰਹਮ ਤਾ ਨਿਮਖ ਸਿਮਰਤ ਤਰਿਆ।।੪।।**"

(ਪੰਨਾ ੭੦)

**੧੮. ਚਾਰ ਦਰਸ਼ਨ** :-

੧. ਚਿਤ੍ਰ ਦਰਸ਼ਨ।
੨. ਸੁਪਨ ਦਰਸ਼ਨ।
੩. ਸ੍ਰਵਨ ਦਰਸ਼ਨ।
੪. ਪ੍ਰਤੱਖ ਦਰਸ਼ਨ।

**੧੯. ਚਾਰ ਅਵਸਥਾ (ਗੁਣ)** :-

"**ਰਜ ਗੁਣ, ਤਮ ਗੁਣ, ਸਤ ਗੁਣ ਕਹੀਐ,
ਏਹ ਤੇਰੀ ਸਭ ਮਾਇਆ।
ਚਉਥੇ ਪਦ ਕਉ ਜੋ ਨਰ ਚੀਨੈ,
ਤਿਨ ਹੀ ਪਰਮ ਪਦ ਪਾਇਆ।**" (ਪੰਨਾ ੧੧੨੩)

"**ਤੀਨਿ ਬਿਆਪਹਿ ਜਗਤ ਕਉ, ਤੁਰੀਆ ਪਾਵੈ ਕੋਇ।**"

(ਪੰਨਾ ੨੯੭)

ਤ੍ਰੈ ਗੁਣ ਮਾਇਆ-

੧. **ਰਜ ਗੁਣ** :- ਮੋਹ ਤੇ ਹੰਕਾਰ ਦਾ ਮੂਲ।
੨. **ਤਮ ਗੁਣ** :- ਉਹ ਗੁਣ ਜਿਸ ਕਾਰਨ ਆਤਮਕ ਜੀਵਨ ਦਾ ਸਾਹ ਘੁੱਟਿਆ ਜਾਏ।
੩. **ਸਤੋ ਗੁਣ** - ਉਹ ਗੁਣ ਜਿਸ ਦਾ ਨਤੀਜਾ ਸ਼ਾਂਤੀ, ਦਇਆ, ਖਿਮਾ, ਪ੍ਰਸੰਨਤਾ ਆਦਿ ਹੈ।
੪. **ਤੁਰੀਆ ਗੁਣ (ਚੌਥਾ ਪਦ)** - ਸਹਜ ਅਵਸਥਾ ਜਿੱਥੇ ਮਾਇਆ ਪੋਹ ਨਹੀਂ ਸਕਦੀ।

"**ਤੁਰੀਆਵਸਥਾ ਗੁਰਮੁਖਿ ਪਾਈਐ।**" (ਪੰਨਾ ੩੫੫)

ਕਈ ਪੁਰਾਣੇ ਵਿਚਾਰਵਾਨ ਸਰੀਰ ਦੀਆਂ ਹੇਠ ਲਿਖੀਆਂ ਅਵਸਥਾਵਾਂ ਮੰਨਦੇ ਹਨ-

੧. **ਜਾਗ੍ਰਤ** :- ਉਹ ਅਵਸਥਾ ਜਦੋਂ ਅਸੀਂ ਜਾਗਦੇ ਤੇ ਕੰਮ ਕਰਦੇ ਹੁੰਦੇ ਹਾਂ।
੨. **ਸੁਪਨ** :- ਉਹ ਅਵਸਥਾ ਜਦੋਂ ਅਸੀਂ ਨਾ ਜਾਗਦੇ ਅਤੇ ਨਾ ਹੀ ਸੁੱਤੇ ਹੁੰਦੇ ਹਾਂ।
੩. **ਸੁਖੋਪਤਿ** :- ਉਹ ਅਵਸਥਾ ਜਦੋਂ ਅਸੀਂ ਘੂਕ ਸੁੱਤੇ (ਗੂੜ੍ਹੀ ਨੀਂਦ) ਪਏ ਹੁੰਦੇ ਹਾਂ ਕਿ ਪਤਾ ਨਹੀਂ ਲੱਗਦਾ ਕਿ ਕਿੱਥੇ ਪਏ ਹਾਂ।
੪. **ਚਉਥਾ ਪਦ** :- ਮਨ ਦੀ ਸਾਧੀ ਹੋਈ ਸੰਤੁਲਤ ਤੇ ਸਹਿਜ ਅਵਸਥਾ ਜਿਸ ਨੂੰ ਤੁਰੀਆ ਪਦ, ਸਹਿਜ ਪਦ, ਪਰਮ ਪਦ ਜਾਂ ਅਮਰ ਪਦ ਵੀ ਕਿਹਾ ਜਾਂਦਾਂ ਹੈ ।

"**ਚਉਥੇ ਪਦ ਮਹਿ ਸਹਜੁ ਹੈ, ਗੁਰਮੁਖਿ ਪਲੈ ਪਾਇ।**"

(ਪੰਨਾ ੬੮)

**੨੦. ਚਾਰ ਮੁਕਤੀਆਂ** :- ਸਾਰੀ ਪ੍ਰਕਾਰ ਦੇ ਦੁੱਖਾਂ ਤੋਂ ਸਦਾ ਲਈ ਛੁਟਕਾਰਾ ਪਾਉਣਾ 'ਮੁਕਤੀ' ਹੈ। ਭਾਰਤੀ ਵਿਚਾਰਵਾਨਾਂ ਨੇ ਚਾਰ ਪ੍ਰਕਾਰ ਦੀ ਮੁਕਤੀ ਮੰਨੀ ਹੈ-

੧. **ਸਾਲੋਕਯ** :- ਪ੍ਰਭੂ ਦਰ ਪਹੁੰਚਣਾ।
੨. **ਸਾਯੁਜਯ** :- ਪ੍ਰਭੂ ਦਰ ਦਾ ਅੰਗ ਹੋ ਜਾਣਾ।
੩. **ਸਮੀਪਯ** :- ਪ੍ਰਭੂ ਦੇ ਨਿਕਟ (ਨੇੜੇ) ਪਹੁੰਚਣਾ।
੪. **ਸਾਰੂਪਯ** :- ਪ੍ਰਭੂ ਦੇ ਸਰੂਪ ਵਰਗਾ ਹੋ ਜਾਣਾ।

ਗੁਰਮਤਿ "ਪ੍ਰਭੂ ਪ੍ਰੇਮ" ਨੂੰ ਹੀ ਸਭ ਕੁਝ ਮੰਨਦੀ ਹੈ।

"**ਮੁਕਤਿ ਬਪੁੜੀ ਭਿ ਗਿਆਨੀ ਤਿਆਗੇ।**" (ਪੰਨਾ ੧੦੭੮) ਅਤੇ - **ਰਾਜੁ ਨ ਚਾਹਉ ਮੁਕਤਿ ਨ ਚਾਹਉ, ਮਨਿ ਪ੍ਰੀਤਿ ਚਰਨ ਕਮਲਾਰੇ।** (ਪੰਨਾ ੫੩)

✡ ✡ ✡ ✡ ✡



www.AKJ.Org

# ਨਿਰਮਲ ਧੁੰਨ

(ਭਾਈ ਜਸਵੀਰ ਸਿੰਘ ਖਾਲਸਾ, ਖੰਨੇ ਵਾਲੇ)

ਜਿਸਨੇ ਪਰਮੇਸ਼ਰ ਨੂੰ ਵਿਸਾਰ ਦਿਤੈ ਉਹ ਭਰਮਦਾ ਹੈ। ਇੰਝ ਸਮਝ ਆਉਂਦਾ ਹੈ ਕਿ ਉਹ ਟੁੱਟ ਚੁੱਕਾ ਹੈ। ਬੰਦਾ ਜਦੋਂ ਬੰਦਗੀ ਤੋਂ ਟੁੱਟਦਾ ਹੈ ਕਿ ਉਹ ਬੰਦਾ ਭੀ ਹੈ ਕਿ ਨਹੀਂ। ਜਦੋਂ ਬੰਦਾ ਪਰਮਾਤਮਾ ਤੋਂ ਟੁੱਟਦਾ ਹੈ ਉਸ ਦੇ ਅੰਦਰ ਜੋ ਮਨੁੱਖਤਾ ਦਾ ਭਾਵ ਹੈ ਉਹ ਭੀ ਟੁੱਟ ਜਾਂਦਾ ਹੈ। ਪਰਮੇਸ਼ਰ ਤੋਂ ਟੁੱਟਿਆਂ ਬੰਦਾ ਸਭ ਕੁੱਝ ਲੁਟਾ ਬੈਠਦਾ ਹੈ। ਉਹ ਗੁਣ ਭੀ ਲੁਟਾ ਬੈਠਦਾ ਹੈ ਜਿਨ੍ਹਾਂ ਕਰਕੇ ਉਹ ਮਨੁੱਖ ਹੈ। "**ਮਨ ਏਕੁ ਨ ਚੇਤਸਿ ਮੂੜ ਮਨਾ ਹਰਿ ਬਿਸਰਤ ਤੇਰੇ ਗੁਣ ਗਲਿਆ।।**" (ਪੰਨਾ ੧੨)

ਪਰਮੇਸ਼ਰ ਤੋਂ ਟੁੱਟਿਆ ਹੋਇਆ ਬੰਦਾ ਆਪਣੀ ਰਸਨਾ ਤੋਂ ਮਨੁੱਖਤਾ ਵਾਲੀ ਬੋਲ ਨਹੀਂ ਬੋਲ ਸਕਦਾ। ਪਰਮੇਸ਼ਰ ਨੂੰ ਵਿਸਾਰ ਕੇ ਉਸ ਦੇ ਅੰਦਰੋਂ ਚੰਗੇ ਸ਼ਬਦ ਹੀ ਨਹੀਂ ਨਿਕਲਦੇ ਕਿਉਂਕਿ ਉਸਦੇ ਅੰਦਰੋਂ ਚੰਗੇ ਸ਼ਬਦ ਗੁਆਚੇ ਹੋਏ ਹੁੰਦੇ ਹਨ। ਇਸੇ ਕਰਕੇ ਉਸ ਦੇ ਬੋਲ ਕਬੋਲ ਹੋ ਜਾਂਦੇ ਹਨ।

ਜਿਹੜੇ ਪ੍ਰਭੂ ਨੂੰ ਚੇਤੇ ਰੱਖਦੇ ਹਨ ਉਨ੍ਹਾਂ ਦੇ ਬੋਲ ਭੀ ਮਿੱਠੇ ਹੁੰਦੇ ਹਨ। ਉਨ੍ਹਾਂ ਦੇ ਹਰ ਬੋਲ ਵਿੱਚ ਸਚਾਈ ਹੁੰਦੀ ਹੈ। ਜਿਹੜੇ ਪ੍ਰਭੂ ਨੂੰ ਵਿਸਾਰ ਦਿੰਦੇ ਹਨ ਉਹਨਾ ਦੀ ਦੇਖਣੀ ਭੀ ਉਹ ਨਹੀਂ ਰਹਿੰਦੀ ਜੋ ਮਨੁੱਖਾ ਵਾਲੀ ਹੋਵੇ। ਹਰ ਦੇਖਣ ਪਿਛੇ, ਹਰ ਦ੍ਰਿਸ਼ਟੀ ਪਿੱਛੇ ਕੋਈ ਭਾਵ ਹੈ। ਅੱਖਾਂ ਤਾਂ ਉਹ ਹਨ ਦੇਖਣ ਵਾਲੀਆਂ ਪਰ ਇਕ ਅੱਖਾਂ ਨੂੰ ਮਾਇਆ ਸਰਪਣੀ ਦੇ ਤੌਰ ਤੇ ਨਜ਼ਰ ਆਉਂਦੀ ਹੈ, ਇਕਨਾ ਨੂੰ ਮਾਇਆ ਲਕਸ਼ਮੀ ਦੇ ਤੌਰ ਤੇ ਨਜ਼ਰ ਆਉਂਦੀ ਹੈ। ਅੱਖਾਂ ਤਾਂ ਉਹੀ ਹਨ, ਇਕਨਾ ਨੂੰ ਤਾਂ ਪ੍ਰਭੂ ਦੇ ਰੰਗ ਪ੍ਰਭੂ ਦੇ ਚੋਜਾਂ ਵਿੱਚ ਨਜ਼ਰ ਆਉਂਦੇ ਹਨ ਤੇ ਇਕਨਾ ਨੂੰ ਸਿਰਫ ਕੁਦਰਤ ਹੀ ਨਜ਼ਰ ਆਉਂਦੀ ਹੈ, ਕਾਦਰ ਨਜ਼ਰ ਨਹੀਂ ਆਉਂਦਾ। ਜਿਨ੍ਹਾਂ ਨੇ ਪ੍ਰਭੂ ਨੂੰ ਵਿਸਾਰਿਆ, ਉਨ੍ਹਾਂ ਦੀ ਤੱਕਣੀ ਵਿਕਾਰਾਂ ਵਾਲੀ ਹੋ ਜਾਂਦੀ ਹੈ, ਉਨ੍ਹਾਂ ਦੇ ਨੇਤਰ ਸੱਚ ਨੂੰ ਵੇਖਣ ਦੀ ਬਜਾਏ ਝੂਠੇ ਨੂੰ ਦੇਖਣ ਲੱਗ ਪਏ। ਸੱਚ ਤਾਂ ਇਹ ਹੈ ਕਿ ਉਹਨਾਂ ਦੀਆਂ ਅੱਖਾਂ ਸੌਂ ਗਈਆਂ "**ਨੈਨਹੁ ਨੀਦ ਪਰਦਿਸਟਿ ਵਿਕਾਰ।**" (ਪੰਨਾ ੧੮੨)

ਜਿਨ੍ਹਾਂ ਨੇ ਪਰਮਾਤਮਾ ਨੂੰ ਵਿਸਾਰਿਐ ਉਨ੍ਹਾਂ ਦੇ ਸਰਵਣ, ਉਨ੍ਹਾਂ ਦੇ ਕੰਨ ਭੀ ਕੱਚੇ ਹੋ ਗਏ। ਕਹਿੰਦੇ ਹਨ ਇਹ ਬੰਦਾ ਬੜਾ ਕੱਚਾ ਹੈ। ਕਾਰਨ ਕੀ ਹੈ ? ਜਦੋਂ ਕੋਈ ਕੱਚੀ ਗੱਲ ਸੁਣੇਗਾ ਉਸ ਦੇ ਅੰਦਰ ਕੱਚੀ ਗੱਲ ਹੀ ਵਸੇਗੀ। ਜਦੋਂ ਕੋਈ ਸੱਚੀ ਗੱਲ ਸੁਣੇਗਾ ਉਸਦੇ ਅੰਦਰ ਸੱਚ ਵਸੇਗਾ। ਸੁਣਨਾ ਇਕ ਬੜੀ ਵੱਡੀ ਕਲਾ ਹੈ। ਜੇ ਸਾਨੂੰ ਬਾਹਰੋਂ ਸੁਣਨਾ ਆ ਗਿਆ ਤਾਂ ਸਾਨੂੰ ਫਿਰ ਅੰਦਰੋਂ ਭੀ ਸੁਣਨਾ ਆ ਜਾਏਗਾ। ਅਸੀਂ ਅੰਦਰੋਂ ਅਜੇ ਕਿਉਂ ਨਹੀਂ ਸੁਣਦੇ ਕਿਉਂਕਿ ਅਜੇ ਤੱਕ ਤਾਂ ਅਸੀਂ ਬਾਹਰੋਂ ਭੀ ਪੂਰਾ ਨਹੀਂ ਸੁਣ ਸਕਦੇ। ਕੋਈ ਗੱਲ ਸੁਣਾਵੇ ਅਸੀਂ ਸੁਣਦੇ ਹੀ ਨਹੀਂ, ਕੋਈ ਗੱਲ ਸਮਝਾਵੇ ਅਸੀਂ ਸਮਝਦੇ ਹੀ ਨਹੀਂ। ਸਚਮੁਚ ਜਦੋਂ ਕੋਈ ਸੱਚ ਨੂੰ ਸੁਣਨਾ ਬੰਦ ਕਰ ਜਾਏ ਤੇ ਕੱਚ ਹੀ ਸੁਣਦਾ ਰਹੇ ਤਾਂ ਕੱਚ ਨੂੰ ਸੁਣਨ ਕਰਕੇ ਉਸ ਦੇ ਅੰਦਰ ਕੱਚ ਵੱਸਣ ਕਰਕੇ ਉਸ ਕੱਚੇ ਹੋਣ ਦਾ ਚਸਕਾ ਉਸਦੇ ਅੰਦਰ ਆ ਜਾਏਗਾ। ਐਸਾ ਚਸਕਾ ਕਿ ਉਹ ਝੂਠ ਸੁਣਨ ਦਾ ਆਦੀ ਹੋ ਜਾਏਗਾ। ਜਿਵੇਂ ਜਿਵੇਂ ਝੂਠ ਸੁਣਦਾ ਰਹੇਗਾ, ਕਹਿੰਦੇ ਨੇ ਜੈਸਾ ਸੁਣੀਦੇ ਤੈਸਾ ਅੰਦਰ ਵਸਦੇ, ਤੈਸਾ ਹੀ ਮੁਖੋਂ ਝੁੱਗ ਕੱਢਦੇ। ਜੇ ਝੂਠ ਸੁਣੇਗਾ ਤਾਂ ਝੂਠ ਹੀ ਉਗਲੇਗਾ।

"**ਨਿਤ ਝਹੀਆ ਪਾਏ ਝਗੂ ਸੁਟੇ**
**ਝਖਦਾ ਝਖਦਾ ਝੜ ਪਇਆ।।**" (ਪੰਨਾ 307)
**...........ਓਸ ਅੰਦਰਿ ਕੂੜੁ ਕੂੜੋ ਕਰ ਬੁਝੈ**
**ਅਣਹੋਦੇ ਝਗੜੇ ਦੀਜਿ ਓਸ ਦੈ ਗਲਿ ਪਾਇਆ।।**
**ਓਹ ਗਲਫਰੋਸੀ ਕਰੇ ਬਹੁਤੇਰੀ,**
**ਓਸਦਾ ਬੋਲਿਆ ਕਿਸੈ ਨ ਭਾਇਆ।।**
**ਓਹ ਘਰਿ ਘਰਿ ਹੰਢੈ ਜਿਉ ਰੰਨ ਦੋਹਾਗਣਿ**
**ਓਸੁ ਨਾਲ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ।।**
(ਪੰਨਾ ੩੦੩)

ਜਿਵੇਂ ਦੁਹਾਗਣਿ ਰੰਨ ਘਰ ਘਰ ਜਾ ਕੇ ਘੁੰਮਦੀ ਫਿਰਦੀ ਹੈ, ਜਿਸਨੇ ਕੂੜ ਸੁਣਨੈ, ਕੂੜ ਬੋਲਣੈ ਉਸਨੂੰ ਚਸਕਾ ਪੈ ਜਾਂਦਾ ਹੈ। ਨਿੰਦਿਆ ਨਾ ਸੁਣੇ ਨੀਂਦ ਨਹੀਂ ਆਉਂਦੀ, ਨਿੰਦਿਆ ਨਾ ਕਰੇ ਚੈਨ ਨਹੀਂ ਆਉਂਦਾ। ਜਿਨ੍ਹਾਂ ਨੇ ਪਰਮਾਤਮਾ ਨੂੰ ਵਿਸਾਰਿਐ, ਵੇਖਣ ਵਿੱਚ ਆਇਐ ਓਹਨਾਂ ਦੀ ਚਾਲ ਹੀ ਬਦਲ ਗਈ। ਉਹ ਮਨੁੱਖ ਹੋ ਕੇ ਮਨੁੱਖਾਂ ਵਾਂਗ ਨਹੀਂ ਤੁਰਦੇ, ਪਸ਼ੂਆਂ ਵਾਂਗ ਦੌੜ ਰਹੇ ਹਨ। ਸਚਮੁੱਚ ਮਨੁੱਖ ਹੋ ਕੇ ਕੋਈ ਪਸ਼ੂਆਂ ਵਾਂਗ ਦੌੜੇ ਫਿਰ ਤਾਂ ਉਹ ਪਸ਼ੂ ਹੀ ਹੈ।

ਭਾਈ ਗੁਰਮੁਖ ਸਿੰਘ ਜੀ ਕਾਰ ਸੇਵਾ ਵਾਲੇ ਕਿਹਾ ਕਰਦੇ ਸੀ ਕਿ ਮੈਂ ਹੈਰਾਨ ਹਾਂ ਕਿ ਅੱਗੇ ਤਾਂ ਪਸ਼ੂ ਸਾਰੇ ਜੰਗਲਾਂ ਵਿੱਚ ਰਹਿੰਦੇ ਸੀ ਪਰ ਹੁਣ ਤਾਂ ਸ਼ਹਿਰਾਂ ਦੇ ਸ਼ਹਿਰ ਭਰੇ ਪਏ ਹਨ। ਇਤਨੇ ਸ਼ਹਿਰ ਵਿੱਚ ਇਹ ਕਿਉਂ ਆ ਗਏ ਹਨ ? ਕਾਰਨ ਇਕੋਂ ਹੀ ਹੈ ਕਿ ਮਨੁੱਖਾਂ ਦੀ ਚਾਲ ਬਦਲ ਗਈ। ਕਦੀ ਇਹ ਚਾਲ ਪਰਉਪਕਾਰ ਵੱਲ ਜਾਂਦੀ ਸੀ, ਹੁਣ ਉਹ ਚਾਲ ਦੁਰਾਚਾਰ ਵੱਲ ਜਾਂਦੀ ਹੈ। ਅੱਗੇ ਇਹ ਕਦਮ ਕਿਸੇ ਦੁਖੀ ਦੀ ਸਹਾਇਤਾ ਵੱਲ ਜਾਂਦੇ ਸੀ ਪਰ ਪਰਮਾਤਮਾ ਨੂੰ ਵਿਸਾਰਨ ਵਾਲਿਆਂ ਦੇ ਕਦਮ ਮਨੁੱਖ ਨੂੰ ਹੋਰ ਦੁਖੀ ਕਰਨ ਤੁਰ ਪੈਂਦੇ ਹਨ। ਕਦੇ ਇਹ ਕਦਮ ਸੱਚ ਦੇ ਦੀਦਾਰ ਵਾਸਤੇ ਤੁਰਦੇ ਸਨ ਜਿਨ੍ਹਾਂ ਬਾਰੇ ਸਤਿਗੁਰ ਕਹਿੰਦੇ ਹਨ- "**ਚਰਨ ਚਲਉ ਮਾਰਗਿ ਗੋਬਿੰਦ।।**"

ਹੁਣ ਪਰਮੇਸ਼ਰ ਵੱਲ ਪਿੱਠ ਕਰਕੇ ਕਦਮ ਉਧਰ


www.AKJ.Org

ਤੁਰ ਪਏ ਹਨ ਜਿਧਰ ਜ਼ਹਿਰ ਹੀ ਜ਼ਹਿਰ ਹੈ। ਇਹ ਜ਼ਹਿਰ ਦੇ ਵਪਾਰੀ ਬਣ ਗਏ। ਜ਼ਹਿਰ ਨੇ ਦੁਰਾਚਾਰੀ ਬਣਾ ਦਿੱਤਾ ਹੈ। ਸਚਮੁੱਚ ਜਿਨ੍ਹਾਂ ਨੇ ਪਰਮੇਸ਼ਰ ਨੂੰ ਵਿਸਾਰਿਐ ਉਹਨਾਂ ਦੇ ਕਰਮ ਵੀ ਬਦਲ ਗਏ। ਉਹੀ ਹੱਥ ਜਿਹੜੇ ਨਿਰਮਲ ਕਰਮ ਕਰਦੇ ਸਨ ਉਨ੍ਹਾਂ ਹੱਥਾਂ ਨਾਲ ਕਈਆਂ ਦੇ ਜਨਮ ਤਬਾਹ ਹੁੰਦੇ ਵੇਖੇ ਹਨ, ਉਸੇ ਹੱਥ ਵਿੱਚ ਫੜੀ ਕਲਮ ਜੀਵਨ ਨੂੰ ਰਾਹ ਦਿੰਦੀ ਸੀ, ਉਸੇ ਹੱਥ ਵਿੱਚ ਫੜੀ ਕਲਮ ਨੇ ਮਨੁੱਖ ਦੀ ਜਵਾਨੀ ਬਰਬਾਦ ਕਰ ਦਿੱਤੀ ਹੈ। ਉਹ ਹੱਥ ਜੋ ਕਿ ਮਜ਼ਲੂਮ ਦਾ ਸਹਾਰਾ ਹੁੰਦੇ ਸਨ ਅੱਜ ਉਹ ਮਨੁੱਖਤਾ ਦੇ ਕਾਤਲ ਹੋ ਰਹੇ ਹਨ।

ਇਉਂ ਲੱਗਦਾ ਕਿ ਪਰਮਾਤਮਾ ਨੂੰ ਵਿਸਾਰਨਾ ਹੀ ਸਭ ਤੋਂ ਵੱਡਾ ਪਾਪ ਹੈ। ਪਰਮੇਸ਼ਰ ਨੂੰ ਵਿਸਾਰਨ ਵਾਲਾ ਸਭ ਤੋਂ ਵੱਡਾ ਪਾਪੀ ਹੈ। ਸਭ ਤੋਂ ਵੱਡਾ ਪਾਪੀ ਉਹ ਹੈ ਜਿਸ ਨੇ ਸੱਚ ਨਾਲੋਂ ਨਾਤਾ ਤੋੜ ਲਿਆ ਹੈ। ਪੁੰਨੀ ਕੌਣ ਹੈ ? ਪੁੰਨ ਹੁੰਦਾ ਹੀ ਇਕ ਹੈ, ਪੁੰਨ ਕਦੇ ਦੋ ਨਹੀਂ ਹੋ ਸਕਦੇ। ਉਹ ਪੁੰਨ ਕਿਹੜਾ ਹੈ ?- "**ਕਲਿ ਮਹਿ ਏਹੋ ਪੁੰਨ ਗੁਣ ਗੋਬਿੰਦ ਗਾਏ।।**"

ਪਰਮਾਤਮਾ ਨੂੰ ਯਾਦ ਕਰਨਾ ਹੀ ਪੁੰਨ ਹੈ। ਤਿੰਨ ਪਾਪ ਵੱਡੇ ਮੰਨੇ ਗਏ ਹਨ ਜਿਨ੍ਹਾਂ ਨੂੰ ਸ਼ਾਸਤਰਕਾਰਾਂ ਨੇ ਭੀ ਤਰਜੀਹ ਦਿੱਤੀ ਹੈ। ਸਭ ਤੋਂ ਵੱਡਾ ਪਾਪ ਹੈ ਬੇਮੁਖ ਹੋਣਾ। ਬੇਮੁਖ ਉਹ ਹੈ ਜੋ ਪਰਮਾਤਮਾ ਦੀ ਹੋਂਦ ਨੂੰ ਸਵੀਕਾਰ ਨਾ ਕਰੇ। ਭਾਈ ਗੁਰਦਾਸ ਜੀ ਕਹਿੰਦੇ ਹਨ ਸਾਰੀ ਸ੍ਰਿਸ਼ਟੀ ਦੇ ਜਿਤਨੇ ਪਾਪ ਹਨ ਤੱਕੜੀ ਦੇ ਇਕ ਪਲੜੇ ਵਿਚ ਪਾ ਦੇਈਏ, ਦੂਸਰੇ ਪਲੜੇ ਵਿਚ ਬੇਮੁੱਖ ਦਾ ਇਕ ਰੋਮ ਕੱਟ ਕੇ ਰੱਖ ਦੇਈਏ, ਇਕ ਵਾਲ ਕੱਟਕੇ ਰੱਖ ਦੇਈਏ, ਉਹ ਪਾਪਾਂ ਨਾਲੋਂ ਭਾਰੀ ਹੈ। ਦੂਸਰਾ ਪਾਪ ਹੈ ਕਿਸੇ ਦਾ ਦਿਲ ਦੁਖਾਉਣਾ। ਕਿਸੇ ਦਾ ਦਿਲ ਦੁਖਾ ਦੇਣਾ ਸਭ ਤੋਂ ਵੱਡਾ ਪਾਪ ਹੈ ਕਿਉਂਕਿ ਹਰ ਇਕ ਦੇ ਅੰਦਰ ਪਰਮਾਤਮਾ ਵੱਸਦਾ ਹੈ। ਹੇ ਬੰਦੇ ! ਇਹ ਜਾਣ ਲਈਂ ਕਿ ਤੂੰ ਕਿਸੇ ਦਾ ਦਿਲ ਨਹੀਂ ਦੁਖਾਇਆ ਹੈ। ਪਰਮਾਤਮਾ ਦੇ ਦਿਲ ਨੂੰ ਦੁਖਾਉਣ ਵਾਲਾ ਪਾਪੀ ਨਹੀਂ ਤਾਂ ਹੋਰ ਕੀ ਹੈ ?

ਤੀਸਰਾ ਪਾਪ ਹੈ ਮਨੁੱਖ ਦੇ ਅੰਦਰ ਆਲਸ ਦਾ ਆ ਜਾਣਾ। ਆਲਸੀ ਹੋਣਾ ਭੀ ਸਭ ਤੋਂ ਵੱਡਾ ਪਾਪ ਹੈ, ਆਲਸੀ ਪਰਮਾਤਮਾ ਨੂੰ ਯਾਦ ਨਹੀਂ ਕਰਦਾ। ਆਲਸੀ ਵਿੱਚ ਪਰਮਾਤਮਾ ਨੂੰ ਯਾਦ ਕਰਨ ਵਾਲਾ ਉਦਮ ਹੁੰਦਾ ਈ ਨਹੀਂ। ਮਨੁੱਖ ਦੇ ਅੰਦਰ ਆਲਸ ਦਾ ਆ ਜਾਣਾ ਇੰਝ ਸਮਝੋਂ ਉਸ ਦੇ ਅੰਦਰ ਇੱਕ ਐਸੀ ਜ਼ਹਿਰ ਇਕੱਠੀ ਹੋ ਗਈ ਹੈ ਜਿਸ ਜ਼ਹਿਰ ਨੇ ਉਸਨੂੰ ਆਤਮਕ ਮੌਤੇ ਮਾਰ ਦੇਣਾ ਹੈ। ਆਲਸੀ, ਮਨੁੱਖ ਹਰ ਵੇਲੇ ਸੁੱਤਾ ਰਹਿੰਦਾ ਹੈ। ਇਹ ਸੱਚ ਹੈ, ਅੰਮ੍ਰਿਤ ਵੇਲੇ ਸੌਣਾ ਵੀ ਜ਼ਹਿਰ ਪੀਣ ਦੇ ਬਰਾਬਰ ਹੈ। ਜੋ ਅੰਮ੍ਰਿਤ ਵੇਲੇ ਸੁੱਤੇ ਰਹਿੰਦੇ ਹਨ ਉਹ ਨਿੱਤ ਜ਼ਹਿਰ ਪੀਂਦੇ ਹਨ। ਜਿਨ੍ਹਾਂ ਨੇ ਨਿੱਤ ਜ਼ਹਿਰ ਪੀਣੀ ਸ਼ੁਰੂ ਕਰ ਦਿੱਤੀ ਹੈ ਉਨ੍ਹਾਂ ਨੂੰ ਆਤਮਕ ਜੀਵਨ ਕੌਣ ਦੇਵੇਗਾ ? ਸੁਤਾ ਸੁਤਾ ਮਨੁੱਖ ਸਭ ਕੁੱਝ ਲੁਟਾ ਬੈਠਦਾ ਹੈ। ਉਸਦੇ ਪਾਸ ਕੁੱਝ ਨਹੀਂ ਰਹਿੰਦਾ। ਆਲਸੀ ਪਰਮਾਤਮਾ ਦਾ ਨਾਮ ਸੁਣਦਾ ਤਾਂ ਹੈ ਪਰ ਆਲਸ ਵਿੱਚ। ਜੇ ਗੁਰਦੁਆਰੇ ਗੁਰੂ ਦੇ ਦੀਦਾਰ ਕਰਨ ਜਾਂਦਾ ਹੈ ਤਾਂ ਵੀ ਆਲਸ ਵਿੱਚ। ਉਹ ਜਿਧਰ ਵੀ ਮੁਖ ਕਰਦਾ ਹੈ ਆਲਸ ਵਿੱਚ। ਅਜਿਹਾ ਬੰਦਾ ਸੰਗਤ ਵਿੱਚ ਬੈਠਾ ਬੈਠਾ ਭੀ ਸੌਂ ਜਾਂਦਾ ਹੈ। ਸੰਗਤ ਵਿੱਚ ਗੁਰਸ਼ਬਦ ਦੀ ਵੀਚਾਰ ਚੱਲ ਰਹੀ ਹੋਵੇ ਤੇ ਬੰਦਾ ਸੁਤਾ ਪਿਆ ਹੋਵੇ ਉਹ ਆਲਸੀ ਹੈ। ਜਿਸ ਨੇ ਕੀਰਤਨ ਵਿੱਚ ਵੀ ਆਲਸ ਕਰਕੇ ਸੌਂ ਜਾਣਾ ਹੈ ਉਸਦਾ ਸੁਣਨਾ ਵੀ ਅਧੂਰਾ ਹੈ। ਸਤਸੰਗਤ ਵਿੱਚ ਜਿਥੇ ਕੀਰਤਨ ਹੋ ਰਿਹਾ ਹੋਵੇ, ਗੁਰਸ਼ਬਦ ਦੀ ਵੀਚਾਰ ਚੱਲ ਰਹੀ ਹੋਵੇ, ਉਥੇ ਸੌਂ ਜਾਣਾ ਇਸ ਤੋਂ ਵੱਡਾ ਹੋਰ ਆਲਸ ਨਹੀਂ ਹੈ। ਜਿਥੇ ਸਤਿਗੁਰੂ ਜੀ ਦਾ ਪ੍ਰਕਾਸ਼ ਹੈ '**ਸਤਿਗੁਰ ਜਾਗਤਾ ਹੈ ਦੇਉ**' (ਪੰਨਾ ੪੭੯) ਉਥੇ ਕੋਈ ਸਤਿਗੁਰੂ ਦੇ ਦੀਦਾਰ ਕਰਨ ਆਵੇ, ਸਤਿਗੁਰੂ ਦਾ ਹੁਕਮ ਸੁਣਨ ਆਵੇ ਤੇ ਸੌਂ ਜਾਏ, ਉਸਨੇ ਕੀ ਹੁਕਮ ਸੁਣਨਾ ਹੈ ? ਜਿਵੇਂ ਕੋਈ ਜੱਜ ਦੇ ਕੋਲ ਜਾਏ ਤੇ ਸੌਂ ਜਾਏ, ਉਹ ਜੱਜ ਦਾ ਹੁਕਮ ਨਹੀਂ ਸੁਣ ਸਕਦਾ, ਉਹ ਤਾਂ ਸਜਾ ਪਾ ਲਵੇਗਾ। ਐਸੀ ਅਵਸਥਾ ਹੈ ਆਲਸੀ ਦੀ।

ਸਚਮੁਚ ਆਲਸੀ ਬੰਦਾ ਗੱਲਾਂ ਬੜੀਆਂ ਕਮਾਲ ਦੀਆਂ ਕਰੇਗਾ। ਕਦੇ ਆਲਸੀ ਕੋਲ ਬੈਠੋ, ਤੁਹਾਨੂੰ ਕਹਾਣੀਆਂ ਬੜੀਆਂ ਸੁਣਾਏਗਾ। ਆਲਸੀ ਦੰਭੀ ਤੇ ਪਾਖੰਡੀ ਵੀ ਹੋਵੇਗਾ। ਆਲਸੀ ਬੰਦੇ ਨੂੰ ਜਿੰਦਗੀ ਦਾ ਮਨੋਰਥ ਹੀ ਪਤਾ ਨਹੀਂ ਹੁੰਦਾ। ਜਿਸਨੂੰ ਮਨੋਰਥ ਪਤਾ ਨਹੀਂ ਉਸਨੂੰ ਮੰਜ਼ਿਲ ਦਾ ਪਤਾ ਨਹੀਂ ਹੋ ਸਕਦਾ। ਆਲਸੀ ਕਹਿੰਦਾ ਹੈ ਬਿਸਤਰਾ ਕੋਈ ਵਿਛਾਵੇ, ਸੌਂ ਮੈਂ ਜਾਵਾਂ। ਜੇ ਅਸੀਂ ਆਲਸੀ ਹੋ ਕੇ ਪਰਮੇਸ਼ਰ ਨੂੰ ਵਿਸਾਰ ਦੇਈਏ ਤਾਂ ਗੁਰੂ ਮਹਾਰਾਜ ਕਹਿ ਰਹੇ ਹਨ- "**ਬਿਸਰੰਤ ਹਰਿ ਗੋਪਾਲਹ, ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ**"

ਫਿਰ ਤਾਂ ਜੰਗਲ ਵਿੱਚ ਭਟਕਣ ਵਾਲੀ ਗੱਲ ਹੈ। ਆਲਸੀ ਕਹਿੰਦਾ ਹੈ ਖਾਣਾ ਕੋਈ ਬਣਾਏ ਅਤੇ ਪਰੋਸੇ ਹੋਏ ਖਾ ਮੈਂ ਜਾਵਾਂ। ਕਹਿੰਦਾ ਹੈ ਕਿ ਪਾਠ ਕੋਈ ਕਰੇ ਤੇ ਫਲ ਮੈਂ ਲੈ ਲਵਾਂ, ਅਰਦਾਸ ਕੋਈ ਕਰੇ ਤੇ ਕੰਮ ਮੇਰਾ ਸਿਧ ਹੋ ਜਾਏ। ਇਸੇ ਆਲਸੀ ਕਰਕੇ ਹੀ ਅੱਜ ਅਰਦਾਸ਼ਾਂ ਵਿਕ ਰਹੀਆਂ ਹਨ, ਕੀਰਤਨ ਵਿਕ ਰਹੇ ਹਨ। ਬਾਣੀ ਵੇਚੀ ਜਾ ਰਹੀ ਹੈ ਕਿਉਂਕਿ ਆਲਸੀ ਆਪ ਪਾਠ ਨਹੀਂ ਕਰਦਾ, ਆਪ ਕੀਰਤਨ ਨਹੀਂ ਕਰਦਾ, ਆਪ ਬਾਣੀ ਨਹੀਂ ਪੜ੍ਹਦਾ, ਉਹ ਤਾਂ ਕੀਤਾ ਕਰਾਇਆ ਪਾਠ ਚਾਹੁੰਦਾ ਹੈ, ਉਹ ਤਾਂ ਕੀਤੀ ਕਰਾਈ ਅਰਦਾਸ ਚਾਹੁੰਦਾ ਹੈ। ਉਸ ਆਲਸੀ ਨਾਲ ਜੇ ਪੇਟ ਨਾ ਲੱਗਾ ਹੁੰਦਾ ਸ਼ਾਇਦ ਉਹ ਇਹ ਵੀ ਕਹਿ ਦਿੰਦਾ ਕਿ ਰੋਟੀ ਦੀ ਗ੍ਰਾਹੀ ਵੀ ਕੋਈ



www.AKJ.Org

ਖਾਵੇ ਤੇ ਰੱਜ ਮੈਂ ਜਾਵਾਂ। ਆਲਸੀ ਚਾਨਣਾ ਨਹੀਂ ਚਾਹੁੰਦਾ, ਹਨ੍ਹੇਰਾ ਚਾਹੁੰਦਾ ਹੈ। ਆਲਸੀ ਨੂੰ ਨੀਂਦ ਬੜੀ ਆਉਂਦੀ ਹੈ। ਨੀਂਦ ਦਾ ਸੰਬੰਧ ਹਨ੍ਹੇਰੇ ਨਾਲ ਹੈ। ਹਰ ਬੰਦਾ ਸੌਣ ਲਗਿਆ ਕਹਿੰਦਾ ਹੈ, ਐ ਜ਼ਰਾ ਬਿਜਲੀ ਬੁਝਾ ਦੇਵੇ, ਮੈਂ ਸੌਣਾ ਚਾਹੁੰਦਾ ਹਾਂ। ਆਲਸੀ ਤਮੋ ਗੁਣੀ ਹੈ। ਆਲਸੀ ਨੀਂਦ ਜ਼ਿਆਦਾ ਮੰਗਦਾ ਹੈ। ਹਨ੍ਹੇਰਾ ਚਾਹੁੰਦਾ ਹੈ, ਉਤਨਾ ਪੇਟੂ ਵੀ ਜ਼ਿਆਦਾ ਹੁੰਦਾ ਹੈ। ਆਲਸੀ ਖਾਂਦਾ ਭੀ ਬਹੁਤ ਹੈ। ਆਲਸੀ ਇਤਨਾ ਖਾ ਲੈਂਦਾ ਹੈ ਕਿ ਉਸਨੂੰ ਖਾਧਾ ਹੋਇਆ ਭੀ ਹਜ਼ਮ ਨਹੀਂ ਹੁੰਦਾ। ਆਲਸੀ ਖਾਂਦਾ ਜ਼ਿਆਦਾ, ਸੌਂਦਾ ਜ਼ਿਆਦਾ, ਆਲਸੀ ਹਨ੍ਹੇਰੇ ਨੂੰ ਮੰਗਦਾ ਹੈ ਤੇ ਪਰਮਾਤਮਾ ਨੂੰ ਵਿਸਾਰਨ ਵਾਲਾ ਆਲਸੀ ਅੰਧਕਾਰ ਨੂੰ ਮੰਨੀ ਬੈਠਾ ਹੈ। ਜਿਤਨੇ ਸਿਨੇਮੇ ਬਣੇ ਹਨ, ਇਹ ਸਭ ਆਲਸੀ ਦੇ ਪੈਦਾ ਕੀਤੇ ਹੋਏ ਹਨ। ਆਲਸੀ ਮਨੋਰੰਜਨ ਦਾ ਸਾਧਨ ਭੀ ਹਨ੍ਹੇਰੇ ਵਿੱਚ ਮੰਗਦਾ ਹੈ। ਐਸਾ ਆਲਸੀ ਪਾਪੀ ਹੈ।

ਹੁਣ ਵੀਚਾਰ ਕਰਦੇ ਹਾਂ ਆਲਸ ਕਿਵੇਂ ਜਾਏ ? ਉਸਦੀ ਜੁਗਤ ਕੀ ਹੈ ? ਜੇ ਅਜਿਹੀ ਜੁਗਤ ਅਪਣਾ ਲਈਏ ਤਾਂ ਆਲਸ ਨਹੀਂ ਆਏਗਾ। ਜੇ ਆਲਸ ਨਹੀਂ ਆਏਗਾ ਤਾਂ ਪਰਮੇਸ਼ਰ ਨਹੀਂ ਵਿਸਰੇਗਾ। ਆਲਸ ਗਵਾਉਣ ਦੀ ਇਕੋ ਇਕ ਜੁਗਤ ਹੈ ਤੇ ਉਹ ਹੈ ਇੰਤਜ਼ਾਰ ਨਾਲ ਪਿਆਰ ਦਾ ਸੰਬੰਧ ਹੈ। ਜੇ ਇੰਤਜ਼ਾਰ ਵਿੱਚ ਪਿਆਰ ਨਹੀਂ ਤਾਂ ਇੰਤਜ਼ਾਰ ਵੀ ਨਹੀਂ। ਜੇ ਪਿਆਰ ਵਿੱਚ ਉਤਸ਼ਾਹ ਨੇ ਜਨਮ ਨਹੀਂ ਲਿਆ ਤਾਂ ਇੰਤਜ਼ਾਰ ਭੀ ਨਹੀਂ। ਪਤੀ ਘਰ ਨਾ ਆਇਆ ਹੋਵੇ, ਪਤਨੀ ਨੂੰ ਨੀਂਦ ਨਹੀਂ ਆਉਂਦੀ। ਕਿੰਨੀਆਂ ਰਾਤਾਂ ਉਨੀਂਦੀਆਂ ਕੱਟ ਲੈਂਦੀ ਹੈ। ਬਾਰ ਬਾਰ ਬਨੇਰੇ ਤੇ ਜਾਂਦੀ ਹੈ। ਉਸਨੂੰ ਕੋਈ ਪੁਛੇ ਤੇਰਾ ਆਲਸ ਕਿਥੇ ਗਿਆ, ਤੇਰੀ ਨੀਂਦ ਕਿਥੇ ਗਈ ? ਇਸੇ ਤਰ੍ਹਾਂ ਪ੍ਰਭੂ ਤੋਂ ਵਿਛੜੀ ਜੀਵ ਇਸਤ੍ਰੀ ਜ਼ਰੂਰ ਕਰੇਗੀ **ਮੋਹਿ ਰੈਣਿ ਨਾ ਵਿਹਾਵੈ, ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ।** ਉਹ ਆਖੇਗੀ – **ਪੰਥੁ ਨਿਹਾਰੈ ਕਾਮਨੀ, ਲੋਚਨ ਭਰੀ ਲੇ ਉਸਾਸਾ।। ਉਰ ਨ ਭੀਜੈ, ਪਗੁ ਨ ਖਿਸੈ ਹਰਿ ਦਰਸਨ ਕੀ ਆਸਾ।।** (ਪੰਨਾ ੩੩੭)

ਜਦੋਂ ਇੰਤਜ਼ਾਰ ਹੈ ਤਾਂ ਸਾਡੇ ਵਿੱਚ ਆਲਸ ਨਹੀਂ ਆਉਂਦਾ। ਅਸੀਂ ਪਲੇਟਫਾਰਮ ਤੇ ਗੱਡੀ ਦੀ ਇੰਤਜ਼ਾਰ ਵਿੱਚ ਖੜੇ ਹੋਈਏ ਤਾਂ ਸਾਡੇ ਵਿੱਚ ਆਲਸ ਨਹੀਂ ਹੁੰਦਾ ਕਿ ਗੱਡੀ ਆਵੇ ਤੇ ਉਸ ਵਿੱਚ ਬੈਠੀਏ। ਬੱਚੇ ਦੇ ਪੇਪਰ ਹਨ ਉਹ ਪਾਸ ਹੋਣਾ ਚਾਹੁੰਦਾ ਹੈ, ਨਤੀਜਾ ਚੰਗਾ ਚਾਹੁੰਦਾ ਹੈ, ਉਸਨੂੰ ਜੋ ਨਤੀਜੇ ਦੀ ਆਸ ਹੈ ਤਾਂ ਫਿਰ ਪੜ੍ਹਾਈ ਵਿੱਚ ਕੋਈ ਆਲਸ ਨਹੀਂ ਹੈ। ਜੇ ਉਸਨੂੰ ਪਾਸ ਹੋਣ ਦੀ ਇੰਤਜ਼ਾਰ ਨਹੀਂ ਤਾਂ ਉਹ ਪੜ੍ਹਾਈ ਵਿੱਚ ਭੀ ਆਲਸ ਕਰੇਗਾ। ਜਨਮ ਦੇਣ ਵਾਲੀ ਮਾਤਾ ਨੂੰ ਜਨਮ ਪੀੜਾਂ ਹਨ ਪਰ ਇੰਤਜ਼ਾਰ ਦੇ ਵਿੱਚ ਭੁੱਲੀ ਬੈਠੀ ਹੈ ਕਿ ਕਿਸੇ ਜੀਵ ਨੇ ਆਉਣਾ ਹੈ। ਅਜੇ ਨਵੇਂ ਜੀਵ ਦਾ ਮੁੱਖ ਨਹੀਂ ਵੇਖਿਆ ਪਰ ਇੰਤਜ਼ਾਰ ਹੈ, ਉਸਦੇ ਪਿਆਰ ਵਿੱਚ ਜਨਮਪੀੜਾਂ ਵੀ ਬਰਦਾਸ਼ਤ ਕਰੀ ਜਾਂਦੀ ਹੈ। ਜਦੋਂ ਉਸ ਬੱਚੇ ਨੂੰ ਵੇਖਦੀ ਹੈ ਤਾਂ ਜਨਮ ਪੀੜਾਂ ਭੁੱਲ ਜਾਂਦੀਆਂ ਹਨ। ਆਪਣਾ ਨਤੀਜਾ ਸੁਣ ਕੇ ਉਨੀਂਦੇ ਜਾਗੀਆਂ ਰਾਤਾਂ ਨੂੰ ਭੁਲ ਜਾਂਦੇ ਹਨ।

ਇੰਤਜ਼ਾਰ ਦਾ ਸੰਬੰਧ ਵੀ ਪਿਆਰ ਨਾਲ ਹੈ। ਦੇਖਣਾ ਪਏਗਾ ਜਿਸਦੇ ਇੰਤਜ਼ਾਰ ਵਿੱਚ ਜੀਵ ਖੜ੍ਹਾ ਹੈ ਉਸ ਦੇ ਨਾਲ ਇਸਦਾ ਸੰਬੰਧ ਕੈਸਾ ਹੈ ? ਜਦੋਂ ਸਾਡੇ ਘਰ ਕਿਸੇ ਨੇ ਆਉਣਾ ਹੋਵੇ, ਬੜਾ ਹੀ ਪਿਆਰਾ ਹੋਵੇ, ਅਸੀਂ ਉਸ ਸਮੇਂ ਤੱਕ ਇੰਤਜ਼ਾਰ ਵਿੱਚ ਹੀ ਬੈਠੇ ਰਹਿੰਦੇ ਹਾਂ ਜਦ ਤੱਕ ਉਹ ਆ ਨਹੀਂ ਜਾਂਦਾ ਤੇ ਜਦੋਂ ਇੰਤਜ਼ਾਰ ਕਰ ਰਹੇ ਹੁੰਦੇ ਹਾਂ ਤਾਂ ਆਉਣ ਵਾਲੇ ਮਿੱਤਰ ਲਈ ਚੰਗੀ ਤੋਂ ਚੰਗੀ ਚੀਜ਼ ਤਿਆਰ ਕਰਕੇ ਰੱਖਦੇ ਹਾਂ ਕਿ ਮੇਰਾ ਪਿਆਰਾ ਆਏਗਾ ਮੇਰੇ ਕੋਲ ਬੈਠੇਗਾ, ਮੈਂ ਇਹ ਭੇਟਾ ਉਸ ਪਿਆਰ ਅੱਗੇ ਰੱਖ ਦਿਆਂਗਾ। ਹੁਣ ਇਹ ਗੱਲ ਭੀ ਜ਼ਰੂਰੀ ਹੈ ਕਿ ਜਿਹੜੀ ਤੁਸੀਂ ਭੇਟਾ ਰੱਖੀ ਹੈ ਉਹ ਭੇਟਾ ਪਿਆਰੇ ਨੂੰ ਸਵੀਕਾਰ ਵੀ ਹੋਣੀ ਚਾਹੀਦੀ ਹੈ। ਜਦੋਂ ਸਾਡੀ ਰੱਖੀ ਭੇਟਾ ਸਵੀਕਾਰ ਹੋ ਜਾਏ ਤਾਂ ਫਿਰ ਅਸੀਂ ਖੁਦ ਹੀ ਮਹਿਸੂਸ ਕਰ ਸਕਦੇ ਹਾਂ ਕਿ ਸਾਡੇ ਤੇ ਕੀ ਅਵਸਥਾ ਵਾਪਰਦੀ ਹੈ। ਇਸੇ ਤਰ੍ਹਾਂ ਜੇ ਪਰਮਾਤਮਾ ਨਾਲ ਪਿਆਰ ਹੋ ਜਾਏ, ਪਰਮਾਤਮਾ ਦੀ ਇੰਤਜ਼ਾਰ ਹੋ ਜਾਏ, ਉਸ ਦੀ ਇੰਤਜ਼ਾਰ ਵਿੱਚ ਹਰ ਸਮੇਂ ਉਸਦੀ ਯਾਦ ਰਹੇ, ਯਾਦ ਕਰਨ ਵਾਲਾ ਸੋਚੇਗਾ ਕਿ ਸਭ ਤੋਂ ਕੀਮਤੀ ਵਸਤੂ ਮੇਰੇ ਪ੍ਰਾਣ ਹਨ। ਹੇ ਮੇਰੇ ਪਿਆਰੇ ! ਜੇ ਤੂੰ ਮੇਰੇ ਕੋਲ ਆ ਜਾਵੇ ਤਾਂ ਮੈਂ ਆਪਣੇ ਪ੍ਰਾਣਾਂ ਦੀ ਭੇਟਾ ਤੇਰੇ ਅੱਗੇ ਕਰ ਦਿਆਂ। ਇਹ ਸਿਰਫ ਕਹਿਣ ਮਾਤਰ ਗੱਲ ਨਹੀਂ ਹੈ। ਜਿਹੜਾ ਪ੍ਰਾਣ ਭੇਟਾ ਕਰਨ ਲੱਗਾ ਹੈ ਕਦੇ ਕੋਈ ਸੋਚ ਸਕਦਾ ਹੈ ਕਿ ਉਹ ਆਲਸੀ ਹੈ ? ਹੇ ਪ੍ਰਭੂ ! ਕ੍ਰਿਪਾ ਕਰੋ, ਕੀੜੀ ਦੇ ਘਰ ਭਗਵਾਨ ਆਇਐ ਮੇਰੇ ਪ੍ਰਾਣ ਹੀ ਸਵੀਕਾਰ ਕਰੋ। ਪਰ ਮੇਰਾ ਪਿਆਰਾ ਕਹਿੰਦਾ ਹੈ, ਪ੍ਰਾਣ ਭੀ ਉਸੇ ਦੇ ਸਵੀਕਾਰ ਹੋਣਗੇ ਜਿਸਨੇ ਪਿਆਰੇ ਦੇ ਹੁਕਮ ਨੂੰ ਸੁਣਿਆ, ਸਮਝਿਆ ਤੇ ਮੰਨਿਆ ਹੈ। ਪਿਆਰੇ ਦੀ ਇੰਤਜ਼ਾਰ ਤੇ ਪਿਆਰੇ ਵਿੱਚ ਪਿਆਰ ਪਾਉਣ ਦੀ ਜੁਗਤ ਕੀ ਹੈ ? ਜਿਸਨੂੰ ਹਰ ਸਮੇਂ ਮੌਤ ਦੀ ਇੰਤਜ਼ਾਰ ਹੈ, ਉਸਨੂੰ ਭੀ ਆਲਸ ਨਹੀਂ ਹੈ। ਜਿਨ੍ਹਾਂ ਨੂੰ ਮੌਤ ਦੀ ਇੰਤਜ਼ਾਰ ਨਹੀਂ ਹੈ, ਉਹ ਆਲਸੀ ਹਨ। ਜਿਨ੍ਹਾਂ ਨੂੰ ਮੌਤ ਦੀ ਇੰਤਜ਼ਾਰ ਹੈ, ਉਹ ਪ੍ਰਭੂ ਨੂੰ ਚੇਤੇ ਰੱਖਦੇ ਹਨ, ਪ੍ਰਭੂ ਦੀ ਬੰਦਗੀ ਕਰਦੇ ਹਨ

(ਚਲਦਾ)



www.AKJ.Org

# ਖੰਡੇ ਬਾਟੇ ਦਾ ਅੰਮ੍ਰਿਤ ਛਕਣਾ ਹੀ ਗੁਰੂ ਨਾਲ ਰਿਸ਼ਤਾ ਜੋੜਨਾ ਹੈ

(ਅਕਤੂਬਰ,੯੫ ਦਾ ਬਾਕੀ.....)

(ਭਾਈ ਸੇਵਾ ਸਿੰਘ ਜੀ, ਰਾਮ ਪੁਰ ਖੇੜਾ)

ਚਿੰਤਾ ਕਰਨ ਜਾਂ ਕਾਹਲੇ ਪੈਣ ਦੀ ਲੋੜ ਨਹੀਂ। ਗੁਰੂ ਅਗੇ ਆਪਾ ਸਮਰਪਿਤ ਕਰਕੇ ਆਸ਼ਾਵੰਤ ਹੋ ਕੇ ਸਦਾ ਮਿਹਰ ਦੀ ਉਡੀਕ ਵਿਚ ਰਹੋ। ਉਹ ਮਾਲਕ ਬੜਾ ਦਿਆਲੂ ਹੈ, ਮਿਹਰਵਾਨ ਹੈ। ਮਾਲਕ ਜ਼ਰੂਰ ਤਰੁਠ ਕੇ ਤੁਹਾਡੀਆਂ ਸਾਰੀਆਂ ਇਛਾਵਾਂ ਪੂਰੀਆਂ ਕਰੇਗਾ। ਡਾ: ਭਾਈ ਵੀਰ ਸਿੰਘ ਦੇ ਕਥਨ ਨੂੰ ਹਮੇਸ਼ਾਂ ਯਾਦ ਰਖੋ।

**ਵਿਛ ਜਾ ਵਾਂਙ ਦੁਲੀਚੇ ਦਰ ਤੇ**
**ਵਿਛਿਆ ਰਹੁ ਮਨ ! ਵਿਛਿਆ ਰਹੁ।**
**ਜ਼ੋਰ ਨ ਕੋਈ ਹੱਠ ਆਪਾ ਭੇਟਾ ਧਰ ਕੇ ਖਹੁ।**
**ਧਰਤੀ ਜਿਵੇ ਵਿਛੀ ਧਰ ਆਸ਼ਾ.**
**ਮਿਹਰਾਂ–ਮੀਹ ਉਡੀਕਾਂ ਵਿਚ।**
**ਮਿਹਰਾਂ–ਮੀਹ ਵਸਾਵਣ ਵਾਲਾ**
**ਆਪੇ ਤਰੁਠਸੀ ਤੇਰਾ ਸ਼ਹੁ।**

ਸ: ਅਨਾਰ ਸਿੰਘ ਜੀ ਦੇ ਮਨ ਤੇ ਸੂਖਸ਼ਮ ਮੌਤ ਦਾ ਭੈ ਬਣ ਗਿਆ। ਮਨ ਹਰ ਸਮੇਂ ਕਾਲ ਦੇ ਭੈ ਵਿਚ ਹੋ ਗਿਆ ਕਿ ਪਤਾ ਨਹੀਂ ਸਮਾਂ ਕਿਸ ਵੇਲੇ ਆ ਜਾਣਾ ਹੈ, ਇਸ ਭੈ ਨੇ ਅੰਦਰਲੇ ਨੂੰ ਭਗਤੀ ਵਲ ਮੋੜਾ ਦੇ ਦਿਤਾ। ਸ: ਅਨਾਰ ਸਿੰਘ ਨਿਤਨੇਮ ਤੋਂ ਇਲਾਵਾ, ਹਰ ਸਮੇਂ ਆਸ਼ਾਵੰਦ ਹੋ ਕੇ ਗੁਰੂ ਗੁਰੂ ਜਪਣ ਲਗ ਪਏ। ਰਹਿਣੀ ਰਹਿਤ ਦੇ ਧਾਰਨੀ ਬਣ ਕੇ ਨਾਮ ਦੇ ਧਨ ਨੂੰ ਸ਼ੂਮ ਵਾਂਗ ਸਾਂਭ ਸਾਂਭ ਕੇ ਇੱਕਠਾ ਕਰੀ ਜਾਂਦੇ। ਕਿਸੇ ਨੂੰ ਜ਼ਾਹਰ ਨ ਹੋਣ ਦਿੰਦੇ। ਗੁਰੂ ਚਰਨਾਂ ਵਿਚ ਨਮਸਕਾਰ ਵੀ ਕਰਨ ਜਾਣਾ ਤਾਂ ਹਾਜ਼ਰੀ ਭਰ ਕੇ ਅਛੋਪਲੇ ਹੀ ਸੰਗਤ ਵਿਚੋਂ ਨਿਕਲ ਜਾਣਾ। ਤੁਰਦੇ ਫਿਰਦੇ ਹਰ ਸਮੇਂ ਗੁਰੂ ਚਰਨਾਂ ਨਾਲ ਲਿਵ ਜੋੜਨ ਦੇ ਆਹਰ ਵਿਚ ਲਗੇ ਰਹਿੰਦੇ। ਰੀਟਾਇਰ ਹੋਣ ਉਪ੍ਰੰਤ ਪਿੰਡ ਜਾ ਕੇ ਸਰੀਰ ਨੂੰ ਅਹਾਰ· ਦੇਣ ਤੇ ਅਰਾਮ ਕਰਨ ਤੋਂ ਬਿਨਾਂ ਸਾਰਾ ਸਮਾਂ ਗੁਰੂ ਚਰਨਾਂ ਨਾਲ ਜੁੜ ਕੇ ਸਫਲਾ ਕਰ ਰਹੇ ਹਨ। ਉਹਨਾਂ ਦੇ ਦੱਸਣ ਅਨੁਸਾਰ ਹੁਣ ਮਨ ਵਿਚ ਕਿਸੇ ਕਿਸਮ ਦੀ ਭਟਕਣਾ ਨਹੀਂ, ਨਾ ਹੀ ਮਨ ਵਿਚ ਕੋਈ ਸ਼ੰਕਾ ਉਠਦਾ ਹੈ। ਸੰਸਾਰ ਵਿਚ ਵਿਚਰਦੇ, ਦੁਨੀਆਂ ਵਲੋਂ ਬਿਰਤੀ ਅਲੋਪ ਰਹਿੰਦੀ ਹੈ, ਅੰਦਰਲਾ ਹਰ ਸਮੇਂ ਗੁਰੂ ਹੁਕਮ ਤੇ ਸ਼ੁਕਰਾਨੇ ਵਿਚ ਟਿਕਿਆ ਹੋਇਆ ਹੈ। ਇਹ ਸਾਰੀ ਬਿਰਤੀ ਗੁਰੂ ਵਾਲੇ ਬਣਨ ਨਾਲ ਹੀ ਪ੍ਰਾਪਤ ਹੋਈ ਹੈ।

✡ ✡ ✡ ✡ ✡ ✡

## 'ਸੂਰਾ'' ਸਤੰਬਰ ੧੯੯੫ ਵਿਚ ਦਿੱਤੇ ਬੱਚਿਆਂ ਲਈ ਸਵਾਲਾਂ ਦੇ ਜਵਾਬ

੧. ਨਿਗੁਰੇ ਤੋਂ ਗੁਰੂ ਵਾਲਾ ਬਣਨ ਵਾਸਤੇ ਅੰਮ੍ਰਿਤ ਛਕਣਾ ਜ਼ਰੂਰੀ ਹੈ।

੨. ਕੜਾਹ ਪ੍ਰਸ਼ਾਦ ਪੰਜਾਂ ਚੀਜ਼ਾਂ (ਆਟਾ, ਘਿਉ, ਮਿੱਠਾ, ਪਾਣੀ ਤੇ ਅੱਗ) ਦੇ ਸੁਮੇਲ ਨਾਲ ਤਿਆਰ ਹੁੰਦਾ ਹੈ, ਇਸ ਲਈ ਇਸ ਨੂੰ ਪੰਚਾਮ੍ਰਿਤ ਕਿਹਾ ਜਾਂਦਾ ਹੈ।

੩. ਆਪੋ ਵਿੱਚ ਮਿਲਣ ਤੇ ਵਿਛੜਨ ਸਮੇਂ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ" ਬੁਲਾਉਣੀ ਚਾਹੀਦੀ ਹੈ।

੪. ਉਚ ਨੀਚ, ਜ਼ਾਤ ਪਾਤ ਤੇ ਛੂਤ ਛਾਤ ਦਾ ਭੇਦ ਭਾਵ ਮਿਟਾਉਣ ਵਾਸਤੇ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਨੇ 'ਪਹਿਲੇ ਪੰਗਤ ਪਾਛੈ ਸੰਗਤ' ਦੀ ਰੀਤ ਲਾਗੂ ਕੀਤੀ ਭਾਵ ਪਹਿਲਾਂ ਪੰਗਤ ਵਿੱਚ ਬੈਠ ਕੇ ਲੰਗਰ ਛਕੋ, ਫੇਰ ਸੰਗਤ ਵਿੱਚ ਆ ਕੇ ਗੁਰੂ ਦੇ ਦਰਸ਼ਨ ਕਰੋ ਅਤੇ ਉਪਦੇਸ਼ ਸੁਣੋ।

੫. ਸਿੱਖ ਪਾਸੋਂ 'ਰਹਿਤ' ਵਿੱਚ ਭੁੱਲ ਹੋ ਜਾਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਜ ਪਿਆਰੇ ਜੋ ਸਜ਼ਾ (ਦੰਡ) ਲਾਉਂਦੇ ਹਨ ਉਸ ਨੂੰ 'ਤਨਖਾਹ' ਕਿਹਾ ਜਾਂਦਾ ਹੈ।
ਕੋਈ ਤਿੰਨ ਗੱਲਾਂ ਜਿਸ ਕਾਰਨ 'ਤਨਖਾਹ' ਲੱਗਦੀ ਹੈ, ਇਹ ਹਨ–
1. ਬੇ–ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ।
2. ਦਾੜ੍ਹਾ ਰੰਗਣ ਵਾਲਾ।
3. ਕੋਈ ਨਸ਼ਾ (ਭੰਗ, ਅਫ਼ੀਮ, ਸ਼ਰਾਬ, ਪੋਸਤ, ਕੁਕੀਨ ਆਦਿਕ) ਵਰਤਣ ਵਾਲਾ।


www.AKJ.Org

# ਸ੍ਰੀ ਗੁਰੂ ਤੇਗ ਬਹਾਦਰ ਜੀ

(ਸ਼ਮਸੇਰ ਸਿੰਘ ਅਸ਼ੋਕ)

**ਜਨਮ ਤੇ ਬਚਪਨ:-** ਨੌਵੇ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਵਿਸਾਖ ਵਦੀ ੫, ਸੰਮਤ ੧੬੭੮ ਮੁਤਾਬਕ ਸੰਨ ੧੬੨੧ ਈਸਵੀ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ ਗੁਰੂ ਕੇ ਮਹਿਲ ਅੰਮ੍ਰਿਤਸਰ ਦੇ ਸਥਾਨ ਪਰ ਹੋਇਆ ਸੀ। ਆਪ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਭ ਤੋਂ ਛੋਟੇ ਪੁੱਤਰ ਸਨ, ਛੇਵੇਂ ਪਾਤਸ਼ਾਹ ਦੇ ਵੱਡੇ ਪੁੱਤ੍ਰ ਸਨ- (੧) ਬਾਬਾ ਗੁਰਦਿੱਤਾ, (੨) ਸੂਰਜ ਮੱਲ (੩) ਅਣੀ ਰਾਇ, ਤੇ (੪) ਅਟੱਲ ਰਾਇ, ਅਤੇ ਵੱਡੀ ਧੀ ਸਨ- ਬੀਬੀ ਬੀਰੋਂ ਜੀ, ਜਿਹਨਾਂ ਦਾ ਜਨਮ ਬਾਬਾ ਗੁਰਦਿੱਤਾ ਜੀ ਤੋਂ ਬਾਦ ਸੰਨ ੧੬੧੫ ਈ: ਵਿਚ ਹੋਇਆ ਸੀ। ਬਾਬਾ ਤੇਗ ਬਹਾਦੁਰ ਜੀ ਦਾ ਬਚਪਨ ਗੁਰੂ ਕੀ ਨਗਰ ਅੰਮ੍ਰਿਤਸਰ ਵਿਚ ਹੀ ਗੁਜਰਿਆ।

**ਸਿੱਖਿਆ:-** ਬਾਬਾ ਤੇਗ ਬਹਾਦਰ ਹੋਰਾਂ ਦੀ ਮੁੱਢਲੀ ਸਿੱਖਿਆ ਗੁਰੂ-ਪਿਤਾ ਦੀ ਦੇਖ-ਰੇਖ ਵਿਚ ਸ੍ਰੀ ਅੰਮ੍ਰਿਤਸਰ ਦੇ ਸਥਾਨ ਪਰ ਹੀ ਹੋਈ। ਉਸ ਸਮੇਂ ਗੁਰਬਾਣੀ ਤੇ ਸਿੱਖ-ਵਿਚਾਰਧਾਰਾ ਦੇ ਅਧਿਐਨ ਤੋਂ ਇਲਾਵਾ ਤਿੰਨ ਮੁੱਢਲੇ ਕੇਂਦ੍ਰ ਹੋਰ ਸਨ- ਕਰਤਾਰ ਪੁਰ (ਰਾਵੀ), ਖਡੂਰ ਸਾਹਿਬ ਅਤੇ ਗੋਬਿੰਦਵਾਲ। ਗੁਰਮਤਿ ਪ੍ਰਚਾਰ ਦੇ ਨਾਲ ਹੀ ਸਿੱਖ ਗੁਰੂਆਂ ਦੀ ਨਜ਼ਰ ਉਸ ਸਮੇਂ ਵਿਦਿਆ ਦੇ ਪ੍ਰਸਾਰ ਵਲ ਵੀ ਚੰਗੀ ਤਰ੍ਹਾਂ ਲੱਗੀ ਹੋਈ ਸੀ, ਇਸ ਲਈ ਗੁਰੂ ਸਾਹਿਬ ਦੇ ਦਰਬਾਰ ਦੇ ਪੜ੍ਹੇ-ਲਿਖੇ ਵਿਅਕਤੀਆਂ ਵਿਚੋਂ ਬਾਬਾ ਬੁੱਢਾ, ਭਾਈ ਗੁਰਦਾਸ, ਭਾਈ ਸਾਧੂ, ਭਾਈ ਆਂਡਿਤ ਸੋਇਨੀ ਆਦਿ ਦੇ ਨਾਂ ਖ਼ਾਸ ਤੌਰ ਵਰਣਨ ਯੋਗ ਹਨ। ਗੁਰੂ ਸਾਹਿਬ ਦੇ ਦਰਬਾਰ ਵਿਚ ਬਾਬਾ ਬੁੱਢਾ ਜੀ ਤੋਂ ਸਿਵਾਇ ਬਾਕੀ ਸਾਰੇ ਸਿੱਖ ਚੰਗੇ ਵਿਦਵਾਨ ਹੋਣ ਦੇ ਨਾਲ ਹੀ ਕਵੀ ਵੀ ਸਨ, ਇਸ ਲਈ ਗੁਰੂ-ਦਰਬਾਰ ਦੇ ਇਸ ਵਿਕਾਸਕ ਵਾਯੂ-ਮੰਡਲ ਦਾ ਅਸਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਾਲ-ਜੀਵਨ ਉਤੇ ਹੱਦੋਂ ਵੱਧ ਪਿਆ ਤੇ ਉਹ ਬੜੀ ਦਿਲਚਸਪੀ ਨਾਲ ਕਾਵਯ-ਸ਼ਾਸਤ੍ਰ ਦਾ ਅਧਿਐਨ ਹੋਰ ਧਾਰਮਿਕ ਗ੍ਰੰਥਾਂ ਦੇ ਨਾਲ ਹੀ ਚੰਗੀ ਤਰ੍ਹਾਂ ਕਰਨ ਲੱਗ ਪਏ।

**ਸ਼ਸਤ੍ਰ-ਅਸਤ੍ਰਾਂ ਦਾ ਅਭਿਆਸ:-** ਇਸ ਤਰ੍ਹਾਂ ਬਚਪਨ ਵਿਚ ਵਿਦਿਆ ਦੇ ਅਧਿਐਨ ਦੇ ਨਾਲ ਹੀ ਬਾਬਾ ਤੇਗ ਬਹਾਦੁਰ ਜੀ ਦੇ ਗੁਰੂ ਦਰਬਾਰ ਦੇ ਅਤਿ ਚੰਗੇ ਜੰਗੀ ਜੋਧਿਆਂ ਤੋਂ ਸ਼ਸਤ੍ਰ-ਅਸਤ੍ਰ ਚਲਾਉਣ, ਘੋੜ-ਸਵਾਰੀ ਕਰਨ, ਸ਼ਿਕਾਰ ਖੇਡਣ, ਬਾਜ ਉਡਾਉਣ ਅਤੇ ਜੰਗੀ ਕੰਮਾਂ ਵਿਚ ਹਿੱਸਾ ਲੈਣ ਦਾ ਵੀ ਕਾਫ਼ੀ ਹੱਦ ਤਕ ਅਮਲੀ ਅਭਿਆਸ ਕੀਤਾ। ਉਹਨਾਂ ਬਾਰੇ ਇਕ ਇਤਿਹਾਸਿਕ ਰਿਵਾਇਤ ਹੈ ਕਿ ਚੰਗੇ ਤੇਗ ਦੇ ਧਨੀ ਹੋਣ ਕਰਕੇ ਹੀ ਉਹਨਾਂ ਦਾ ਨਾਂ ਤੇਗ ਬਹਾਦੁਰ ਮਸ਼ਹੂਰ ਹੋਇਆ ਸੀ, ਪਰ ਇਸ ਕਥਨ ਦੀ ਤਸਦੀਕ ਲਈ ਕੋਈ ਲਿਖਤੀ ਪ੍ਰਮਾਣ ਨਹੀਂ ਮਿਲਦੇ।

**ਵਿਆਹ:-** ਸ੍ਰੀ ਗੁਰੂ ਹਰਿਗੋਬਿੰਦ ਜੀ ਆਪਣੀ ਸੁਪੁੱਤ੍ਰੀ ਬੀਬੀ ਬੀਰੋ ਦੇ ਵਿਆਹ ਤੋਂ ਬਾਦ ਤਰਨ ਤਾਰਨ, ਗੋਵਿੰਦਵਾਲ, ਡਰੋਲੀ ਆਦਿ ਥਾਵੀਂ ਹੁੰਦੇ ਹੋਏ ਜਦ ਕਰਤਾਰਪੁਰ (ਜਲੰਧਰ) ਪੁੱਜੇ ਤਾਂ ਉਥੇ ਛੋਟੇ ਪੁਤ੍ਰ ਸਾਹਿਬਜਾਦਾ ਤੇਗ ਬਹਾਦੁਰ ਜੀ ਦੀ ਸ਼ਾਦੀ ਭਾਈ ਲਾਲ ਚੰਦ ਸੁਭਿੱਖੀਏ ਖੱਤ੍ਰੀ ਦੀ ਸਪੁੱਤ੍ਰੀ (ਮਾਤਾ) ਗੂਜਰੀ ਜੀ ਦੇ ਨਾਲ ੧੫ ਅੱਸੂ, ਸੰਮਤ ੧੬੮੯ ਬਿ: (ਮੁਤਾਬਿਕ ਸੰਨ ੧੬੩੨ ਈ:) ਨੂੰ ਹੋਈ।

**ਅੰਮ੍ਰਿਤਸਰੋ ਕਰਤਾਰਪੁਰ ਤੇ ਫੇਰ ਕੀਰਤਪੁਰ:-** ਸੰਨ ੧੬੩੦ ਈ: ਵਿਚ ਪਹਿਲਾਂ ਜਲੰਧਰ ਦੇ ਹਾਕਮ ਅਬਦੁੱਲਾ ਖ਼ਾਨ ਨਾਲ ਹਰਿਗੋਬਿੰਦਪੁਰ ਦਾ ਜੰਗ, ਫੇਰ ਸੰਨ ੧੬੩੧ ਵਿਚ ਗੁਰੂ ਸਰ ਮੇਹਰਾਜ (ਮਾਲਵੇ) ਦੇ ਸਥਾਨ ਪਰ ਕਮਰ ਬੇਗ ਫ਼ੌਜਦਾਰ ਨਾਲ ਜੰਗ ਤੇ ਉਸ ਤੋਂ ਬਾਦ ੧੬੩੪ ਵਿਚ ਕਰਤਾਰਪੁਰ ਸੈਨਾਪਤਿ ਕਾਲੇ ਖ਼ਾਨ ਆਦਿ ਜੋਧਿਆਂ ਨਾਲ ਜੰਗ ਹੋਣ ਮਗਰੋਂ ਗੁਰੂ ਸਾਹਿਬ ਕੀਰਤਪੁਰ ਪਹੁੰਚ ਕੇ ਉੱਥੇ ਹੀ ਰਹਿਣ ਲੱਗ ਪਏ। ਚਾਰੇ ਸਾਹਿਬਜ਼ਾਦੇ ਬਾਬਾ ਤੇਗ ਬਹਾਦੁਰ ਜੀ ਵੀ ਇਸ ਸਮੇਂ ਗੁਰੂ ਹਰਿਗੋਬਿੰਦ ਜੀ ਦੇ ਨਾਲ ਸਨ। ਰਾਜਾ ਕਲਿਆਣ ਚੰਦ ਬਿਲਾਸਪੁਰ ਆਦਿ ਵਲੋਂ ਸ਼ਰਧਾ ਜ਼ਾਹਿਰ ਕਰਨ ਤੇ ਗੁਰੂ ਸਾਹਿਬ ਲਗਭਗ ੧੦-੧੧ ਸਾਲ ਕੀਰਤਪੁਰ ਹੀ ਰਹੇ।

**ਗੁਰੂ ਹਰਿਰਾਏ ਨੂੰ ਗੱਦੀ ਤੇ ਬਾਬਾ ਬਕਾਲੇ:-** ਕੀਰਤਪੁਰ ਦੀ ਇਸ ਰਿਹਾਇਸ਼ ਸਮੇਂ ਸੰਨ ੧੬੩੯ ਈ: ਵਿਚ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ, ਜੋ ਬਹੁਤੇ ਜੋਗ ਸਨ, ਅਚਾਨਕ ਗੁਜ਼ਰ ਗਏ, ਜਿਸ ਕਰਕੇ ਉਹਨਾਂ ਤੋਂ ਪਿੱਛੋਂ ਉਹਨਾਂ ਦੇ ਪੁਤ੍ਰ ਬਾਬਾ ਹਰਿਰਾਏ ਜੀ, ਜੋ ਗੁਰੂ ਸਾਹਿਬ ਦੀ ਸੇਵਾ ਵਿਚ ਹਮੇਸ਼ਾਂ ਤੱਤਪਰ ਰਹਿੰਦੇ ਸਨ, ਸੰਨ ੧੬੪੪ ਈ: ਵਿਚ ਜਦ ਗੁਰੂ ਸਾਹਿਬ ਜੋਤੀ ਜੋਤ ਸਮਾਉਣ ਲੱਗੇ ਤਾਂ ਗੁਰ-ਗੱਦੀ ਦੇ ਵਾਰਿਸ ਕਰਾਰ ਦਿੱਤੇ ਗਏ ਤੇ ਗੁਰੂ ਸਾਹਿਬ ਨੇ ਆਪਣੇ ਛੋਟੇ ਸਾਹਿਬਜ਼ਾਦੇ ਤੇਗ ਬਹਾਦੁਰ ਜੀ ਨੂੰ ਕੁਝ ਹੋਰ ਭਗਤੀ-ਭਾਵ ਤੇ ਤਪੱਸਿਆ ਕਰਨ ਦਾ ਹੁਕਮ ਦੇ ਕੇ ਅੰਮ੍ਰਿਤਸਰ ਦੇ ਨੇੜੇ


www.AKJ.Org

ਪਿੰਡ ਬਕਾਲੇ ਭੇਜ ਦਿੱਤਾ ਤਾਂ ਕਿ ਉਹ ਉਥੇ ਰਹਿ ਕੇ ਆਪਣੇ ਨਿਕਟ ਸੰਬੰਧੀਆਂ ਦੇ ਜ਼ਾਤੀ ਝਗੜਿਆਂ ਤੋਂ ਬਚੇ ਰਹਿਣ।

**ਬਾਬਾ ਤੇਗ ਬਹਾਦੁਰ ਦੀ ਤਪੱਸਿਆ:–** ਇਸ ਤਰ੍ਹਾਂ ਸਾਹਿਬਜ਼ਾਦਾ ਤੇਗ ਬਹਾਦੁਰ ਜੀ ਨੇ ਸੰਨ ੧੬੪੪ ਤੋ ੧੬੬੪ ਤਕ ਪੂਰੇ ੨੦ ਸਾਲ ਬਕਾਲੇ ਰਹਿ ਕੇ ਇਕ ਭੋਰੇ ਵਿਚ ਤੱਪ ਕੀਤਾ ਤੇ ਇਸ ਤਪਸਿੱਆ ਦੇ ਦੌਰਾਨ ਪਹਿਲਾਂ ਸੱਤਵੇਂ ਗੁਰੂ ਹਰਿਰਾਇ ਕੀਰਤਪੁਰ ਦੇ ਸਥਾਨ ਪਰ ਤੇ ਫੇਰ ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਵਿਖੇ ਜੋਤੀ ਜੋਤ ਸਮਾ ਗਏ। ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਜੀ ਨੇ ਜੋਤੀ ਜੋਤ ਸਮਾਉਣ ਸਮੇਂ ਸਿੱਖਾਂ ਪ੍ਰਤੀ ਬਚਨ ਕੀਤਾ :"**ਬਾਬਾ ਬਕਾਲੇ**"। ਅੱਠਵੇਂ ਸਤਿਗੁਰੂ ਜੀ ਦੇ ਇਹਨਾਂ ਸੰਕੇਤਕ ਬਚਨਾਂ ਦੀ ਆੜ ਵਿਚ ਸੋਢੀ ਧੀਰ ਮੱਲ ਅਤੇ ਉਨ੍ਹਾਂ ਦੇ ਖ਼ਾਨਦਾਨ ਦਾ ਹੋਰ ਭਾਈਚਾਰਾ ਗੁਰੂ ਬਣਨ ਦੀ ਚਾਹ ਨਾਲ ੨੨ ਮੰਜੀਆਂ ਸਥਾਪਨ ਕਰ ਕੇ ਗੁਰੂ ਬਣਨ ਦਾ ਯਤਨ ਕਰਨ ਲੱਗਾ। ਭਾਈ ਮੱਖਣ ਸ਼ਾਹ ਲੁਬਾਣੇ ਨੇ ਖੋਜ ਭਾਲ ਕਰ ਕੇ ਅਸਲ ਗੁਰੂ ਬਾਬੇ ਤੇਗ ਬਹਾਦੁਰ ਜੀ ਨੂੰ ਲੱਭ ਲਿਆ ਤੇ ਸੋਢੀਆਂ ਦੇ ਇਹ ਸਾਰੇ ਜਤਨ ਨਿਸਫਲ ਕਰ ਦਿੱਤੇ, ਜਿਸ ਕਰ ਕੇ ਦਿੱਲੀਓਂ ਆਈ ਸੰਗਤ ਦੇ ਹੱਥੀਂ, ਜਿਸ ਦੇ ਆਗੂ ਦੀਵਾਨ ਦਰਗਾਹ ਮੱਲ ਛਿੱਬਰ ਸਨ, ਤੇਗ ਬਹਾਦੁਰ ਜੀ ਨੂੰ ਬਾਬੇ ਬਕਾਲੇ ਦੇ ਸਥਾਨ ਪਰ, ਜਿੱਥੇ ਕਿ ਅਜ ਕਲ ਗੁਰਦੁਆਰਾ ਭੋਰਾ ਸਾਹਿਬ ਤੇ ਵੱਡਾ ਦਰਬਾਰ ਬਣਿਆ ਹੋਇਆ ਹੈ, ਸਮੂੰਹ ਸੰਗਤਾਂ ਦੀ ਮੌਜੂਦਗੀ ਵਿੱਚ ਗੁਰ-ਗੱਦੀ ਦਾ ਤਿਲਕ ਦਿੱਤਾ ਗਿਆ। ਸ਼ਰੀਕ ਸੋਢੀਆਂ ਨੇ ਇਸ ਮੌਕੇ ਤੇ ਕੁਝ ਖ਼ਰੂਦ ਪਾਉਣ ਦਾ ਜਤਨ ਕੀਤਾ, ਪਰ ਭਾਈ ਮੱਖਣ ਸ਼ਾਹ ਨੇ ਬੜੀ ਯੋਗਤਾ ਨਾਲ ਉਹਨਾਂ ਦੀਆਂ ਸਾਰੀਆਂ ਵਿਰੋਧੀ ਕਾਰਵਾਈਆਂ ਖ਼ਤਮ ਕਰ ਦਿੱਤੀਆਂ।

**ਬਕਾਲੇ ਤੋ ਅੰਮ੍ਰਿਤਸਰ:–** ਫੇਰ ਨਵੰਬਰ ਸੰਨ ੧੬੬੪ ਵਿਚ ਗੁਰੂ ਤੇਗ ਬਹਾਦੁਰ ਜੀ ਦੁਆਰਕਾ ਦਾਸ ਤੇ ਭਾਈ ਗੜ੍ਹੀਆ ਵਲੋਂ ਦਾਅਵਤ ਦਿੱਤੇ ਜਾਣ ਤੇ ਭਾਈ ਮੱਖਣ ਸ਼ਾਹ ਲੁਬਾਣੇ ਸਮੇਤ ਸਵਾਰ ਹੋ ਕੇ ਅੰਮ੍ਰਿਤਸਰ ਗਏ, ਪਰ ਅੱਗੇ ਦਰਬਾਰ ਸਾਹਿਬ ਦੇ ਨੇੜੇ ਪਹੁੰਚਣ ਤੇ ਪਤਾ ਲੱਗਾ ਕਿ ਸੋਢੀ ਮਿਹਰਵਾਨ ਦੇ ਪੁਤ੍ਰ ਹਰਿ ਜੀ, ਜੋ ਕਿ ਉਸ ਸਮੇਂ ਮੁਗ਼ਲ ਹਕੂਮਤ ਵਲੋਂ ਸ਼ਹਿ ਮਿਲਣ ਤੇ ਸ੍ਰੀ ਦਰਬਾਰ ਸਾਹਿਬ ਪਰ ਕਬਜ਼ਾ ਜਮਾਈ ਬੈਠੇ ਸਨ, ਸ੍ਰੀ ਦਰਬਾਰ ਸਾਹਿਬ ਦੇ ਸਾਰੇ ਰਾਹ ਬੰਦ ਕਰਵਾ ਦਿੱਤੇ ਜਿਸ ਕਰਕੇ ਗੁਰੂ ਸਾਹਿਬ ਸ੍ਰੀ ਹਰਿਮੰਦਿਰ ਦੇ ਦਰਸ਼ਨ ਕੀਤੇ ਬਿਨਾਂ ਹੀ ਪਿੰਡ ਵੱਲ, ਗੋਇੰਦਵਾਲ, ਖਡੂਰ ਸਾਹਿਬ ਆਦਿ ਥਾਵੀਂ ਹੁੰਦੇ ਹੋਏ ਬਕਾਲੇ ਵਾਪਸ ਪਰਤ ਗਏ।

**ਬਕਾਲਿਓਂ ਮੁੜ ਕੀਰਤਪੁਰ:–** ਇਸ ਤੋਂ ਪਿੱਛੋਂ ਇਨ੍ਹਾਂ ਹੀ ਦਿਨਾਂ ਵਿਚ ਜਦ ਗੁਰੂ ਤੇਗ ਬਹਾਦੁਰ ਜੀ ਵਾਪਸ ਬਕਾਲੇ ਪਰਤੇ ਤਾਂ ਕੀਰਤਪੁਰੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਮਾਤਾ ਸੁਲੱਖਣੀ ਤੇ ਸਾਹਿਬਜ਼ਾਦਾ ਸੂਰਜ ਮੱਲ ਦੇ ਪੁੱਤ੍ਰ ਬਾਬਾ ਦੀਪ ਚੰਦ ਵਲੋਂ ਬੜਾ ਪ੍ਰੇਮ ਭਰਿਆ ਸੱਦਾ ਪੱਤ੍ਰ ਪੁੱਜਾ ਕਿ ਆਪ ਗੁਰੂ ਦਰਬਾਰ ਦੀਆਂ ਸਾਰੀਆਂ ਚੀਜ਼ਾਂ ਵਸਤਾਂ ਤੇ ਹੋਰ ਸਾਜ਼ ਸਾਮਾਨ ਫ਼ੌਰਨ ਆ ਕੇ ਸਾਂਭੋ ਤੇ ਸਿੱਖ-ਸੈਨਾ ਦੀ ਵਾਗਡੋਰ ਆਪਣੇ ਹੱਥਾਂ ਵਿਚ ਲਓ। ਇਹ ਦੇਖ ਦੀਵਾਨ ਦਰਗਾਹ ਮੱਲ ਨੇ ਗੁਰੂ ਸਾਹਿਬ ਦਾ ਹੁਕਮ ਲੈ ਕੇ ਅਗਲੇ ਹੀ ਦਿਨ ਕਰਤਾਰਪੁਰ ਜਾਣ ਦਾ ਐਲਾਨ ਕਰ ਦਿੱਤਾ। ਉਸ ਸਮੇਂ ਦੀਵਾਨ ਮਤੀ ਦਾਸ, ਸਤੀ ਦਾਸ ਤੇ ਭਾਈ ਦਿਆਲ ਦਾਸ ਉਨ੍ਹਾਂ ਦੇ ਨਾਲ ਸਨ। ਗੁਰੂ ਸਾਹਿਬ ਇਸ ਤਰ੍ਹਾਂ ਮਾਤਾ ਨਾਨਕੀ, ਮਾਤਾ ਗੁਜਰੀ ਜੀ ਆਦਿ ਸਮੇਤ ਕੀਰਤਪੁਰ ਪਹੁੰਚ ਗਏ। ਅੱਗੋਂ ਮਾਤਾ ਸੁਲਖੱਣੀ ਤੇ ਸਾਹਿਬਜ਼ਾਦਾ ਦੀਪ ਚੰਦ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਤੇ ਗੁਰੂ ਮੰਨ ਕੇ ਬੜਾ ਸਮਾਰੋਹ ਮਨਾਇਆ, ਜਿਸ ਵਿਚ ਰਾਣੀ ਜਲਾਲ ਦੇਵੀ ਤੇ ਉਸ ਦਾ ਨਿੱਕਾ ਪੁਤ੍ਰ ਰਾਜਾ ਭੀਮ ਚੰਦ ਬਿਲਾਸਪੁਰ ਤੇ ਚਾਚਾ ਮਾਣਕ ਚੰਦ ਵਜ਼ੀਰ, ਬਿਲਾਸਪੁਰ ਵੀ ਸ਼ਾਮਲ ਹੋਏ।

**ਚੱਕ ਨਾਨਕੀ –ਮਾਖੋਵਾਲ ਦੀ ਨੀਹ:–** ਉਸੇ ਸਮੇਂ ਅਚਾਨਕ ਖ਼ਿਆਲ ਪੈਦਾ ਹੋਇਆ ਕਿ ਗੁਰੂ ਤੇਗ ਬਹਾਦੁਰ ਜੀ ਕੀਰਤਪੁਰ ਰਹਿਣ ਦੀ ਥਾਵੇਂ ਉਥੋਂ ਨੇੜੇ ਹੀ ਮਾਖੋਵਾਲ ਦੇ ਸਥਾਨ ਪਰ ਆਪਣੀ ਅਲੱਗ ਵਸਤੀ ਆਬਾਦ ਕਰਨ। ਇਸ ਲਈ ਉਨ੍ਹਾਂ ਨੇ ਰਾਜ ਮਾਤਾ ਜਲਾਲ ਦੇਵੀ ਬਿਲਾਸਪੁਰ ਤੋਂ ਪਿੰਡ ਮਾਖੋਂਵਾਲ, ਮਤਾਉੜ ਤੇ ਲੋਧੀਪੁਰ ਦੀ ਜ਼ਮੀਨ ਖ਼ਰੀਦ ਲਈ ਤੇ ਉਨ੍ਹਾਂ ਪਿੰਡਾਂ ਦੇ ਦਰਮਿਆਨ ਆਪਣੇ ਹੱਥੀਂ ਪੂਜ ਮਾਤਾ ਨਾਨਕੀ ਦੇ ਨਾਂ ਤੇ ਨਵੇਂ ਚੱਕ ਦੀ ਨੀਂਹ ਰੱਖੀ। ਇਹ ਤਿੰਨੇ ਪਿੰਡ ਦੋ ਮੁਸਲਮਾਨ ਭਾਈਆਂ- ਮਾਖੇ ਖ਼ਾਨ ਤੇ ਮੱਤੇ ਖ਼ਾਨ ਦੀ ਮਲਕੀਅਤ ਸਨ, ਜੋ ਪਿੱਛੋਂ ਉਨ੍ਹਾਂ ਨੇ ਕਿਸੇ ਕਾਰਣ ਛੱਡ ਦਿੱਤੇ। ਗੁਰੂ ਸਾਹਿਬ ਨੇ ਉਥੇ ਚੱਕ ਨਾਨਕੀ ਦੀ ਮੋੜ੍ਹੀ ਗੱਡਦਿਆਂ ਹੀ ਆਪਣੀ ਰਿਹਾਇਸ਼ ਲਈ ਮਹਲਾਤ, ਗੁਰੂ ਸਥਾਨ ਤੇ ਪ੍ਰਾਹੁਣਚਾਰੀ ਆਦਿ ਘਰ ਬਣਾਏ ਤੇ ਫੇਰ ਨਗਰ ਦੀ ਹੋਰ ਆਬਾਦੀ ਕਰਨੀ ਸ਼ੁਰੂ ਕੀਤੀ।


www.AKJ.Org

**ਪੂਰਬ ਦੇ ਸਿੱਖਾਂ ਵਲੋ ਸੱਦਾ:–** ਸ੍ਰੀ ਗੁਰੂ ਤੇਗ ਬਹਾਦੁਰ ਜੀ ਅਜੇ ਕੀਰਤਪੁਰੋਂ ਨਵਾਂ ਚੱਕ (ਮਾਤਾ ਨਾਨਕੀ) ਆਬਾਦ ਕਰਨ ਲਈ ਗਏ ਹੀ ਸਨ ਕਿ ਪੂਰਬ ਦੇਸ਼ ਦੀ ਸੰਗਤ ਆਈ ਜਿਸ ਵਿਚ ਭਾਈ ਬੁਲਾਕੀ ਦਾਸ, ਹੁਲਾਸ ਚੰਦ, ਤੇ ਭਾਈ ਦਰਬਾਰੀ ਢਾਕਾ ਅਤੇ ਚੈਨ ਸੁਖ ਪਟਨਾ ਤੇ ਭਾਈ ਕਲਿਆਣ ਚੰਦ, ਲੱਖੀ ਰਾਇ, ਨਗਾਹੀਆ, ਹੇਮਾ ਆਦਿ ਆਸਾਮੀ ਸਿੱਖ ਸ਼ਾਮਲ ਸਨ। ਉਨ੍ਹਾਂ ਸਿੱਖਾਂ ਨੇ ਬੜੇ ਸ਼ਰਧਾ-ਭਾਵ ਨਾਲ ਨਜ਼ਰ-ਭੇਟਾ ਦੇ ਨਾਲ ਹੀ ਅਰਜ਼ ਕੀਤੀ ਕਿ ਗੁਰੂ ਨਾਨਕ ਤੋਂ ਬਾਦ ਪੂਰਬੀ ਭਾਰਤ ਦੀਆਂ ਸਿੱਖ ਸੰਗਤਾਂ ਵਿਚ ਨਾਮ-ਬਾਣੀ ਦੇ ਪ੍ਰਚਾਰ ਵਾਸਤੇ ਕਦੇ ਹੋਰ ਕੋਈ ਸਿੱਖ ਗੁਰੂ ਨਹੀਂ ਗਿਆ, ਇਸ ਲਈ ਉਥੋਂ ਦੀਆਂ ਸੰਗਤਾਂ ਗੁਰ ਦਰਸ਼ਨਾਂ ਲਈ ਬਹੁਤ ਉਤਾਵਲੀਆਂ ਹਨ। ਆਪ ਛੇਤੀ ਤੋਂ ਛੇਤੀ ਪੂਰਬ ਦੇਸ਼ ਵਿਚ ਚਰਨ ਪਾਓ ਤੇ ਉਥੋਂ ਦੀਆਂ ਸੰਗਤਾਂ ਨੂੰ ਕ੍ਰਿਤਾਰਥ ਕਰੋ।

**ਪੂਰਬ ਦੇਸ਼ ਵਲ ਰਵਾਨਗੀ:–** ਗੁਰੂ ਸਾਹਿਬ, ਜੋ ਸ਼ੁਰੂ ਤੋਂ ਹੀ ਬੜੇ ਦਯਾਲੂ ਸਨ, ਬੜੇ ਖੁਸ਼ ਹੋਏ ਤੇ ਪੂਰਬ ਵਾਸੀਆਂ ਦੀ ਇਹ ਅਰਜ਼ ਸੁਣ ਕੇ ਪ੍ਰਵਾਨਗੀ ਦੇ ਦਿੱਤੀ, ਜਿਸ ਕਰਕੇ ੮ ਅਗਸਤ, ੧੬੬੫ ਈ: ਨੂੰ ਆਪ ਮਾਤਾ ਨਾਨਕੀ, ਮਾਤਾ ਗੁਜਰੀ, ਕ੍ਰਿਪਾਲ ਚੰਦ, ਭਾਈ ਮਤੀ ਦਾਸ, ਸਤੀ ਦਾਸ ਆਦਿ ਸਮੇਤ ਚੱਕ ਨਾਨਕੀ ਤੋਂ ਚੱਲੇ ਤੇ ਰੋਪੜ, ਸੈਫਾਬਾਦ, ਕੁਰੁਖੇਤ੍ਰ ਆਦਿ ਥੀਂ ਹੁੰਦੇ ਹੋਏ ਦਿੱਲੀ, ਆਗਰਾ, ਕਾਨਪੁਰ, ਅਲਾਹਬਾਦ ਤੇ ਬਨਾਰਸ ਦੇ ਰਸਤੇ ਪਹਿਲਾਂ ਪਟਨੇ ਤੇ ਫੇਰ ਢਾਕੇ ਪਹੁੰਚ ਗਏ।

**ਆਸਾਮ ਦੇਸ਼ ਦਾ ਦੌਰਾ:–** ਢਾਕੇ ਦੀ ਇਸ ਰਿਹਾਇਸ਼ ਸਮੇਂ ਹੀ ਗੁਰੂ ਸਾਹਿਬ ਬੰਗਾਲ ਦਾ ਦੌਰਾ ਕਰਨ ਤੋਂ ਬਾਦ ਰਾਜਾ ਰਾਮ ਸਿੰਘ ਦੇ ਨਾਲ ਸਿਧੇ ਫ਼ਰਵਰੀ, ਸੰਨ ੧੬੬੭ ਵਿਚ ਆਸਾਮ ਜਾ ਪੁੱਜੇ ਤੇ ਗੁਰੂ ਨਾਨਕ ਦੇ ਇਤਿਹਾਸਕ ਸਥਾਨ ਧੁਬੜੀ ਸਾਹਿਬ ਜਾ ਡੇਰਾ ਲਾਇਆ। ਆਸਾਮ ਦੇ ਇਸ ਦੌਰੇ ਸਮੇਂ ਗੁਰੂ ਜੀ ਦੇ ਸਾਹਮਣੇ ਦੋ ਕੰਮ ਸਨ-(੧) ਗੁਰੂ ਨਾਨਕ ਦੇ ਧਾਰਮਿਕ ਸਥਾਨਾਂ ਦੀ ਦੇਖ-ਭਾਲ ਤੇ ਉਥੋਂ ਦੇ ਲੋਕਾਂ ਵਿਚ ਨਾਮ-ਬਾਣੀ ਤੇ ਸਿੱਖ ਧਰਮ ਦਾ ਪ੍ਰਚਾਰ ਕਰਨਾ ਅਤੇ (੨) ਰਾਜਾ ਰਾਮ ਸਿੰਘ ਆਸਾਮ ਦੇ ਅਹੋਮ ਰਾਜਾ ਚਕ੍ਰਧ੍ਵਜ ਵਿਚਾਲੇ ਸੁਲਾਹ ਕਰਵਾ ਕੇ ਇਕ ਭਿਆਨਕ ਲੜਾਈ ਨੂੰ ਰੋਕਣਾ ਸੀ। ਗੁਰੂ ਜੀ ਇਨ੍ਹਾਂ ਦੋਹਾਂ ਕੰਮਾਂ ਨੂੰ ਸਫਲਤਾ ਨਾਲ ਸਿਰੇ ਚਾੜ੍ਹਨ ਵਿਚ ਕਾਮਿਆਬ ਹੋਏ।

**ਦੇਸ਼ ਵਾਪਸੀ:–** ਇਸ ਤੋਂ ਬਾਦ ਮਹੀਨਾ ਮਾਰਚ, ਸੰਨ ੧੬੭੦ ਵਿਚ ਗੁਰੂ ਸਾਹਿਬ ਆਸਾਮ ਤੋਂ ਢਾਕੇ ਤੇ ਢਾਕੇ ਤੋਂ ਕਲਕੱਤੇ ਅਤੇ ਫੇਰ ਜਲੇਸ੍ਵਰ, ਰੂਪਸਾ, ਬਾਲਾਸੌਰ, ਕਟਕ, ਭੁਵਨੇਸ਼੍ਵਰ ਤੇ ਜਗੰਨਾਥ ਪੁਰੀ ਹੁੰਦੇ ਹੋਏ ਮੁੜ ਮਿਦਾਨਪੁਰ, ਵਿਸ਼ਨੂਪੁਰ, ਬਾਂਕੁਰਾ, ਗੋਮੋਹ ਤੇ ਗਯਾ ਦੇ ਰਸਤੇ ਪਟਨੇ ਪਹੁੰਚ ਗਏ। ਪਟਨੇ ਪੁਜਣ ਤੇ ਅੱਗੋਂ ਇਕ ਮੁਸਲਿਮ ਨਵਾਬ ਦੇ ਬਾਗ ਵਿਚ ਗੁਰੂ ਸਾਹਿਬ ਨੂੰ ਉਨ੍ਹਾਂ ਦੇ ਪੁਤ੍ਰ ਗੋਬਿੰਦ ਦਾਸ ਜੀ, ਜੋ ਉਸ ਸਮੇਂ ੩-੪ ਵਰ੍ਹਿਆਂ ਦੇ ਸਨ, ਭਾਈ ਦਿਆਲ ਦਾਸ ਸਮੇਤ ਬੜੇ ਸਤਿਕਾਰ ਸਹਿਤ ਆ ਮਿਲੇ। ਉੜੀਸਾ ਦੇ ਰਾਹ ਵਿਚ ਹੀ ਗੁਰੂ ਸਾਹਿਬ ਨੂੰ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੀਆਂ ਵਧੀਕੀਆਂ ਦੀ ਇਤਲਾਹ ਮਿਲੀ ਕਿ ਉਹ ਹਿੰਦੂਆਂ ਨੂੰ ਕਿਵੇਂ ਧੱਕੇ ਨਾਲ ਮੁਸਲਮਾਨ ਬਣਾ ਰਿਹਾ ਹੈ, ਇਸ ਲਈ ਗੁਰੂ ਸਾਹਿਬ ਨੇ ਉਥੋਂ ਮਦਰਾਸ ਤੇ ਲੰਕਾ ਜਾਣ ਦੀ ਥਾਵੇਂ ਪੰਜਾਬ ਨੂੰ ਮੁੜਨਾ ਵਧੇਰੇ ਠੀਕ ਸਮਝਿਆ। ਪਹਿਲੇ ਆਪ ਪੰਜਾਬ ਤੋਂ ਪਟਨੇ ਜਾਂਦੇ ਹੋਏ ਦਰਿਆ ਗੰਗਾ ਦੇ ਦੱਖਣੀ ਪਾਸਿਓਂ ਲੰਬਾ ਪੰਧ ਮੁਕਾ ਕੇ ਗਏ ਸਨ, ਪਰ ਹੁਣ ਪੰਜਾਬ ਨੂੰ ਮੁੜਦਿਆਂ ਉਨ੍ਹਾਂ ਨੇ ਦਰਿਆ ਗੰਗਾ ਦੇ ਉਤਰੀ ਪਾਸਿਓਂ ਹੋ ਕੇ ਜਾਣਾ ਠੀਕ ਸਮਝਿਆ, ਕਿਉਂਕਿ ਇਹ ਸਿੱਧਾ ਤੇ ਨੇੜੇ ਦਾ ਪੰਧ ਸੀ। ਇਸ ਲਈ ਆਪ ਪਟਨੇ ਤੋਂ ਜੌਨਪੁਰ, ਅਜੁੱਧਿਆ, ਲਖਨਊ, ਸ਼ਾਹਜਹਾਨ ਪੁਰ ਤੇ ਮੁਰਾਦਾਬਾਦ ਹੋ ਕੇ ਦਰਿਆ ਜਮੁਨਾ ਲੰਘੇ ਤੇ ਸੈਫ਼ਾਬਾਦ ਦੇ ਰਸਤੇ ਫ਼ਰਵਰੀ, ਸੰਨ ੧੬੭੧ ਵਿਚ ਅਨੰਦਪੁਰ ਪਹੁੰਚ ਗਏ।

**ਕਸ਼ਮੀਰੀ ਪੰਡਿਤਾਂ ਦੀ ਪੁਕਾਰ:–** ਇਸ ਦੌਰਾਨ ਤੋਂ ਥੋੜੇ ਸਮੇਂ ਪਿੱਛੋਂ ਅਨੰਦਪੁਰ ਵਾਪਿਸ ਮੁੜਦਿਆਂ ਹੀ ਜਿਸ ਤਰ੍ਹਾਂ ਕਿ ਆਮ ਇਤਿਹਾਸਕ ਰਵਾਇਤ ਹੈ, ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਦਰਬਾਰ ਵਿਚ ਕਸ਼ਮੀਰ ਦੇ ਪੰਡਿਤ ਫ਼ਰਿਆਦੀ ਹੋਏ ਕਿ ਉਹਨਾਂ ਨੂੰ ਬਾਦਸ਼ਾਹ ਔਰੰਗਜ਼ੇਬ ਵਲੋਂ ਧੱਕੇ ਨਾਲ ਮੁਸਲਮਾਨ ਬਣਾਇਆ ਜਾ ਰਿਹਾ ਹੈ। ਗੁਰੂ ਸਾਹਿਬ ਉਹਨਾਂ ਦੀ ਫ਼ਰਿਆਦ ਸੁਣ ਕੇ ਫ਼ਰਮਾਉਣ ਲਗੇ ਕਿ ਇਨ੍ਹਾਂ ਪੰਡਿਤਾਂ ਦਾ ਧਰਮ ਤਦ ਹੀ ਬਚ ਸਕਦਾ ਹੈ, ਜੇ ਕਿਸੇ ਮਹਾਨ ਪੁਰਸ਼ ਦਾ ਸਿਰ ਇਨ੍ਹਾਂ ਦੀ ਅਣਖ ਨੂੰ ਕਾਇਮ ਰਖਣ ਲਈ ਕੁਰਬਾਨ ਕੀਤਾ ਜਾਵੇ। ਗੁਰੂ-ਪਿਤਾ ਦੇ ਇਹ ਸ਼ਬਦ ਸੁਣ ਕੇ ਗੁਰੂ ਪੁਤ੍ਰ ਬਾਲ ਦਸਮੇਸ਼ ਜੀ, ਜੋ ਉਸ ਸਮੇਂ ਲਗਭਗ ੮-੯ ਵਰ੍ਹਿਆਂ ਦੇ ਸਨ, ਝਟ ਬੋਲ ਉਠੇ ਕਿ "ਪਿਤਾ ਜੀ, ਤੁਹਾਡੇ ਨਾਲੋਂ ਵੱਡਾ ਮਹਾਂਪੁਰਸ਼ ਕੌਣ ਹੈ, ਇਸ ਲਈ ਤੁਸੀਂ ਹੀ ਇਹ ਕੁਰਬਾਨੀ ਦਿਓ।" ਗੁਰੂ ਤੇਗ ਬਹਾਦੁਰ ਜੀ ਨੂੰ ਆਪਣੇ ਪੁਤ੍ਰ ਦੇ ਵਾਕ ਸੁਣ ਕੇ ਨਿਸਚਾ ਹੋ ਗਿਆ ਕਿ ਹੁਣ ਇਹ ਬੱਚਾ ਪੂਰੀ ਤਰ੍ਹਾਂ ਗੱਦੀ ਸੰਭਾਲਣ ਦੇ ਯੋਗ ਹੈ, ਇਸ ਲਈ ਪੰਡਿਤਾਂ ਨੂੰ ਸਾਫ ਕਹਿ ਦਿੱਤਾ ਕਿ ਤੁਸੀਂ ਬਾਦਸ਼ਾਹ ਨੂੰ ਜਾ ਕੇ ਕਹੋ ਕਿ ਜੇ ਗੁਰੂ ਤੇਗ ਬਹਾਦੁਰ ਜੀ ਮੁਸਲਮਾਨ ਬਣ ਜਾਣ ਤਾਂ ਅਸੀਂ ਆਪੇ ਮੁਸਲਮਾਨ ਬਣ


www.AKJ.Org

ਜਾਵਾਂਗੇ। ਸੋ ਇਸ ਤਰ੍ਹਾਂ ਉਹ ਪੰਡਿਤ ਇਹੋ ਸੰਦੇਸ਼ ਲੈ ਕੇ ਦਿੱਲੀ ਪਹੁੰਚੇ ਤੇ ਬਾਦਸ਼ਾਹ ਤੋਂ ਆਪਣਾ ਖਹਿੜਾ ਛੁਡਾ ਆਏ।

**ਗੁਰੂ ਸਾਹਿਬ ਦੀ ਗ੍ਰਿਫਤਾਰੀ ਤੇ ਦਿੱਲੀ ਕਾਰਾਵਾਸ:**– ਇਹ ਪਤਾ ਲੱਗਣ ਤੇ ਕਿ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਆਗਰਿਓਂ ਗੁਰੂ ਸਾਹਿਬ ਦੀ ਗ੍ਰਿਫਤਾਰੀ ਦੇ ਵਾਰੰਟ ਜਾਰੀ ਹੋਏ ਹਨ, ਗੁਰੂ ਸਾਹਿਬ ਜਿਸ ਤਰ੍ਹਾਂ ਕਿ ਉਨ੍ਹਾਂ ਨੇ ਪ੍ਰਣ ਕੀਤਾ ਸੀ, ਸੀਸ ਭੇਟਾ ਕਰਨ ਲਈ ਅਨੰਦਪੁਰੋਂ ਚੱਲੇ। ਉਨ੍ਹਾਂ ਦੇ ਨਾਲ ਉਸ ਸਮੇਂ ਭਾਈ ਗੁਰਦਿੱਤਾ, ਦੀਵਾਨਮਤੀ ਦਾਸ, ਸਤੀਦਾਸ, ਦਿਆਲ ਦਾਸ, ਤੇ ਭਾਈ ਜੈਤਾ ਜੀ ਸਨ। ਗੁਰੂਗੱਦੀ ਉਨ੍ਹਾਂ ਨੇ ਉਸੇ ਸਮੇਂ ਸ੍ਰੀ ਦਸਮੇਸ਼ ਜੀ ਦੇ ਹਵਾਲੇ ਕਰ ਦਿੱਤੀ ਤੇ ਆਪ ਸਿੱਧੇ ਸੈਫ਼ਾਬਾਦ, ਸਮਾਨਾ ਆਦਿ ਥੀਂ ਹੁੰਦੇ ਜਦ ਆਗਰੇ ਦੇ ਨੇੜੇ ਹੀ ਪਹੁੰਚੇ ਸਨ ਤਾਂ ਉਹ ਗ੍ਰਿਫਤਾਰ ਹੋਣ ਤੇ ਦਿੱਲੀ ਲਿਜਾਏ ਗਏ। ਕਵੀ ਕੇਸਰ ਸਿੰਘ ਛਿੱਬਰ ਦੇ ਕਥਨ ਅਨੁਸਾਰ ਉਨ੍ਹਾਂ ਦੀ ਗ੍ਰਿਫਤਾਰੀ ਰੋਪੜ ਦੇ ਨੇੜੇ ਪਿੰਡ ਮਲਿਕ ਪੁਰੋਂ ਹੋਈ ਸੀ, ਪਰ ਇਸ ਕਥਨ ਦੀ ਹੋਰ ਕਿਤੋਂ ਤਸਦੀਕ ਨਹੀਂ ਹੁੰਦੀ। ਇਸ ਦੇ ਨਾਲ ਹੀ ਇਹ ਵੀ ਰਵਾਇਤ ਹੈ ਕਿ ਆਪ ਪਹਿਲਾਂ ਗ੍ਰਿਫਤਾਰ ਹੋਣ ਤੇ ਚਾਰ ਮਹੀਨੇ ਸਰਹਿੰਦ ਬੰਦੀਖਾਨੇ ਰਹੇ ਤੇ ਫੇਰ ਉਥੋਂ ਦਿੱਲੀ ਭੇਜੇ ਗਏ ਸਨ, ਪਰ ਇਸ ਕਥਨ ਦੀ ਵੀ ਹੋਰ ਕਿਤੋਂ ਤਸਦੀਕ ਨਹੀਂ ਹੁੰਦੀ।

**ਮਹਾਨ ਸ਼ਹੀਦੀ:**– ਔਰੰਗਜ਼ੇਬ ਆਗਰਿਓਂ ਹੁਕਮ ਦੇਣ ਸਾਰ ਚੂੰਕਿ ਪੰਜਾਬ ਥੀਂ ਹੁੰਦਾ ਹੋਇਆ ਦਰਿਆ ਅਟਕ ਦੇ ਨੇੜੇ ਹਸਨ ਅਬਦਾਲ ਕਿਸੇ ਸਿਆਸੀ ਮੁਹਿੰਮ ਤੇ ਚਲਾ ਗਿਆ ਸੀ, ਇਸ ਲਈ ਗੁਰੂ ਸਾਹਿਬ ਤੇ ਉਨ੍ਹਾਂ ਦੇ ਸਾਥੀ ਸਿੱਖਾਂ ਨੂੰ ਲਗਾਤਾਰ ਕਈ ਮਹੀਨੇ ਹਕੂਮਤ ਦੇ ਕਰਮਚਾਰੀਆਂ ਵਲੋਂ ਬੜੀਆਂ ਸਖਤ ਤਕਲੀਫ਼ਾਂ ਦਿੱਤੀਆਂ ਜਾਂਦੀਆਂ ਰਹੀਆਂ। ਪਹਿਲਾਂ ਮੁਸਲਮਾਨ ਬਣਨ ਤੇ ਫੇਰ ਕਰਾਮਾਤ ਵਿਖਾਉਣ ਤੇ ਜ਼ੋਰ ਦਿੱਤਾ ਗਿਆ, ਪਰ ਜਦ ਕੋਈ ਵੀ ਕਾਮਯਾਬੀ ਨਾ ਹੋਈ ਤਾਂ ਸਰਕਾਰੀ ਹੁਕਮ ਨਾਲ ਭਾਈ ਦਿਆਲ ਦਾਸ ਜਿਉਂਦੇ ਹੀ ਦੇਗ ਵਿਚ ਉਬਾਲੇ ਗਏ, ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ ਤੇ ਇਸੇ ਤਰ੍ਹਾਂ ਵਾਰੋ ਵਾਰੀ ਹੋਰ ਸਾਥੀ ਸਿਖਾਂ ਦੇ ਸ਼ਹੀਦ ਹੋਣ ਤੇ ਦਿੱਲੀ ਚਾਂਦਨੀ ਚੌਂਕ ਵਿਚ ਸੀਸ ਗੰਜ ਦੇ ਸਥਾਨ ਪਰ ਸ੍ਰੀ ਗੁਰੂ ਤੇਗ ਬਹਾਦੁਰ ਜੀ ਬਾਦਸ਼ਾਹੀ ਹੁਕਮ ਹੋਣ ਤੇ ਇਕ ਜਲਾਦ ਦੇ ਹੱਥੋਂ ਕਤਲ ਕਰਵਾਏ ਗਏ। ਉਨ੍ਹਾਂ ਦਾ ਧਰਮ ਹੇਤ ਇਹ ਸ਼ਹੀਦੀ ਸਾਕਾ ਮੱਘਰ ਸੁਦੀ ੫, ਸੰਮਤ ੧੭੩੨ ਬਿ: ਮੁਤਾਬਿਕ ੧੧ ਨਵੰਬਰ, ਸੰਨ ੧੬੭੫ ਈ: ਨੂੰ ਹੋਇਆ। ਇਸ ਸ਼ਹੀਦੀ ਸਾਕੇ ਬਾਰੇ, ਜਿਵੇਂ ਕਿ ਬਚਿੱਤ੍ਰ ਨਾਟਕ ਵਿਚ ਲਿਖਿਆ ਹੋਇਆ ਹੈ, ਦੇਸ਼ ਪਰਦੇਸ ਵਿਚ ਹਰ ਥਾਵੇਂ ਬੜਾ ਗਹਿਰਾ ਅਫ਼ਸੋਸ ਮਨਾਇਆ ਗਿਆ :

**ਠੀਕਰਿ ਫੋਰਿ ਦਿਲੀਸਿ ਸਿਰਿ, ਪ੍ਰਭ ਪੁਰ ਕੀਯਾ ਪਯਾਨ।।**
**ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ।।੧੫।।**
**ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ।।**
**ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ।।੧੬।।**

(ਬਚਿਤ੍ਰ ਨਾਟਕ)

**ਸਮਾਧੀ ਸਥਾਨ–ਸੀਸ ਗੰਜ ਤੇ ਰਕਾਬ ਗੰਜ:**– ਇਸ ਤੋਂ ਬਾਦ ਸਿਦਕੀ ਸਿੱਖ ਭਾਈ ਜੈਤੇ ਦੇ ਹੱਥੀਂ, ਜੋ ਕਿ ਦਿੱਲੀ ਦੇ ਕਾਰਾਵਾਸ 'ਚੋਂ ਕਿਵੇਂ ਬਚ ਨਿਕਲਿਆ ਸੀ, ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਸੀਸ ਬੜੇ ਜਤਨ ਨਾਲ ਹਾਸਲ ਕਰਕੇ ਸਤਿਕਾਰ ਸਹਿਤ ਦਸਮੇਸ਼ ਜੀ ਦੇ ਪਾਸ ਆਨੰਦਪੁਰ ਪਹੁੰਚਾਇਆ ਗਿਆ, ਜਿੱਥੇ ਕਿ ਗੁਰਦੁਆਰਾ ਸੀਸ ਗੰਜ ਦੇ ਸਥਾਨ ਪਰ ਉਸ ਦਾ ਸਸਕਾਰ ਹੋਇਆ ਤੇ ਉਧਰ ਇਸੇ ਸਮੇਂ ਦੇ ਦੌਰਾਨ ਵਿਚ ਗੁਰੂ ਸਾਹਿਬ ਦੇ ਧੜ ਦਾ ਸਸਕਾਰ ਦਿੱਲੀ ਦੇ ਸਿੱਖਾਂ ਵਲੋਂ ਜਤਨ ਹੋਣ ਤੇ ਗੁਰਦੁਆਰਾ ਰਕਾਬ ਗੰਜ ਵਾਲੀ ਥਾਵੇਂ ਹੋਇਆ। ਇਸੇ ਕਰਕੇ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਇਸ ਸਮੇਂ ਗੁਰੂ ਜੀ ਦੇ ਸ਼ਹੀਦੀ ਸਥਾਨ ਪਰ ਗੁਰਦੁਆਰਾ ਸੀਸ ਗੰਜ (ਚਾਂਦਨੀ ਚੌਂਕ ) ਤੇ ਸਮਾਧੀ ਸਥਾਨ ਪਰ ਗੁਰਦੁਆਰਾ ਰਕਾਬ ਗੰਜ ਨਾਮ ਇਤਿਹਾਸਕ ਯਾਦਗਾਰਾਂ ਕਾਇਮ ਹਨ। ਇਹ ਯਾਦਗਾਰਾਂ ਮਿਸਲ ਕਰੋੜੀਆਂ ਦੇ ਪ੍ਰਮੁਖ ਆਗੂ ਸਰਦਾਰ ਬਘੇਲ ਸਿੰਘ ਨੇ ਦਿੱਲੀ ਫਤਹਿ ਕਰਕੇ ਸੰਨ ੧੭੮੩ ਈ: ਵਿਚ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਸਾਨੀ ਦੇ ਸਮੇਂ ਬਣਵਾਈਆਂ ਸਨ।

**ਸਾਈ ਬੁੱਲੇ ਸ਼ਾਹ ਦਾ ਵਾਰਸ ਸ਼ਾਹ ਨੂੰ ਸੁਨੇਹਾ**

ਜਾ ਆਖੀਂ ਉਸ ਬੁੱਢੇ ਢੱਗੇ ਨੂੰ ਕਿਉਂ ਕਾਲਾ ਕਰਨਾ ਏਂ ਬੱਗੇ ਨੂੰ।
ਜੇ ਅੱਜ ਮਰਨਾ ਜਾਂ ਕਲ ਮਰਨਾ ਤਾਂ ਮੂੰਹ ਕਾਲਾ ਫਿਰ ਕਿਉਂ ਕਰਨਾ ?

ਸਿੱਖ ਕਲਫ ਨਾ ਲਗਾਵੇ, ਜੋ ਲਗਾਵੇ ਸੋ ਤਨਖਾਹੀਆ।

(ਰਹਿਤਨਾਮਾ ਭਾਈ ਚੌਪਾ ਸਿੰਘ ਜੀ)



www.AKJ.Org

# TAV PRASAD SWAIYE

This is one of the five recitations during Nit Nam of the Holy Word, through tenth Nanak, Guru Gobind Singh Ji. It frees the individual from the awe and devotion of political power and ritualistic spiritualism. Thus freed one is guided on to pure love and devotion of one God, Who is All Powerful, Creator, Destroyer and Compassionate Being.

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ।।ਪਾਤਿਸ਼ਾਹੀ ੧੦।।

Invocation : There is only One Divine Being, the Enchanting Dispeller of ignorance. Victory be to Him! The following Divine Word comes through Tenth Nanak.

ਤ੍ਵਪ੍ਰਸਾਦਿ ਸਵੱਯੇ।।

With Thy support are compared the four-lined Gurbani.

ਸ੍ਰਾਵਗ ਸੁੱਧ ਸਮੂਹ ਸਿਧਾਨ ਕੇ,
ਦੇਖਿ ਫਿਰਿਓ ਘਰ ਜੋਗ ਜਤੀ ਕੇ।।
ਸੂਰ ਸੁਰਾਰਦਨ ਸੁੱਧ ਸੁਧਾਦਿਕ,
ਸੰਤ ਸਮੂਹ ਅਨੇਕ ਮਤੀ ਕੇ।।
ਸਾਰੇ ਹੀ ਦੇਸ ਕੋ ਦੇਖ ਰਹਿਓ ਮਤ,
ਕੋਊ ਨ ਦੇਖੀਅਤ ਪ੍ਰਾਨਪਤੀ ਕੇ।।
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ,
ਏਕ ਰਤੀ ਬਿਨੁ ਏਕ ਰਤੀ ਕੇ।।੧।।

I have gone around visiting the holy ones of Jainism, Budhism, the renowned Yogies and celibate ones. I have visited to brave ones, demons, nector drinking angel gods and various other holy ones of different sects.Having seen all the faiths, I did not find one that believes in One Lord of all life. However without the divine love and His Compassion and unless drenched in Nam all show of spiritualism is in vain. -1.

ਮਾਤੇ ਮਤੰਗ ਜਰੇ ਜਰ ਸੰਗ,
ਅਨੂਪ ਉਤੰਗ ਸੁਰੰਗ ਸਵਾਰੇ।।
ਕੋਟ ਤੁਰੰਗ ਕੁਰੰਗ ਸੇ ਕੂਦਤ,
ਪਉਨ ਕੇ ਗਉਨ ਕੋ ਜਾਤ ਨਿਵਾਰੇ।।
ਭਾਰੀ ਭੁਜਾਨ ਕੇ ਭੂਪ ਭਲੀ ਬਿਧਿ,
ਨਿਆਵਤ ਸੀਸ ਨ ਜਾਤ ਬਿਚਾਰੇ।।
ਏਤੇ ਭਏ ਤੁ ਕਹਾ ਭਏ ਭੂਪਤਿ,
ਅੰਤ ਕੋ ਨਾਂਗੇ ਹੀ ਪਾਂਇ ਪਧਾਰੇ।।੨।।

Even if one were to Wield so much power, that he has huge elephants, who are drunk and well decorated with golden ornaments, countless high-bred horses-restless and jumping like deer, who are the fastest in speed, and many powerful kings, without count, bow respectfully to this king of kings, yet all this is a transitory show. Ultimately such a one deports from the World empty handed and barefooted, leaving his wealth and fame behind. -2.

ਜੀਤ ਫਿਰੈ ਸਭ ਦੇਸ ਦਿਸਾਨ ਕੋ,
ਬਾਜਤ ਢੋਲ ਮ੍ਰਿਦੰਗ ਨਗਾਰੇ।।
ਗੁੰਜਤ ਗੂੜ ਗਜਾਨ ਕੇ ਸੁੰਦਰ,
ਹਿੰਸਤ ਹੈ ਹਯਰਾਜ ਹਜਾਰੇ।।
ਭੂਤ ਭਵਿੱਖ ਭਵਾਨ ਕੇ ਭੂਪਤ,
ਕਉਨੁ ਗਨੈ ਨਹੀ ਜਾਤ ਬਿਚਾਰੇ।।
ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ,
ਅੰਤ ਕਉ ਅੰਤ ਕੇ ਧਾਮ ਸਿਧਾਰੇ।।੩।।

If a great Warrior goes arround, with the best drums, conquering country after country, many trumpeting elephants and thousands of neighing, well-bred horses fill his stables, such war-lords, countless in number, have lived in the past and many are still there and more shall be there in future, yet without meditating on the Lord of all this play, they deport from this World to the next unknown world, leaving behind their pomp and glory. -3

ਤੀਰਥ ਨਾਨ ਦਇਆ ਦਮ ਦਾਨ,
ਸੁ ਸੰਜਮ ਨੇਮ ਅਨੇਕ ਬਿਸੇਖੈ।।
ਬੇਦ ਪੁਰਾਨ ਕਤੇਬ ਕੁਰਾਨ,
ਜਮੀਨ ਜਮਾਨ ਸਬਾਨ ਕੇ ਪੇਖੈ।।
ਪਉਨ ਅਹਾਰ ਜਤੀ ਜਤ ਧਾਰ,
ਸਬੈ ਸੁ ਬਿਚਾਰ ਹਜਾਰ ਕੁ ਦੇਖੈ।।
ਸ੍ਰੀ ਭਗਵਾਨ ਭਜੇ ਬਿਨ ਭੂਪਤਿ,
ਏਕ ਰਤੀ ਬਿਨੁ ਏਕ ਨ ਲੇਖੈ।।੪।।

If one goes about bathing on holy shrines, showing compassion, giving in charity, exercising self control through various means, reads all the holy scriptures of different faiths and lands, lives only on air (without food), practicing celibacy and thousands of other acts of piety, yet without meditation of God, Lord of the Universe, all the effort is worthless. Only those drenched in His love earn the real merit.

ਸੁੱਧ ਸਿਪਾਹ ਦੁਰੰਤ ਦੁਬਾਰ,
ਸੁ ਸਾਜ ਸਨਾਹ ਦੁਰਜਾਨ ਦਲੈਗੇ।।
ਭਾਰੀ ਗੁਮਾਨ ਭਰੇ ਮਨ ਮੈ,
ਕਰ ਪਰਬਤ ਪੰਖ ਹਲੇ ਨ ਹਲੈਗੇ।।
ਤੋਰਿ ਅਰੀਨ ਮਰੋਰਿ ਮਵਾਸਨ,
ਮਾਤੇ ਮਤੰਗਨਿ ਮਾਨ ਮਲੈਗੇ।।
ਸ੍ਰੀ ਪਤਿ ਸ੍ਰੀ ਭਗਵਾਨ ਕ੍ਰਿਪਾ ਬਿਨੁ,
ਤਿਆਗਿ ਜਹਾਨ ਨਿਦਾਨ ਚਲੈਗੇ।।੫।।

The veteran Warriors, who are difficult to sub-



www.AKJ.Org

due, difficult to face, destroy enemy wearing battle dress, and are so confident that even if mountains could move, they would not desert in the face of enemy, they break their enemy and even subjugate intoxicated elephants, yet such powerful fighters deport form this world empty handed unless they meditate on God and earn merit of his Benediction.

ਬੀਰ ਅਪਾਰ ਬਡੇ ਬਰਆਰ,
ਅਬਿਚਾਰਹਿ ਸਾਰ ਕੀ ਧਾਰ ਭਛੱਯਾ।।
ਤੋਰਤ ਦੇਸ ਮਲਿੰਦ ਮਵਾਸਨ,
ਮਾਤੇ ਗਜਾਨ ਕੇ ਮਾਨ ਮਲੱਯਾ।।
ਗਾੜ੍ਹੇ ਗੜ੍ਹਾਨ ਕੋ ਤੋੜਨ ਹਾਰ,
ਸੁ ਬਾਤਨ ਹੀ ਚਕ ਚਾਰ ਲਵੱਯਾ।।
ਸਾਹਿਬ ਸ੍ਰੀ ਸਭ ਕੋ ਸਿਰਨਾਇਕ,
ਜਾਚਕ ਅਨੇਕ ਸੁ ਏਕ ਦਵੱਯਾ।।੬।।

The brave ones, with unlimited strength, who face attack of steel weapons without a concern, subdue enemy and conquer other countries, subjugate intoxicated elephants, break up strong fortresses and their mere word of threat conquers all, yet many persons like this beg at the door of Lord, who is the Only Master of all Power and being. -6.

ਦਾਨਵ ਦੇਵ ਫਨਿੰਦ ਨਿਸਾਚਰ,
ਭੂਤ ਭਵਿਖ ਭਵਾਨ ਜਪੈਗੇ।।
ਜੀਵ ਜਿਤੇ ਜਲ ਮੈ ਥਲ ਮੈ,
ਪਲ ਹੀ ਪਲ ਮੈ ਸਭ ਥਾਪ ਥਪੈਗੇ।।
ਪੁੰਨ ਪ੍ਰਤਾਪਨ ਬਾਢ ਜੈਤ ਧੁਨ,
ਪਾਪਨ ਕੇ ਬਹੁ ਪੁੰਜ ਖਪੈਗੇ।।
ਸਾਧ ਸਮੂਹ ਪ੍ਰਸੰਨ ਫਿਰੈ ਜੰਗ,
ਸਤ੍ਰ ਸਭੇ ਅਵਲੋਕ ਚਪੈਗੇ।।੭।।

Demons, angels, snake-king and ghosts have been meditating on God in the past, are doing it and shall do so in future. The Lord is capable of creating all the beings, who live in water and over land in no time at all. There is rejoicing over the speedy increase of good deeds, while heapfuls of past evil deeds are being destroyed. Saintly ones go about in high spirits, while the evil ones are under scare. (Under Fatherhood of God, only the good prevails.)

ਮਾਨਵ ਇੰਦ੍ਰ ਗਜਿੰਦ੍ਰ ਨਰਾਧਪ,
ਜੌਨ ਤ੍ਰਿਲੋਕ ਕੋ ਰਾਜ ਕਰੈਗੇ।।
ਕੋਟਿ ਇਸਨਾਨ ਗਜਾਦਿਕ ਦਾਨ,
ਅਨੇਕ ਸੁਅੰਬਰ ਸਾਜ ਬਰੈਗੇ।।
ਬ੍ਰਹਮ ਮਹੇਸਰ ਬਿਸਨ ਸਚੀਪਤਿ,
ਅੰਤ ਫਸੇ ਜਮ ਫਾਸ ਪਰੈਗੇ।।
ਜੇ ਨਰ ਸ੍ਰੀਪਤਿ ਕੇ ਪ੍ਰਸ ਹੈ ਪਗ,
ਤੇ ਨਰ ਫੇਰ ਨ ਦੇਹ ਧਰੈਗੇ।।੮।।

The mighty kings, with huge elephants, who rule over all the three Worlds, perform bathing ceremonies over the shrines, give away elephants in charity, marry many wives, what to talk of them even the legendary gods, of creation, destruction and subtaining the universe, and the rain god are subject to death. Only those, who are devotees of God attain Salvation and are never born again.

ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ,
ਬੈਠ ਰਹਿਓ ਬਕ ਧਿਆਨ ਲਗਾਇਓ।।
ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ,
ਲੋਕ ਗਇਓ ਪਰਲੋਕ ਗਵਾਇਓ।।
ਬਾਸ ਕੀਓ ਬਿਖਿਆਨ ਸੋ ਬੈਠ ਕੈ,
ਐਸੇ ਹੀ ਐਸੇ ਸੁ ਬੈਸ ਬਿਤਾਇਓ।।
ਸਾਚੁ ਕਹੋ ਸੁਨ ਲੇਹੁ ਸਭੈ,
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।।੯।।

What use is it to Sit closed eyes in heron-like meditation. (Heron stands, on one leg with half closed eyes as though in meditation in water, and cathes fish as it appears- a deception.) If one was to go around all the shrines of the world for holy bathing, it is all in vain. Such a person has failed to enjoy this world, wasted their life in evil indugence, have lost a rare opportunity. Hear, O, men the Truth, that I speak ! Only those with loving devotion have found the Lord. -9.

ਕਾਹੂ ਲੈ ਪਾਹਨ ਪੂਜ ਧਰਯੋ ਸਿਰ,
ਕਾਹੂ ਲੈ ਲਿੰਗ ਗਰੇ ਲਟਕਾਇਓ।।
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ,
ਕਾਹੂ ਪਛਾਹ ਕੋ ਸੀਸ ਨਿਵਾਇਓ।।
ਕੋਊ ਬੁਤਾਨ ਕੋ ਪੂਜਤ ਹੈ ਪਸੁ,
ਕੋਊ ਮ੍ਰਿਤਾਨ ਕੋ ਪੂਜਨ ਧਾਇਓ।।
ਕੂਰ ਕ੍ਰਿਆ ਉਰਝਿਓ ਸਭ ਹੀ ਜਗ,
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ।।੧੦।।

The Hindus worship a stone deity and some even wear it around their neck. While Hindus consider the house of God to be in South, the muslims think, it is in the West (Their respective holy shrines of Dwarka and Kaaba). Hindus worship idols, while the muslims worship graves of the dead holies. Thus all are engaged in falsehood, without a True concept fo God. (God, the Formless Being, the Creator, All-Powerful, Compassionate, Omni-Present and Deathless-One is attained only through the medium of True Guru with Single-minded loving devotion.) -10. ***-Jaspinder Singh, (Canada)***


www.AKJ.Org

# ਬਾਪੂ ਜੀ ਤੇ ਬੱਚੇ (੧੫)

ਬਾਪੂ ਜੀ ਪੌੜੀਆਂ ਵਲ ਨੂੰ ਪਿੱਠ ਕਰ ਕੇ ਮੰਜੇ ਤੇ ਬੈਠੇ ਹੋਏ ਸਨ। ਛੋਟੀ ਬੱਚੀ ਕਮਲਪ੍ਰੀਤ ਨੇ ਗਾਤਰੇ ਕ੍ਰਿਪਾਨ ਪਾਈ ਅਤੇ ਕੇਸਕੀ ਸਜਾਈ ਹੋਏ ਬਾਕੀ ਬੱਚਿਆਂ ਦੇ ਅੱਗੇ ਅੱਗੇ ਮਲਕੜੇ ਜੇਹੇ ਬਾਪੂ ਜੀ ਕੋਲ ਪਹੁੰਚ ਕੇ ਦੋਵੇਂ ਹੱਥ ਜੋੜ "ਵਾਹਗੂ ਜੀ........ ਖਾਲਸਾ.........ਫਤੇਹ" ਆ ਬੁਲਾਈ। ਬਾਕੀ ਬੱਚਿਆਂ ਨੇ ਵੀ ਨਾਲ ਹੀ ਗੱਜ ਕੇ "**ਵਾਹਿਗੁਰੂ ਜੀ ਕੀ ਫਤਹ**" ਬੁਲਾ ਦਿੱਤੀ। ਬਾਪੂ ਜੀ ਨੇ ਕਮਲਪ੍ਰੀਤ ਨੂੰ ਗੋਦੀ ਵਿੱਚ ਲੈ ਲਿਆ ਅਤੇ "**ਵਾਹਿਗੁਰੂ ਜੀ ਕੀ ਫਤਹ... ਫਤਹ.... ਫਤਹ**" ਕਹਿੰਦੇ ਉਸ ਨਾਲ ਪਿਆਰ ਕਰਨ ਲੱਗ ਪਏ। ਪ੍ਰਭਜੋਤ ਕਹਿਣ ਲੱਗਾ–

**ਪ੍ਰਭਜੋਤ** :– ਬਾਪੂ ਜੀ! ਇਹਨੂੰ ਹਾਲੇ ਚੰਗੀ ਤਰ੍ਹਾਂ "ਫਤਹ" ਬੁਲਾਉਣੀ ਨਹੀਂ ਆਉਂਦੀ। ਇਹ 'ਵਾਹਗੂ ਫਤੇਹ' ਹੀ ਕਹਿੰਦੀ ਆ।

**ਬਾਪੂ ਜੀ** :– ਕੋਈ ਨਹੀਂ, ਹੌਲੀ ਹੌਲੀ ਇਹ ਵੀ ਤੁਹਾਡੀ ਤਰ੍ਹਾਂ "ਵਾਹਿਗੁਰੂ ਜੀ ਕੀ ਫਤਹ" ਬੁਲਾਉਣ ਲੱਗ ਪਏਗੀ।....... ਤੁਸੀਂ ਇਹਨੂੰ ਵਾਹਿਗੁਰੂ ਵਾਹਿਗੁਰੂ ਕਰਨਾ ਸਿਖਾਇਆ ਕਰੋ।

**ਪ੍ਰਭਜੋਤ** :– ਇਹ ਤਾਂ ਵਾਹਗੂ ਵਾਹਗੂ ਹੀ ਕਹਿੰਦੀ ਆ।

**ਬਾਪੂ ਜੀ** :– ਵਾਹਗੂ ਵਾਹਗੂ ਕਰਦੀ ਹੀ 'ਵਾਹਿਗੁਰੂ ਵਾਹਿਗੁਰੂ' ਕਹਿਣ ਲੱਗ ਪਏਗੀ।

**ਅੰਮ੍ਰਿਤਪਾਲ** :– ਬਾਪੂ ਜੀ ਕਹਾਣੀ ਸੁਣਾਓ ?

**ਬਾਪੂ ਜੀ** :– ਲਓ ਫਿਰ ਸੁਣੋ–

ਬੱਚਿਓ ! ਗੁਰੂ ਨਾਨਕ ਦੇਵ ਜੀ 'ਸਤਿ ਧਰਮ' ਦਾ ਪ੍ਰਚਾਰ ਕਰਦੇ ਕਰਦੇ ਸੈਦਪੁਰ (ਐਮਨਾਬਾਦ) ਭਾਈ ਲਾਲੋ ਦੇ ਘਰ ਜਾ ਠਹਿਰੇ। ਭਾਈ ਲਾਲੋ ਜਾਤ ਦਾ ਤ੍ਰਖਾਣ ਸੀ ਅਤੇ ਲੱਕੜ ਦਾ ਕੰਮ ਕਰਦਾ ਸੀ। ਉਚ-ਜਾਤੀ ਦੇ ਹਿੰਦੂਆਂ ਦੇ ਖਿਆਲ ਅਨੁਸਾਰ ਉਹ ਸ਼ੂਦਰ ਸੀ ਪਰ ਉਹ ਧਰਮ ਦੀ ਕ੍ਰਿਤ ਕਰਦਾ ਅਤੇ• ਰੱਬ ਦੀ ਭੈ ਭਾਵਨੀ ਵਿੱਚ ਰਹਿੰਦਾ ਸੀ, ਆਏ ਗਏ ਦੀ ਆਪਣੀ ਵਿੱਤ ਮੂਜਬ ਸੇਵਾ ਵੀ ਕਰਦਾ ਸੀ। ਉਸ ਵੇਲੇ ਛੂਤ ਛਾਤ ਦਾ ਬਹੁਤ ਜ਼ੋਰ ਸੀ। ਬ੍ਰਾਹਮਣ, ਖੱਤਰੀ ਤੇ ਵੈਸ਼ ਜਾਤ ਦੇ ਲੋਕੀਂ ਸ਼ੂਦਰਾਂ ਨੂੰ ਬਹੁਤ ਨੀਚ ਸਮਝਦੇ ਸਨ। ਸ਼ੂਦਰਾਂ ਨਾਲ ਮਿਲ ਕੇ ਬੈਠਣਾ ਤੇ ਇਕ ਪਾਸੇ ਰਿਹਾ, ਉਨ੍ਹਾਂ ਦੇ ਪਰਛਾਵੇਂ ਤੋਂ ਵੀ ਉਨ੍ਹਾਂ ਨੂੰ ਡਰ ਲੱਗਦਾ ਸੀ। ਜੇ ਕਿਸੇ ਸ਼ੂਦਰ ਨਾਲ ਉਹ ਛੂਹ ਜਾਂਦੇ ਤਾਂ ਸਮਝਦੇ ਕਿ ਭਿੱਟੇ ਗਏ। ਭਿੱਟ ਉਤਾਰਨ ਵਾਸਤੇ ਬ੍ਰਾਹਮਣ ਲੋਕ ਤਾਂ ਇਸ਼ਨਾਨ ਅਤੇ ਕੱਪੜੇ ਬਦਲੀ ਕਰਕੇ ਹੀ ਸਾਹ ਲੈਂਦੇ। ਉਚ ਜਾਤੀਏ ਹਿੰਦੂ ਤਾਂ ਮੁਸਲਮਾਨਾਂ ਤੋਂ ਵੀ ਨਫਰਤ ਕਰਦੇ ਸਨ। ਮੁਸਲਮਾਨਾਂ ਨੂੰ ਦੇਖ ਕੇ ਵੀ ਉਨ੍ਹਾਂ ਨੂੰ ਭਿੱਟੇ ਜਾਣ ਦਾ ਵਹਿਮ ਆ ਘੇਰਦਾ।

ਬੱਚਿਓ ! ਗੁਰੂ ਨਾਨਕ ਦੇਵ ਜੀ ਖੱਤਰੀ ਕੁਲ ਵਿੱਚ ਜਨਮੇ ਸਨ ਅਤੇ ਉਨ੍ਹਾਂ ਦਾ ਸਾਥੀ ਮਰਦਾਨਾ ਮਿਰਾਸੀ ਕੁਲ ਦਾ ਮੁਸਲਮਾਨ ਸੀ। ਰੱਬੀ ਦਰਗਾਹ ਤੋਂ ਜਦੋਂ 'ਬਾਣੀ' ਆਉਂਦੀ ਤਾਂ ਭਾਈ ਮਰਦਾਨਾ ਰਬਾਬ ਵਜਾਉਂਦਾ ਅਤੇ ਗੁਰੂ ਜੀ ਸ਼ਬਦ ਗਾਉਂਦੇ। ਰੱਬੀ ਬਾਣੀ ਦਾ ਕੀਰਤਨ ਸੁਣ ਕੇ ਲੋਕਾਂ ਦੇ ਕਲੇਜੇ ਠੰਡ ਪੈ ਜਾਂਦੀ, ਗੁਰੂ ਜੀ ਦੀ ਸੰਗਤ ਕਰ ਕੇ ਨਿਹਾਲੋ ਨਿਹਾਲ ਹੋ ਜਾਂਦੇ।

ਬੱਚਿਓ ! ਉੱਚ ਜਾਤੀਏ ਹਿੰਦੂਆਂ ਨੂੰ ਗੁਰੂ ਜੀ ਦਾ ਨੀਚ ਜਾਤੀਏ ਭਾਈ ਲਾਲੋ ਦੇ ਘਰ ਟਿਕਾਣਾ ਚੰਗਾ ਨਹੀਂ ਸੀ ਲੱਗਦਾ। ਗੁਰੂ ਜੀ ਸਾਰੇ ਬੰਦਿਆਂ ਨੂੰ ਇਕੋ ਜਿਹਾ ਹੀ ਸਮਝਦੇ ਸਨ। ਸਾਰੇ ਮਨੁੱਖਾਂ ਨੂੰ ਇਕੋ ਅਕਾਲ ਪੁਰਖ ਦੇ ਬੱਚੇ ਹੀ ਮੰਨਦੇ ਸਨ। ਉਹ ਰੱਬ ਦੇ ਬੰਦਿਆਂ ਵਿੱਚ ਵੰਡੀਆਂ ਪਾਉਣ ਵਾਲੀ ਊਚ ਨੀਚ, ਸੁੱਚ ਭਿੱਟ ਦੀ ਪ੍ਰਵਾਹ ਨਹੀਂ ਸੀ ਕਰਦੇ। ਸਾਰੇ ਮਨੁੱਖਾਂ ਨੂੰ ਇੱਕੋ ਜੇਹਾ ਸਮਝਦੇ ਹੋਏ ਪਿਆਰ ਕਰਦੇ ਸਨ, ਮਨ ਵਿੱਚ ਨਫਰਤ ਨਹੀਂ ਸੀ ਲਿਆਉਂਦੇ।

ਬੱਚਿਓ ! ਸੈਦਪੁਰ ਵਿਖੇ ਓਥੋਂ ਦੇ ਪਠਾਣ ਫੌਜਦਾਰ ਜ਼ਾਲਮ ਖਾਂ ਦਾ ਇੱਕ ਹਿੰਦੂ ਅਹਿਲਕਾਰ ਰਹਿੰਦਾ ਸੀ ਜਿਸ ਦਾ ਨਾਂ ਮਲਕ ਭਾਗੋ ਸੀ। ਉਹ ਬਹੁਤ ਹੰਕਾਰੀ, ਜ਼ਾਲਮ ਤੇ ਵੱਢੀ-ਖੋਰ ਸੀ। ਉਸ ਨੇ ਰੱਬ ਦੇ ਨਾਂ ਤੇ ਬ੍ਰਾਹਮਣਾਂ ਤੇ ਸਾਧਾਂ ਸੰਤਾਂ ਨੂੰ ਭੋਜਨ ਛਕਾਉਣ ਲਈ ਜੱਗ ਕੀਤਾ ਜਿਸ ਨੂੰ ਬ੍ਰਹਮ ਭੋਜ ਕਿਹਾ ਜਾਂਦਾ ਹੈ। ਗੁਰੂ ਜੀ ਨੂੰ ਵੀ ਬ੍ਰਹਮ ਭੋਜ ਤੇ ਆਉਣ ਲਈ ਸੱਦਾ ਦਿੱਤਾ ਗਿਆ ਪਰ ਗੁਰੂ ਜੀ ਮਲਕ ਭਾਗੋ ਦੇ ਘਰ ਨਾ ਗਏ। ਮਲਕ ਭਾਗੋ ਨੇ ਇਸ ਵਿੱਚ ਆਪਣੀ ਹੱਤਕ (ਨਿਰਾਦਰੀ) ਸਮਝੀ। ਉਸ ਨੇ ਸਰਕਾਰੀ ਪਿਆਦਾ ਭੇਜ ਕੇ ਗੁਰੂ ਜੀ ਨੂੰ ਆਪਣੇ ਕੋਲ ਬੁਲਾਇਆ ਇਸ ਗੱਲ ਦਾ ਸਾਰੇ ਨਗਰ ਨੂੰ ਪਤਾ ਲੱਗ ਗਿਆ। ਬਹੁਤ ਸਾਰੇ ਲੋਕੀਂ ਮਲਕ ਭਾਗੋ ਦੇ ਘਰ ਇਕੱਠੇ ਹੋ ਗਏ। ਮਲਕ ਭਾਗੋ ਗੁਰੂ ਜੀ ਨੂੰ ਪੁੱਛਣ ਲੱਗਾ, "ਤੁਸੀਂ ਮੇਰੇ ਘਰ ਬ੍ਰਹਮ ਭੋਜ ਖਾਣ ਕਿਉਂ ਨਹੀਂ ਆਏ ?" ਗੁਰੂ ਜੀ ਨੇ ਕਿਹਾ ਕਿ ਮੈਨੂੰ ਭਾਈ ਲਾਲੋ ਦੀ ਨੇਕ ਕਮਾਈ ਦੀ ਕੋਧਰੇ ਦੀ ਰੋਟੀ ਚੰਗੀ ਲੱਗਦੀ ਹੈ। ਮਲਕ ਭਾਗੋ ਬੋਲਿਆ, "ਲਾਲੋ ਤਾਂ ਗਰੀਬ ਹੈ ਅਤੇ ਨੀਵੀਂ ਜਾਤ ਦਾ ਹੈ, ਮੈਂ ਉੱਚ ਜਾਤ ਦਾ ਖੱਤਰੀ ਹਾਂ, ਮੇਰੇ ਘਰ ਸੋਹਣੇ ਸੋਹਣੇ ਪਕਵਾਨ ਪੱਕੇ ਹੋਏ ਹਨ।"



www.AKJ.Org

ਗੁਰੂ ਜੀ ਨੇ ਕਿਹਾ ਕਿ ਰੱਬ ਦੇ ਪੈਦਾ ਕੀਤੇ ਸਾਰੇ ਮਨੁੱਖ ਇਕੋ ਜੇਹੇ ਹਨ, ਨਾਂ ਕੋਈ ਨੀਵਾਂ ਹੈ, ਨਾ ਉੱਚਾ। ਵੱਢੀ ਲੈਣ ਵਾਲਾ, ਗਰੀਬਾਂ ਦਾ ਖ਼ੂਨ ਚੂਸਣ ਵਾਲਾ ਤੇ ਉਨ੍ਹਾਂ ਤੇ ਜ਼ੁਲਮ ਕਰਨ ਵਾਲਾ ਨੀਵਾਂ ਹੈ, ਉਸ ਦੇ ਭੋਜਨ ਵਿਚੋਂ ਤਾਂ ਖ਼ੂਨ ਟਪਕਦਾ ਹੈ। ਧਰਮ ਦੀ ਕ੍ਰਿਤ ਕਰਨ ਵਾਲਾ ਉੱਚਾ ਹੈ, ਭਾਈ ਲਾਲੋ ਵਰਗੇ ਗਰੀਬ ਕਿਰਤੀ ਦੀ ਕੋਧਰੇ ਦੀ ਰੋਟੀ ਵੀ ਦੁੱਧ ਬਰਾਬਰ ਹੈ।

**ਨੀਚਾ ਅੰਦਰਿ ਨੀਚ ਜਾਤਿ,**
**ਨੀਚੀ ਹੂ ਅਤਿ ਨੀਚੁ।।**
**ਨਾਨਕ ਤਿਨ ਕੈ ਸੰਗਿ ਸਾਥਿ,**
**ਵਡਿਆ ਸਿਉ ਕਿਆ ਰੀਸ।।**
**ਜਿਥੈ ਨੀਚ ਸਮਾਲੀਅਨਿ ਤਿਥੈ**
**ਨਦਰਿ ਤੇਰੀ ਬਖਸੀਸ।।** (ਪੰਨਾ ੧੫)

**ਕੁਲਜੀਤ ਸਿੰਘ** :— ਇਸ ਦਾ ਕੀ ਅਰਥ ?

**ਬਾਪੂ ਜੀ** :— ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪ੍ਰਭੂ ! ਤੇਰਾ ਨਾਨਕ ਉਨ੍ਹਾਂ ਬੰਦਿਆਂ ਨਾਲ ਸਾਥ ਬਣਾਏ ਜੋ ਨੀਵੀਂ ਤੋਂ ਨੀਵੀਂ ਜਾਤ ਦੇ ਹਨ, ਨੀਵਿਆਂ ਤੋਂ ਵੀ ਅਤਿ ਨੀਵੇਂ ਅਖਵਾਉਂਦੇ ਹਨ, ਮੈਨੂੰ ਮਾਇਆ-ਧਾਰੀਆਂ ਦੇ ਰਸਤੇ ਤੁਰਨ ਦੀ ਕੋਈ ਲਾਲਸਾ (ਲਾਲਚ) ਨਹੀਂ ਕਿਉਂਕਿ ਮੈਨੂੰ ਪਤਾ ਹੈ ਕਿ ਤੇਰੀ ਮਿਹਰ ਦੀ ਨਜ਼ਰ ਉਥੇ ਹੈ ਜਿਥੇ ਗਰੀਬਾਂ ਦੀ ਸਾਰ ਲਈ ਜਾਂਦੀ ਹੈ।

**ਅੰਮ੍ਰਿਤਪਾਲ** :— ਫੇਰ ਕੀ ਹੋਇਆ ?

**ਬਾਪੂ ਜੀ** :— ਗੁਰੂ ਸਾਹਿਬ ਦੀਆਂ ਖਰੀਆਂ ਖਰੀਆਂ ਗੱਲਾਂ ਸੁਣ ਕੇ ਮਲਕ ਭਾਗੋਂ ਦੀ ਆਤਮਾ ਕੰਬ ਉਠੀ। ਉਹ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਅਤੇ ਆਪਣੇ ਪਿਛਲੇ ਕੀਤੇ ਕੁਕਰਮਾਂ ਦੀ ਮੁਆਫੀ ਮੰਗੀ, ਅੱਗੋਂ ਤੋਂ ਉਸ ਨੇ ਵੱਢੀ ਨਾ ਲੈਣ ਅਤੇ ਜ਼ੁਲਮ ਨਾ ਕਰਨ ਦੀ ਪ੍ਰਤੱਗਿਆ ਕੀਤੀ।

ਬੱਚਿਓ ! ਦੇਖਣ ਸੁਣਨ ਆਏ ਲੋਕਾਂ ਤੇ ਵੀ ਗੁਰੂ ਜੀ ਦੀਆਂ ਗੱਲਾਂ ਦਾ ਬਹੁਤ ਅਸਰ ਪਿਆ। ਉਹ ਨੀਵਿਆਂ ਤੋਂ ਨਫ਼ਰਤ ਕਰਨੋਂ ਹੱਟ ਗਏ ਅਤੇ ਸਾਰੇ ਇਕ ਦੂਜੇ ਨੂੰ ਭਰਾ ਭਰਾ ਸਮਝਣ ਲੱਗ ਪਏ।

ਬੱਚਿਓ ! ਗੁਰੂ ਜੀ ਜਿਥੇ ਭਾਈ ਲਾਲੋ ਕੋਲ ਠਹਿਰੇ ਸੀ ਉਥੇ ਉਨ੍ਹਾਂ ਦੀ ਯਾਦ ਵਿੱਚ ਗੁਰਦੁਆਰਾ ਬਣਿਆ ਹੋਇਆ ਹੈ ਜਿਸ ਦਾ ਨਾਂ ਰੋੜੀ ਸਾਹਿਬ ਹੈ।

**ਪ੍ਰਭਜੋਤ** :— ਰੋੜੀ ਸਾਹਿਬ ਕਿਥੇ ਹੈ ?

**ਬਾਪੂ ਜੀ** :— ਇਹ ਜਿਲਾ ਗੁੱਜਰਾਂਵਾਲਾਂ ਦੇ ਸ਼ਹਿਰ ਐਮਨਾਬਾਦ ਵਿੱਚ ਹੈ ਜਿਸ ਦਾ ਪਹਿਲਾਂ ਨਾਂ ਸੈਦਪੁਰ ਸੀ, ਹੁਣ ਇਹ ਪਾਕਿਸਤਾਨ ਵਿੱਚ ਹੈ।

**ਪ੍ਰਭਜੋਤ** :— ਪਹਿਲਾਂ ਇਹ ਸ਼ਹਿਰ ਭਾਰਤ ਵਿੱਚ ਸੀ ?

**ਬਾਪੂ ਜੀ** :— ਗੁਰੂ ਨਾਨਕ ਦੇਵ ਜੀ ਵੇਲੇ ਪਾਕਿਸਤਾਨ ਵਾਲਾ ਸਾਰਾ ਇਲਾਕਾ ਭਾਰਤ ਦਾ ਹੀ ਅੰਗ ਸੀ। ਸੰਨ ੧੯੪੭ ਵਿੱਚ ਭਾਰਤ ਦੀ ਵੰਡ ਹੋ ਜਾਣ ਤੇ ਅੰਮ੍ਰਿਤਸਰ ਤੋਂ ਅੱਗੇ ਵਾਹਗਾ ਬਾਡਰ ਤੋਂ ਪਰਲਾ ਹਿੱਸਾ ਪਾਕਿਸਤਾਨ ਬਣ ਗਿਆ।

**ਕੁਲਜੀਤ ਸਿੰਘ** :— ਬਾਪੂ ਜੀ ! ਕੋਧਰੇ ਦੀ ਰੋਟੀ ਕਿਹੜੀ ਹੁੰਦੀ ਆ ?

**ਬਾਪੂ ਜੀ** :— ਕੋਧਰਾ ਬਾਥੂ ਵਰਗਾ ਘਾਹ ਹੁੰਦਾ ਹੈ ਜਿਸ ਦੇ ਦਾਣੇ ਨੂੰ ਪੀਹ ਕੇ ਪਿਛਲੇ ਸਮਿਆਂ ਵਿੱਚ ਗਰੀਬ ਲੋਕ ਰੋਟੀ ਪਕਾ ਕੇ ਖਾਂਦੇ ਸਨ ਜਾਂ ਉਸ ਦੇ ਦਾਣੇ ਨੂੰ ਉਬਾਲ ਕੇ ਖਾ ਲੈਂਦੇ ਸਨ।

**ਕੁਲਜੀਤ ਸਿੰਘ** :— ਬਾਪੂ ਜੀ ! ਸਾਡੀ ਕਲਾਸ ਵਿੱਚ ਇੱਕ ਮੁੰਡਾ ਕਹਿੰਦਾ ਸੀ ਕਿ ਗੁਰੂ ਨਾਨਕ ਦੇਵ ਜੀ ਨੇ ਇੱਕ ਹੱਥ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਫੜ ਲਈ ਅਤੇ ਦੂਜੇ ਹੱਥ ਵਿੱਚ ਮਲਕ ਭਾਗੋ ਦੇ ਬ੍ਰਹਮ-ਭੋਜ ਵਿੱਚ ਪੱਕੇ ਹੋਏ ਮਾਲ੍ਹ-ਪੂੜੇ। ਮਾਲ੍ਹ-ਪੂੜਿਆਂ ਨੂੰ ਘੁੱਟਣ ਨਾਲ ਉਨ੍ਹਾਂ ਵਿਚੋਂ ਖ਼ੂਨ ਨਿਕਲਿਆ ਅਤੇ ਕੋਧਰੇ ਦੀ ਰੋਟੀ ਵਿਚੋਂ ਦੁੱਧ। ਰੋਟੀਆਂ ਤੇ ਪੂਰੀਆਂ ਨੂੰ ਘੁੱਟਣ ਨਾਲ ਦੁੱਧ ਤੇ ਖ਼ੂਨ ਕਿਵੇਂ ਨਿਕਲ ਆਇਆ ?

**ਬਾਪੂ ਜੀ** :— ਬੱਚੂ ! ਇਹ ਸਿਰਫ ਗੱਲ ਕਰਨ ਤੇ ਸਮਝਣੇ ਵਿਚ ਹੀ ਫਰਕ ਹੈ। ਗੁਰੂ ਸਾਹਿਬ ਮਲਕ ਭਾਗੋ ਦੇ ਘਰ ਜਾਣ ਵੇਲੇ ਆਪਣੇ ਨਾਲ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਥੋਹੜੀ ਲੈ ਕੇ ਗਏ ਸੀ ? ਮਲਕ ਭਾਗੋ ਨਾਲ ਤਾਂ ਉਨ੍ਹਾਂ ਨੇ ਵਿਚਾਰ ਵਿਟਾਂਦਰਾ ਹੀ ਕੀਤਾ ਸੀ। ਲੋਕੀਂ ਮਲਕ ਭਾਗੋ ਦੇ ਘਰ ਤਰ੍ਹਾਂ ਤਰ੍ਹਾਂ ਦੇ ਪੱਕੇ ਪਕਵਾਨ ਖਾ ਰਹੇ ਸਨ। ਗੁਰੂ ਸਾਹਿਬ ਨੇ ਮਲਕ ਭਾਗੋ ਨੂੰ ਕਿਹਾ ਕਿ ਤੇਰੇ ਮਾਲ੍ਹ-ਪੂੜੇ ਲੋਕਾਂ ਦੇ ਖ਼ੂਨ ਪਸੀਨੇ ਦੀ ਕਮਾਈ ਵਿਚੋਂ ਬਣੇ ਹੋਏ ਹਨ, ਤੇਰੀ ਆਪਣੀ ਕਮਾਈ ਨਹੀਂ। ਤੂੰ ਗਰੀਬ ਲੋਕਾਂ ਤੇ ਜ਼ੁਲਮ ਕਰ ਕੇ, ਵੱਢੀ ਬੇਈਮਾਨ ਦੇ ਪੈਸੇ ਨਾਲ ਬ੍ਰਹਮ-ਭੋਜ ਤਿਆਰ ਕਰਵਾਇਆ ਹੈ। ਤੇਰੀ ਕਮਾਈ ਸੁੱਚੀ ਨਹੀਂ ਹੈ, ਤੇਰੇ ਮਾਲ੍ਹ-ਪੂੜਿਆਂ ਵਿੱਚ ਗਰੀਬਾਂ, ਕਿਰਤੀਆਂ, ਮਜ਼ਦੂਰਾਂ ਦੀਆਂ ਆਹਾਂ (ਹਉਕੇ) ਹਨ, ਤੋਂ ਉਨ੍ਹਾਂ ਦਾ ਖ਼ੂਨ ਨਿਚੋੜ ਕੇ ਇਹ ਜੱਗ ਰਚਾਇਆ ਹੈ, ਜ਼ੋਰ ਜ਼ੁਲਮ ਦੀ ਕਮਾਈ ਦਾ ਬਣਿਆ ਭੋਜਨ ਨਿਰਾ ਖ਼ੂਨ ਏ, ਗਰੀਬਾਂ ਦਾ ਖ਼ੂਨ। ਮੈਨੂੰ ਭਾਈ ਲਾਲੋ ਦੀ ਦਸਾਂ ਨੌਂਹਾਂ ਦੀ ਕਮਾਈ ਦੀ ਕੋਧਰੇ ਦੀ ਰੋਟੀ ਦੁੱਧ ਵਰਗੀ ਸ਼ੁੱਧ ਤੇ ਮਿੱਠੀ ਲਗਦੀ ਏ।

**ਕੁਲਜੀਤ ਸਿੰਘ** :— ਕੀ ਗੁਰੂ ਸਾਹਿਬ ਨੇ ਮਲਕ ਭਾਗੋ


www.AKJ.Org

ਦੇ ਮਾਲ੍ਹ-ਪੂੜਿਆਂ ਵਿਚੋਂ ਖ਼ੂਨ ਕੱਢ ਕੇ ਨਹੀਂ ਸੀ ਵਖਾਇਆ ?

**ਬਾਪੂ ਜੀ** :– ਪੂਰੀਆਂ ਕਿਸ ਚੀਜ਼ ਦੀਆਂ ਬਣੀਆਂ ਹੁੰਦੀਆਂ ਹਨ ?

**ਕੁਲਜੀਤ ਸਿੰਘ** :– ਆਟੇ ਤੇ ਮੈਦੇ ਦੀਆਂ।

**ਬਾਪੂ ਜੀ** :– ਕੀ ਤੁਸੀਂ ਉਨ੍ਹਾਂ ਵਿਚੋਂ ਖ਼ੂਨ ਕੱਢ ਕੇ ਵਿਖਾ ਸਕਦੇ ਹੋ ?

**ਕੁਲਜੀਤ ਸਿੰਘ** :– ਉਨ੍ਹਾਂ ਵਿਚੋਂ ਖ਼ੂਨ ਕਿਵੇਂ ਨਿਕਲ ਸਕਦਾ ਹੈ ?

**ਬਾਪੂ ਜੀ** :– ਜੇ ਹੁਣ ਨਹੀਂ ਨਿਕਲ ਸਕਦਾ ਤਾਂ ਮਲਕ ਭਾਗੋ ਵੇਲੇ ਨਿਕਲਿਆ ਮੰਨਿਆ ਜਾ ਸਕਦਾ ਹੈ ? ਉਦੋਂ ਵੀ ਆਟਾ ਅਨਾਜ ਦਾ ਹੀ ਹੋਇਆ ਕਰਦਾ ਸੀ।

**ਕੁਲਜੀਤ ਸਿੰਘ** :– ਪਰ ਗੁਰੂ ਜੀ ਤਾਂ ਕਰਾਮਾਤੀ ਸਨ, ਸਭ ਕੁਝ ਕਰ ਕੇ ਦਿਖਾ ਸਕਦੇ ਸਨ।

**ਬਾਪੂ ਜੀ** :– ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗੁਰੂ ਸਾਹਿਬ ਸਰਬ-ਕਲਾ ਸਮਰੱਥ ਸਨ ਪਰ ਉਨ੍ਹਾਂ ਨੇ ਕਰਾਮਾਤਾਂ ਦਿਖਾ ਕੇ ਸਤਿ ਧਰਮ ਦਾ ਪ੍ਰਚਾਰ ਨਹੀਂ ਕੀਤਾ, ਲੋਕਾਂ ਵਿੱਚ ਲੋਕਾਂ ਵਰਗੇ ਬਣ ਕੇ ਹੀ ਵਿਚਰੇ। ਕੁਰਾਹੇ ਪਏ ਲੋਕਾਂ ਨੂੰ ਦਲੀਲ ਨਾਲ ਸਮਝਾ ਕੇ ਉਨ੍ਹਾਂ ਦੇ ਵਹਿਮ ਭਰਮ ਦੂਰ ਕੀਤੇ, ਸੁੱਤੀ ਪਈ ਆਤਮਾ ਨੂੰ 'ਸ਼ਬਦ' ਦੇ ਬਾਣ ਮਾਰ ਕੇ ਜਗਾਇਆ ਅਤੇ ਸਿੱਧੇ ਰਾਹ ਪਾਇਆ। ......ਹਰਦਵਾਰ ਵਾਲੀ ਸਾਖੀ ਹੀ ਲੈ ਲਵੋ। ਲੋਕੀਂ ਗੰਗਾ ਨਦੀ ਵਿੱਚ ਵੜ ਕੇ ਸੂਰਜ ਵਲ ਪਾਣੀ ਚੁੱਕ ਚੁੱਕ ਸੁੱਟ ਰਹੇ ਸਨ। ਜਦ ਗੁਰੂ ਜੀ ਨੇ ਪੁੱਛਿਆ ਕਿ ਇਹ ਕੀ ਕਰ ਰਹੇ ਹੋ ਤਾਂ ਲੋਕਾਂ ਨੇ ਕਿਹਾ ਕਿ ਅਸੀਂ ਆਪਣੇ ਪਿਤਰਾਂ ਨੂੰ ਪਾਣੀ ਦੇ ਰਹੇ ਹਾਂ। ਕਈਆਂ ਨੇ ਕਿਹਾ ਕਿ ਅਸੀਂ ਸੂਰਜ ਦੇਵਤਾ ਨੂੰ ਪਾਣੀ ਦੇ ਰਹੇ ਹਾਂ। ਗੁਰੂ ਜੀ ਨੇ ਪੁੱਛਿਆ, "ਉਹ ਇਥੋਂ ਕਿੰਨੀ ਦੂਰ ਹਨ ?" ਉੱਤਰ ਮਿਲਿਆ, "ਕਰੋੜਾਂ ਕੋਹਾਂ ਦੂਰ।"

ਬੱਚਿਓ ! ਲੋਕਾਂ ਨੂੰ ਠੀਕ ਗੱਲ ਸਮਝਾਉਣ ਵਾਸਤੇ ਗੁਰੂ ਸਾਹਿਬ ਦਰਿਆ ਵਿੱਚ ਵੜ ਕੇ ਪੱਛਮ ਵੱਲ ਨੂੰ ਪਾਣੀ ਸੁੱਟਣ ਲੱਗ ਪਏ। ਲੋਕੀਂ ਹੈਰਾਨ ਹੋ ਕੇ ਪੁੱਛਣ ਲੱਗੇ ਕਿ ਭਲਿਆ ਲੋਕਾ ! ਅਸੀਂ ਸਾਰੇ ਪੂਰਬ ਵੱਲ ਨੂੰ ਮੂੰਹ ਕਰਕੇ ਪਾਣੀ ਦੇ ਰਹੇ ਹਾਂ, ਤੂੰ ਪੱਛਮ ਵਲ ਕਿਸ ਨੂੰ ਪਾਣੀ ਦੇ ਰਿਹਾ ਹੈਂ ? ਗੁਰੂ ਜੀ ਕਹਿਣ ਲੱਗੇ, "ਪੰਜਾਬ ਵਿੱਚ ਮੇਰੇ ਖੇਤ ਹਨ, ਮੈਨੂੰ ਉਥੋਂ ਆਏ ਨੂੰ ਬਹੁਤ ਦਿਨ ਹੋ ਗਏ ਹਨ, ਮੈਨੂੰ ਡਰ ਹੈ ਕਿ ਕਿਤੇ ਮੇਰੀ ਖੇਤੀ ਨਾ ਸੁੱਕ ਜਾਏ, ਸੋ ਮੈਂ ਆਪਣੇ ਖੇਤਾਂ ਨੂੰ ਪਾਣੀ ਦੇ ਰਿਹਾ ਹਾਂ।" ਲੋਕੀਂ ਕਹਿਣ ਲੱਗੇ, "ਤੇਰਾ ਪਾਣੀ ਤੇ ਦਰਿਆ ਦੇ ਕਿਨਾਰੇ ਤੇ ਹੀ ਡਿਗ ਰਿਹਾ ਹੈ, ਇਹ ਤੇਰੇ ਖੇਤਾਂ ਤੱਕ ਕਿਵੇਂ ਪਹੁੰਚੇਗਾ ?" ਗੁਰੂ ਸਾਹਿਬ ਨੇ ਉੱਤਰ ਦਿੱਤਾ, "ਜੇ ਮੇਰਾ ਪਾਣੀ ਦੋ ਸੌ ਕੋਹ ਦੂਰ ਮੇਰੇ ਖੇਤਾਂ ਤੱਕ ਨਹੀਂ ਪਹੁੰਚ ਸਕਦਾ ਤਾਂ ਤੁਹਾਡਾ ਪਾਣੀ ਕਰੋੜਾਂ ਕੋਹਾਂ ਦੂਰ ਕਿਵੇਂ ਪਹੁੰਚ ਸਕਦਾ ਹੈ ?" ਅਸਲੀਅਤ ਲੋਕਾਂ ਦੀ ਸਮਝ ਵਿੱਚ ਪੈ ਗਈ ਅਤੇ ਉਨ੍ਹਾਂ ਦਾ ਸੂਰਜ ਦੇਵਤੇ ਅਤੇ ਆਪਣੇ ਪਿੱਤਰਾਂ ਨੂੰ ਪਾਣੀ ਦੇਣ ਦਾ ਵਹਿਮ ਦੂਰ ਹੋ ਗਿਆ।

**ਅੰਮ੍ਰਿਤਪਾਲ** :– ਪਿਤਰ ਕਿਸ ਨੂੰ ਕਹਿੰਦੇ ਆ ?

**ਬਾਪੂ ਜੀ** :– ਮਰੇ ਹੋਏ ਬਾਪ ਦਾਦਾ ਆਦਿ ਬਜ਼ੁਰਗ।

**ਪ੍ਰਭਜੋਤ** :– ਬਾਪੂ ਜੀ ' ਮਲਕ ਭਾਗੋ ਨੇ ਬ੍ਰਹਮ ਭੋਜ ਕਿਸ ਲਈ ਕੀਤਾ ਸੀ ?

**ਬਾਪੂ ਜੀ** :– ਆਪਣੇ ਪਿਉ ਦੇ ਸਰਾਧ ਨੂੰ ਮੁੱਖ ਰੱਖ ਕੇ।

**ਪ੍ਰਭਜੋਤ** :– ਸਰਾਧ ਕੀ ਹੁੰਦਾ ਆ ?

**ਬਾਪੂ ਜੀ** :– ਹਿੰਦੂ-ਮਤ ਵਿੱਚ ਆਪਣੇ ਪਿੱਤਰਾਂ ਵਾਸਤੇ ਸ਼ਰਧਾ ਨਾਲ ਕੀਤਾ ਅੰਨ ਵਸਤ੍ਰ ਆਦਿ ਦਾ ਦਾਨ।

**ਕੁਲਜੀਤ ਸਿੰਘ** :– ਕੀ ਆਪਣੇ ਪਿਤਰਾਂ ਵਾਸਤੇ ਦਾਨ ਜਦੋਂ ਦਿਲ ਕਰੇ ਤਾਂ ਦਿੱਤਾ ਜਾ ਸਕਦਾ ਹੈ ਜਾਂ ਇਹਦੇ ਵਾਸਤੇ ਕੋਈ ਖਾਸ ਦਿਨ ਮਿਥੇ ਹੋਏ ਹਨ ?

**ਬਾਪੂ ਜੀ** :– ਹਿੰਦੂ ਧਰਮ ਵਿੱਚ ਚਾਰ ਕਿਸਮ ਦੇ ਸਰਾਧ ਹਨ।

**ਕੁਲਜੀਤ ਸਿੰਘ** :– ਉਹ ਕਿਹੜੇ ਕਿਹੜੇ ?

**ਬਾਪੂ ਜੀ** :– ੳ) **ਨਿੱਤ ਸਰਾਧ** :– ਨਿੱਤ ਹੀ ਦੇਵਤਾ ਪਿਤਰਾਂ ਨੂੰ ਜਲ ਆਦਿ ਦੇਣਾ।

ਅ) **ਪਾਰਵਣ** :– ਮੱਸਿਆ ਆਦਿ ਪੁਰਬਾਂ ਤੇ ਕਰਨਾ।

ੲ) **ਖਯਾਹ ਜਾਂ ਕਯਾਹ** :– ਮਰੇ ਹੋਏ ਪਿਤਰ ਦੇ ਮਰਨ ਵਾਲੇ ਦਿਨ ਕਰਨਾ।

ਸ) **ਮਹਾਲਯ** :– ਅੱਸੂ ਮਹੀਨੇ ਦੇ ਪਹਿਲੇ ਪੱਖ (ਹਿੱਸੇ) ਵਿੱਚ ਕਰਨਾ।

**ਕੁਲਜੀਤ ਸਿੰਘ** :– ਤਾਹੀਓਂ ਲੋਕੀਂ ਦੁਸਹਿਰੇ ਤੋਂ ਪਹਿਲਾਂ ਬ੍ਰਾਹਮਣਾਂ ਨੂੰ ਖੀਰ, ਪੂਰੀਆਂ, ਕੜਾਹ ਖੁਆਉਂਦੇ ਆ।

**ਪ੍ਰਭਜੋਤ** :– ਬਾਪੂ ਜੀ ! ਕੀ ਬ੍ਰਾਹਮਣਾਂ ਨੂੰ ਛਕਾਇਆ ਭੋਜਨ ਮਰੇ ਹੋਏ ਬੰਦਿਆਂ ਨੂੰ ਪਹੁੰਚ ਜਾਂਦਾ ਆ ?

**ਬਾਪੂ ਜੀ** :– ਇਹੋ ਤੇ ਸਾਡਾ ਭਰਮ ਭੁਲੇਖਾ ਹੈ, ਕੜਾਹ ਪੂਰੀਆਂ ਤੇ ਬ੍ਰਾਹਮਣ ਖਾ ਗਿਆ, ਪਿਤਰਾਂ ਨੂੰ ਕਿਵੇਂ ਪਹੁੰਚ ਗਿਆ ? ਗੁਰੂ ਨਾਨਕ ਦੇਵ ਜੀ ਨੇ ਇਹੋ ਗੱਲ ਤਾਂ ਹਰਦਵਾਰ ਵਿਖੇ ਲੋਕਾਂ ਨੂੰ ਸਮਝਾਈ ਸੀ। ਅਸੀਂ ਫੇਰ ਵੀ ਭੁੱਲੜ ਦੇ ਭੁੱਲੜ ਹੀ ਰਹੇ। ਜੀਉਂਦੇ ਬਜ਼ੁਰਗਾਂ ਦੀ ਤਾਂ ਅਸੀਂ ਸੇਵਾ ਨਹੀਂ ਕਰਦੇ, ਮੋਇਆ ਦੇ ਸਰਾਧ ਕਰਾਉਂਦੇ ਫਿਰਦੇ ਹਾਂ। ਕਬੀਰ ਸਾਹਿਬ ਨੇ ਠੀਕ ਹੀ ਕਿਹਾ ਹੈ–


www.AKJ.Org

ਜੀਵਤ ਪਿਤਰ ਨ ਮਾਨੈ ਕੋਊ,
ਮੂਏ ਸਰਾਧ ਕਰਾਹੀ।।
ਪਿਤਰ ਭੀ ਬਪੁਰੇ ਕਹੁ, ਕਿਉ ਪਾਵਹਿ,
ਕਊਆ ਕੂਕਰ ਖਾਹੀ।। (ਪੰਨਾ ੩੩੨)

ਕੁਲਜੀਤ ਸਿੰਘ :— ਇਨ੍ਹਾਂ ਤੁਕਾਂ ਦਾ ਅਰਥ ਜ਼ਰਾ ਚੰਗੀ ਤਰਾਂ ਸਮਝਾ ਦਿਓ।

ਬਾਪੂ ਜੀ :—ਕਬੀਰ ਸਾਹਿਬ ਕਹਿੰਦੇ ਹਨ ਕਿ ਲੋਕ ਜੀਉਂਦੇ ਮਾਪਿਆਂ ਦਾ ਤਾਂ ਆਦਰ ਮਾਣ ਨਹੀਂ ਕਰਦੇ ਪਰ ਮਰੇ ਹੋਏ ਪਿਤਰਾਂ ਨਮਿੱਤ ਭੋਜਨ ਖੁਆਉਂਦੇ ਹਨ। ਭਲਾ ਵਿਚਾਰੇ ਪਿਤਰ ਸਰਾਧਾਂ ਦਾ ਭੋਜਨ ਕਿਵੇਂ ਪ੍ਰਾਪਤ ਕਰ ਸਕਦੇ ਹਨ ? ਉਸ ਨੂੰ ਤਾਂ ਕਾਂ ਕੁੱਤੇ ਖਾ ਜਾਂਦੇ ਹਨ।

ਪ੍ਰਭਜੋਤ :— ਬਾਪੂ ਜੀ ! ਤੁਸੀਂ ਤੇ ਦੱਸਿਆ ਹੈ ਕਿ ਸਰਾਧਾਂ ਵਿੱਚ ਬ੍ਰਾਹਮਣਾਂ ਨੂੰ ਕੜਾਹ ਪੂਰੀਆਂ ਖੁਆਈਆਂ ਜਾਂਦੀਆਂ ਹਨ।

ਬਾਪੂ ਜੀ :—ਅੱਸੂ ਦੀ ਪੂਰਨਮਾਸ਼ੀ ਤੋਂ ਸ਼ੁਰੂ ਹੋ ਕੇ ਮੱਸਿਆ ਤੱਕ ਦੇ ਸਰਾਧਾਂ ਦਾ ਅਖੀਰਲਾ ਸਰਾਧ ਕਾਵਾਂ ਕੁੱਤਿਆਂ ਦਾ ਹੁੰਦਾ ਹੈ। ਬ੍ਰਾਹਮਣਾਂ ਨੂੰ ਖੁਆ ਕੇ ਕਾਵਾਂ ਕੁੱਤਿਆਂ ਨੂੰ ਭੀ ਸਰਾਧ ਦਾ ਭੋਜਨ ਖੁਆਇਆ ਜਾਂਦਾ ਹੈ। ਨਿਸਚਾ ਇਹ ਹੁੰਦਾ ਹੈ ਕਿ ਇਹ ਕਾਵਾਂ ਕੁੱਤਿਆਂ, ਬ੍ਰਾਹਮਣਾਂ ਆਦਿ ਨੂੰ ਖੁਆਇਆ ਭੋਜਨ ਪਿਤਰਾਂ ਨੂੰ ਅੱਪੜ ਜਾਏਗਾ।

ਕੁਲਜੀਤ ਸਿੰਘ :— ਬਾਪੂ ਜੀ ! ਕਈ ਸਿੱਖ ਵੀ ਸਰਾਧ ਕਰਵਾਉਂਦੇ ਆ। ਉਹ ਕਿਉਂ ?

ਬਾਪੂ ਜੀ :— ਉਹ ਬਹੁ ਗਿਣਤੀ ਹਿੰਦੂਆਂ ਦੇ ਮਗਰ ਲੱਗ ਕੇ ਗੁਰ-ਉਪਦੇਸ਼ ਤੋਂ ਉਲਟ, ਫੋਕੀਆਂ ਰੀਤਾਂ ਵਿੱਚ ਫਸੇ ਹੋਏ ਕਾਰਨ ਹੀ ਹੈ। ਕਈ ਸਿੱਖ ਬ੍ਰਾਹਮਣ ਦੀ ਥਾਂ ਗੁਰਦੁਆਰੇ ਦੇ ਭਾਈ ਜੀ ਨੂੰ ਕੜਾਹ ਪੂਰੀ ਛਕਾ ਦਿੰਦੇ ਹਨ। ਉਦੇਸ਼ ਉਨ੍ਹਾਂ ਦਾ ਵੀ ਹਿੰਦੂਆਂ ਵਾਲਾ ਹੀ ਹੈ ਕਿ ਪਿਤਰ ਭੁੱਖੇ ਨਹੀਂ ਰਹਿਣਗੇ।

ਕੁਲਜੀਤ ਸਿੰਘ :— ਫੇਰ ਗੁਰੂ ਸਾਹਿਬ ਦੀਆਂ ਸਾਖੀਆਂ ਪੜ੍ਹਨ ਦਾ ਕੀ ਫਾਇਦਾ ਜੇ ਕੋਈ ਸਬਕ ਨਹੀਂ ਸਿੱਖਣਾ ?

ਬਾਪੂ ਜੀ :— ਇਹੋ ਤੇ ਸਾਡੇ ਵਿੱਚ ਘਾਟ ਹੈ। ਗੱਲ ਤੇ ਇਹ ਹੈ ਕਿ ਅਸੀਂ ਗੁਰੂ ਦੇ ਉਪਦੇਸ਼ ਨੂੰ ਸੁਣਦੇ ਪੜ੍ਹਦੇ ਹੀ ਨਹੀਂ। ਜੇ ਸੁਣ ਪੜ੍ਹ ਵੀ ਲਈਏ ਤਾਂ ਉਸ ਨੂੰ ਵਿਚਾਰਦੇ ਨਹੀਂ ਅਤੇ ਮਨ ਵਿੱਚ ਨਹੀਂ ਵਸਾਉਂਦੇ। ਜੇ ਗੁਰੂ ਦੇ ਉਪਦੇਸ਼ ਨੂੰ ਸਮਝ ਵੀ ਲਈਏ ਤਾਂ ਉਸ ਨੂੰ ਵਿਚਾਰਦੇ ਨਹੀਂ ਤੇ ਅਮਲ ਨਹੀਂ ਕਰਦੇ। ਅਮਲ ਕੀਤੇ ਬਿਨਾਂ ਅਸੀਂ ਭਰਮ ਜਾਲ ਅਤੇ ਫੋਕੀਆਂ ਰੀਤਾਂ ਨੂੰ ਕਿਵੇਂ ਛੱਡ ਸਕਦੇ ਹਾਂ ?

ਕੁਲਜੀਤ ਸਿੰਘ :— ਬਹੁਤੇ ਲੋਕਾਂ ਨੂੰ ਗੁਰੂ ਦੀ ਬਾਣੀ ਸਮਝ ਨਹੀਂ ਆਉਂਦੀ, ਉਹ ਵੀ ਕੀ ਕਰਨ ?

ਬਾਪੂ ਜੀ :—ਇਹ ਸੰਸਕ੍ਰਿਤ, ਫਾਰਸੀ ਤੇ ਅੰਗ੍ਰੇਜ਼ੀ ਨਾਲੋਂ ਤੇ ਔਖੀ ਨਹੀਂ, ਜੇ ਗੁਰਬਾਣੀ ਪ੍ਰੇਮ ਨਾਲ ਪੜ੍ਹੀ ਸੁਣੀ ਜਾਏ ਤਾਂ ਇਸ ਦੇ ਭਾਵ ਅਰਥ ਸਹਿਜੇ ਹੀ ਸਮਝ ਆ ਜਾਂਦੇ ਹਨ। ਗੁਰਬਾਣੀ ਦਾ ਕੀਤਰਨ ਤੇ ਮੂਰਖ ਬੰਦਿਆਂ ਨੂੰ ਵੀ ਸਿਆਣੇ ਬਣਾ ਦਿੰਦਾ ਹੈ। ਅਸੀਂ ਭਾਈ ਜੀ ਨੂੰ ਪਾਠ ਕਰਨ ਲਾ ਦਿੰਦੇ ਹਾਂ, ਆਪ ਖੇਤ ਜਾਂ ਫੈਕਟਰੀ ਵਿੱਚ ਕੰਮ ਕਰਨ ਚਲੇ ਜਾਂਦੇ ਹਾਂ। ਕੀਰਤਨੀਏ ਕੀਰਤਨ ਕਰ ਰਹੇ ਹੁੰਦੇ ਹਨ, ਅਸੀਂ ਬਾਹਰ ਖੜ੍ਹੇ ਗੱਪਾਂ ਕਾਰ ਰਹੇ ਹੁੰਦੇ ਹਾਂ। ਇਨ੍ਹਾਂ ਹਾਲਤਾਂ ਵਿੱਚ ਗੁਰਬਾਣੀ ਕਿਵੇਂ ਸਮਝ ਆਵੇ, ਗੁਰ ਉਪਦੇਸ਼ ਦਾ ਕਿਵੇਂ ਪਤਾ ਲੱਗੇ ?

ਕੁਲਜੀਤ ਸਿੰਘ :— ਬਾਪੂ ਜੀ ! ਗੁਰਦੁਆਰਿਆਂ ਵਿੱਚ ਵੱਡੇ ਵੱਡੇ ਬੋਰਡ ਲੱਗੇ ਹੋਏ ਹੋਣੇ ਚਾਹੀਦੇ ਹਨ ਜਿਨ੍ਹਾਂ ਉੱਤੇ ਲਿਖਿਆ ਹੋਇਆ ਹੋਵੇ ਕਿ ਗੁਰੂ ਸਾਹਿਬਾਨ ਦੇ ਕੀ ਉਪਦੇਸ਼ ਹਨ।

ਪ੍ਰਭਜੋਤ :— ਛੋਟੀਆਂ ਛੋਟੀਆਂ ਕਿਤਾਬਾਂ ਹੋਣੀਆਂ ਚਾਹੀਦੀਆਂ ਹਨ, ਜਿਹ ਤੋਂ ਪਤਾ ਲੱਗ ਸਕੇ ਕਿ ਕੀ ਕਰਨਾ ਚਾਹੀਦਾ, ਕੀ ਨਹੀਂ ਕਰਨਾ ਚਾਹੀਦਾ।

ਬਾਪੂ ਜੀ :—ਇਹ ਸਭ ਕੁੱਝ ਹੈ, ਪਰ ਕੋਈ ਪੜ੍ਹੇ ਵੀ। ਸਿੱਖ ਰਹਿਤ ਮਰਿਯਾਦਾ ਵਿੱਚ ਸਾਫ ਲਿਖਿਆ ਹੋਇਆ, ਸਰਾਧ ਨਹੀਂ ਕਰਨੇ, ਬਰਤ ਨਹੀਂ ਰੱਖਣੇ, ਕਬਰਾਂ ਤੇ ਮੱਥੇ ਨਹੀਂ ਟੇਕਣੇ, ਮੂਰਤੀਆਂ ਨਹੀਂ ਪੂਜਣੀਆਂ, ਪਰ ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੇ ਬਹੁਤ ਸਾਰੇ ਲੋਕ ਦੇਖਾ ਦੇਖੀ , ਵਹਿਮਾਂ ਭਰਮਾਂ ਤੇ ਜਾਦੂ ਟੂਣਿਆਂ ਵਿੱਚ ਫਸੇ ਇਹ ਕਰਮ ਕਰਦੇ ਹਨ ।

ਅੰਮ੍ਰਿਤਪਾਲ :- ਬਾਪੂ ਜੀ, ਮੈ ਇੱਕ ਗੱਲ ਪੁੱਛਾਂ ?

ਬਾਪੂ ਜੀ :—ਪੁੱਛੋ ।

ਅੰਮ੍ਰਿਤਪਾਲ :—ਕੀ ਗੁਰੂ ਨਾਨਕ ਦੇਵ ਜੀ ਨੂੰ ਕੈਦ ਕਰ ਕੇ ਚੱਕੀ ਪੀਹਣ ਲਾ ਦਿੱਤਾ ਸੀ ? ਕੀਰਤਨ ਦਰਬਾਰ ਦੇ ਗੇਟ ਤੇ ਫੋਟੋ ਲੱਗੀ ਹੋਈ ਸੀ ਜਿਸ ਵਿੱਚ ਗੁਰੂ ਨਾਨਕ ਦੇਵ ਜੀ ਚੱਕੀ ਪੀਹ ਰਹੇ ਸੀ ।

ਪ੍ਰਭਜੋਤ :— ਬਾਪੂ ਜੀ ! ਮਲਕ ਭਾਗੋ ਨੇ ਗੁਰੂ ਜੀ ਨੂੰ ਕੈਦ ਕਰ ਲਿਆ ਸੀ ?

ਬਾਪੂ ਜੀ :—ਮਲਕ ਭਾਗੋ ਨੇ ਨਹੀ ਬਾਬਰ ਨੇ ਕੈਦ ਕੀਤਾ ਸੀ । ਮਲਕ ਭਾਗੋ ਤਾਂ ਆਪਣੀਆਂ ਭੁਲਾਂ ਮੰਨ ਕੇ ਗੁਰੂ ਜੀ ਦਾ ਸਿੱਖ ਬਣ ਗਿਆ ਸੀ ।

ਪ੍ਰਭਜੋਤ :— ਬਾਬਰ ਕੌਣ ਸੀ ?

ਬਾਪੂ ਜੀ :— ਬਾਬਰ ਮੁਗਲ ਬਾਦਸ਼ਾਹ ਸੀ। ਕਾਬਲ ਤੋਂ ਉੱਠ ਕੇ ਜਦੋਂ ਉਸ ਨੇ ਹਿੰਦੋਸਤਾਨ ਤੇ ਹਮਲਾ ਕੀਤਾ ਤਾਂ ਉਸ ਨੇ ਸੈਦਪੁਰ ਲੁੱਟ ਮਾਰ ਤੇ ਕੱਟ ਵੱਢ ਕੀਤੀ। ਉਸ ਨੇ ਕਿਸੇ ਨੂੰ ਵੀ ਨਹੀਂ ਬਖਸ਼ਿਆ, ਜੀਉਂਦੇਂ ਬਚੇ ਸਾਰੇ ਬੰਦਿਆਂ ਨੂੰ


www.AKJ.Org

ਕੈਦੀ ਬਣਾ ਲਿਆ ਜਿੰਨ੍ਹਾਂ ਵਿੱਚ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਵੀ ਸਨ।

**ਪ੍ਰਭਜੋਤ** :–ਜਿੱਦਾਂ ਗੁਰੂ ਜੀ ਨੇ ਮਲਕ ਭਾਗੋ ਨੂੰ ਸੱਚੀਆਂ ਗੱਲਾਂ ਕਰ ਕੇ ਗਰੀਬਾਂ ਤੇ ਜੁਰਮ ਕਰਨੋ ਹਟਾ ਦਿਤਾ, ਬਾਬਰ ਨੂੰ ਉਨ੍ਹਾਂ ਜ਼ੁਲਮ ਕਰਨੋ ਨਹੀਂ ਹਟਾਇਆ ?

**ਬਾਪੂ ਜੀ** :– ਹਟਾਇਆ ਕਿਉਂ ਨਹੀਂ ? ਗੁਰੂ ਸਾਹਿਬ ਜੁਲਮ ਅੱਗੇ ਡਟ ਗਏ। ਬਾਬਰ ਨੂੰ ਉਨ੍ਹਾਂ ਨੇ ਜਾਬਰ ਕਿਹਾ, ਬਾਬਰ ਦੇ ਹੋਸ਼ ਠਿਕਾਣੇ ਆ ਗਏ। ਉਹ ਉਹਨਾਂ ਦੇ ਚਰਨੀਂ ਢਹਿ ਪਿਆ ।

**ਅੰਮ੍ਰਿਤਪਾਲ** :– ਗੁਰੂ ਜੀ ਨੂੰ ਤਾਂ ਕੈਦ ਕੀਤਾ ਹੋਇਆ ਸੀ, ਬਾਬਰ ਨਾਲ ਉਨ੍ਹਾਂ ਦੀ ਗੱਲ ਬਾਤ ਕਿਵੇ ਹੋ ਗਈ ?

**ਬਾਪੂ ਜੀ** :– ਗੁਰੂ ਜੀ ਚੱਕੀ ਪੀਂਹਦੇ ਹੋਏ ਮਿੱਠੀ ਸੁਰ ਵਿੱਚ ਸਬਦ ਗਾਉਣ ਲਗ ਪਏ ਜਿੰਨ੍ਹਾ ਨੂੰ ਸੁਣ ਕੇ ਚੱਕੀਆਂ ਪਹਿਣ ਵਾਲੇ ਬਾਕੀ ਕੈਦੀਆਂ ਦਾ ਰੋਣਾ ਪਿੱਟਣਾ ਬੰਦ ਹੋ ਗਿਆ, ਰੱਬੀ ਬਾਣੀ ਨੇ ਤੱਪਦੇ ਹਿਰਦੇ ਠਾਰ ਦਿੱਤੇ, ਦੁਖੀ ਕੈਦੀਆ ਨੂੰ ਦੁੱਖ ਭੁੱਲ ਗਏ, ਜੇਲ੍ਹਖਾਨਾ ਸਵਰਗ ਬਣ ਗਿਆ। ਜਦੋਂ ਇਸ ਗਲ ਦਾ ਪਤਾ ਬਾਬਰ ਨੂੰ ਲੱਗਾ ਤਾਂ ਉਹ ਗੁਰੂ ਜੀ ਕੋਲ ਨੱਠਾ ਆਇਆ। ਗੁਰੂ ਜੀ ਦੇ ਰੱਬੀ-ਨੂਰ ਭਰੇ ਚਿਹਰੇ ਨੂੰ ਦੇਖ ਕੇ ਬਾਬਰ ਠਠੰਬਰ ਗਿਆ। ਉਹ ਕਹਿਣ ਲੱਗਾ ਕਿ ਜੇ ਮੈਨੂੰ ਪਤਾ ਹੁੰਦਾ ਕਿ ਏਥੇ ਏਹੋ ਜੇਹੇ ਸਾਈਂ ਲੋਕ ਰਹਿੰਦੇ ਹਨ ਤਾਂ ਮੈਂ ਇਸ ਨਗਰ ਨੂੰ ਲੁੱਟਣ ਤੇ ਉਜਾੜਨ ਦਾ ਹੁਕਮ ਨਾ ਦਿੰਦਾ।

**ਪ੍ਰਭਜੋਤ** :–ਕੀ ਫੇਰ ਬਾਬਰ ਨੇ ਗੁਰੂ ਜੀ ਨੂੰ ਕੈਦ ਵਿੱਚੋਂ ਛੱਡ ਦਿੱਤਾ ?

**ਬਾਪੂ ਜੀ** :– ਗੁਰੂ ਜੀ ਨਾਲ ਬਾਕੀ ਕੈਦੀਆ ਦੀ ਵੀ ਬੰਦ ਖਲਾਸੀ ਹੋ ਗਈ । ਗੁਰੂ ਜੀ ਨੇ ਉਨ੍ਹਾ ਦਾ ਲੁੱਟਿਆ ਮਾਲ ਵੀ ਵਾਪਸ ਕਰਵਾ ਦਿੱਤਾ ।

**ਅੰਮ੍ਰਿਤਪਾਲ** :– ਗੁਰੂ ਜੀ ਭਾਈ ਲਾਲੋ ਦੇ ਘਰ ਹੀ ਰਹਿੰਦੇ ਸੀ ?

**ਬਾਪੂ ਜੀ** :– ਸੈਦਪੁਰ ਤੇ ਬਾਬਰ ਦਾ ਹੱਲਾ ਉਦੋਂ ਹੋਇਆ ਜਦੋਂ ਗੁਰੂ ਨਾਨਕ ਦੇਵ ਜੀ ਚੌਥੀਂ ਉਦਾਸੀ ਸਮੇਂ ਪੰਜਾ ਸਾਹਿਬ ਤੋਂ ਵਾਪਸ ਮੁੜਦੇ ਹੋਏ ਭਾਈ ਲਾਲੋ ਕੋਲ ਦੂਜੀ ਵੇਰ ਆਏ।

**ਕੁਲਜੀਤ ਸਿੰਘ** :– ਗੁਰੂ ਸਾਹਿਬ ਨੇ ਬਾਬਰ ਦੇ ਹੱਲੇ ਵੇਲੇ ਕਿਹੜਾ ਸਬਦ ਭਾਈ ਲਾਲੋ ਨੂੰ ਸੁਣਾਇਆ ਸੀ ?

**ਬਾਪੂ ਜੀ** :– ਸੱਚ ਨਿਆ ਦੀ ਅਵਾਜ਼ ਉਠਾਉਂਦੇ ਹੋਏ ਗੁਰੂ ਸਾਹਿਬ ਦੇ ਮੁਖਾਰਬਿੰਦ ਵਿੱਚੋਂ ਇਹ ਸ਼ਬਦ ਨਿਕਲਿਆ :-

**ਜੈਸੀ ਮੈ ਆਵੈ ਖਸਮ ਕੀ ਬਾਣੀ**
**ਤੈਸੜਾ ਕਰੀ ਗਿਆਨ ਵੇ ਲਾਲੋ।।**
**ਪਾਪ ਕੀ ਜੰਞ ਲੈ ਕਾਬਲਹੁ ਧਾਇਆ.**
**ਜੋਰੀ ਮੰਗੈ ਦਾਨ. ਵੇ ਲਾਲੋ।।**
**ਸਰਮੁ ਧਰਮੁ ਦੁਇ ਛਪਿ ਖਲੋਏ.**
**ਕੂੜ ਫਿਰੈ ਪਰਧਾਨੁ. ਵੇ ਲਾਲੋ।।**
**ਕਾਜੀਆ. ਬ੍ਰਾਹਮਣਾ ਕੀ ਗਲ ਥਕੀ.**
**ਅਗਦੁ ਪੜੈ ਸੈਤਾਨ. ਵੇ ਲਾਲੋ।।**
**ਮੁਸਲਮਾਨੀਆ ਪੜਹਿ ਕਤੇਬਾ.**
**ਕਸ਼ਟ ਮਹਿ ਕਰਹਿ ਖੁਦਾਇ. ਵੇ ਲਾਲੋ।।**
**ਜਾਤਿ ਸਨਾਤੀ ਹੋਰ ਹਿਦਵਾਣੀਆ.**
**ਏਹਿ ਭੀ ਲੇਖੈ ਲਾਇ. ਵੇ ਲਾਲੋ।।**
**ਖੂਨਿ ਕੇ ਸੋਹਿਲੇ ਗਾਵੀਅਹਿ ਨਾਨਕ.**
**ਰਤੁ ਕਾ ਕੁੰਗੂ ਪਾਇ. ਵੇ ਲਾਲੋ।।੧।।**(ਪੰਨਾ ੭੨੨)

**ਕੁਲਜੀਤ ਸਿੰਘ** :– ਇਹਦੇ ਅਰਥ ਵੀ ਸਮਝਾ ਦਿਓ।

**ਬਾਪੂ ਜੀ** :– ਗੁਰੂ ਸਾਹਿਬ ਭਾਈ ਲਾਲੋ ਨੂੰ ਦੱਸਦੇ ਹਨ ਕਿ ਮੈਨੂੰ ਜੇਹੋ ਜੇਹੀ ਖਸਮ-ਪ੍ਰਭੂ ਵਲੋਂ ਪ੍ਰੇਰਨਾ ਆਈ ਹੈ ਉਵੇਂ ਹੀ ਮੈਂ ਤੈਨੂੰ ਗਿਆਨ (ਵਾਕਫੀਅਤ) ਦੇਂਦਾ ਹਾਂ। ਬਾਬਰ ਕਾਬਲ ਤੋਂ ਪਾਪ (ਜ਼ੋਰ ਜ਼ੁਲਮ) ਦੀ ਜੰਞ ਰੂਪ ਫੌ. ਲੈ ਕੇ ਆ ਚੜ੍ਹਿਆ ਅਤੇ ਜ਼ੋਰ-ਧੱਕੇ ਨਾਲ ਹਿੰਦੋਸਤਾਨ ਦੀ ਹਕੂਮਤ ਰੂਪ ਕੰਨਿਆ ਦਾ ਦਾਨ ਮੰਗ ਰਿਹਾ ਹੈ। ਸੈਦਪੁਰ (ਐਮਨਾਬਾਦ) ਵਿਚੋਂ ਸ਼ਰਮ (ਹਯਾ) ਤੇ ਧਰਮ ਦੋਵੇਂ ਅਲੋਪ ਹੋ ਗਏ ਹਨ, ਝੂਠ ਪਰਧਾਨ ਬਣਿਆ ਫਿਰਦਾ ਹੈ। ਬਾਬਰ ਦੇ ਸਿਪਾਹੀ ਸੈਦਪੁਰ ਦੀਆਂ ਇਸਤਰੀਆਂ ਤੇ ਇੰਨੇ ਜ਼ੁਲਮ ਕਰ ਰਹੇ ਹਨ ਜਿਵੇਂ ਸ਼ੈਤਾਨ ਇਸ ਸ਼ਹਿਰ ਵਿਚ ਨਿਕਾਹ (ਵਿਆਹ) ਪੜ੍ਹਾ ਰਿਹਾ ਹੈ ਅਤੇ ਕਾਜ਼ੀ ਤੇ ਬ੍ਰਾਹਮਣਾਂ ਦੀਆਂ ਸਾਊਆਂ ਵਾਲੀ ਮਰਯਾਦਾ ਖਤਮ ਹੋ ਚੁੱਕੀ ਮੁਸਲਮਾਨ ਔਰਤਾਂ ਵੀ ਇਸ ਬਿਪਤਾ ਵਿੱਚ ਕੁਰਾਨ ਰਹੀਆਂ ਹਨ ਅਤੇ ਰੱਬ ਅੱਗੇ ਪੁਕਾਰ ਕਰ ਰਹੀਆਂ ਉਚੀਆਂ, ਨੀਵੀਆਂ ਸਾਰੀਆਂ ਜਾਤਾਂ ਦੀਆਂ ਇਸਤਰੀਆਂ ਤੇ ਜ਼ੁਲਮ ਹੋ ਰਹੇ ਹਨ। ਇਸ ਖੂਨੀ ਵਿ ਵਿੱਚ ਹਰ ਪਾਸੇ ਵਿਰਲਾਪ ਹੋ ਰਹੇ ਹਨ ਅਤੇ ਲਹੂ ਦਾ ਕੇ ਸਰ ਛਿੜਕਿਆ ਜਾ ਰਿਹਾ ਹੈ।

**ਕੁਲਜੀਤ ਸਿੰਘ** :– ਬਾਪੂ ਜੀ ! ਏਨਾ ਜ਼ੁਲਮ ?

**ਪ੍ਰਭਜੋਤ** :– ਕੂੜ ਫਿਰੈ ਪਰਧਾਨ ਵੇ ਲਾਲੋ।

**ਬਾਪੂ ਜੀ** :– ਵਾਹ ਬਈ ਪ੍ਰਭੂ ! ਵਾਹ!

ਕੂੜ ਫਿਰੈ ਪਰਧਾਨ ਵੇ ਲਾਲੋ!

(ਬੱਚਿਆਂ ਨੇ ਵੀ "ਕੂੜ ਫਿਰੈ ਪਰਧਾਨ ਵੇ ਲਾਲੋ" ਦਾ ਨਾਅਰਾ ਲਗਾ ਦਿਤਾ। ਬਾਪੂ ਜੀ ਨੇ ਬੱਚਿਆਂ ਨੂੰ ਜਾਣ ਦਾ ਇਸ਼ਾਰਾ ਕਰ ਦਿੱਤਾ, ਬੱਚੇ "ਕੂੜ ਫਿਰੈ ਪਰਧਾਨ ਵੇ ਲਾਲੋ" ਦੇ ਨਾਅਰੇ ਲਾਉਂਦੇ ਪਉੜੀਆਂ ਉੱਤਰ ਗਏ।)

✡✡✡✡✡



www.AKJ.Org

## ਬੱਚਿਆਂ ਲਈ ਸਵਾਲ

1. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਮੁੱਖ ਉਪਦੇਸ਼ ਕੀ ਦਿੱਤਾ ?
2. "ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ।" "ਤੀਨੇ ਤਾਪ" ਕਿਹੜੇ ਹਨ ?
3. ਮੁਗਲ ਰਾਜ ਸਮੇਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਬੇਅਦਬੀ ਦਾ ਬਦਲਾ ਲੈਣ ਵਾਲੇ ਕਿਹੜੇ ਸੂਰਬੀਰ ਸਨ ? ਉਹ ਕਿਥੋਂ ਦੇ ਰਹਿਣ ਵਾਲੇ ਸਨ ?
4. ਕੀ ਗੁਰਸਿੱਖਾਂ ਨੂੰ ਮ੍ਰਿਤਕ ਪ੍ਰਾਣੀ ਦੇ ਅੰਗੀਠੇ ਵਿਚੋਂ ਫੁੱਲ ਚੁਗ ਕੇ ਗੰਗਾ, ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿ ਥਾਵਾਂ ਤੇ ਜਾ ਕੇ ਪਾਉਣੇ ਚਾਹੀਦੇ ਹਨ ? ਇਸ ਬਾਰੇ ਸਿੱਖ ਮਰਿਯਾਦਾ ਕੀ ਹੈ ?
5. ਕੋਊ ਬੁਤਾਨ ਕੋ ਪੂਜਤ ਹੈ ਪਸੁ
   ਕੋਊ ਮ੍ਰਿਤਾਨ ਕੋ ਪੂਜਨ ਧਾਇਓ ।।
   ਕੂਰ ਕ੍ਰਿਆ ਉਰਝਿਓ ਸਭ ਹੀ ਜਗ
   ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ।।
   ਇਨ੍ਹਾਂ ਪੰਗਤੀਆਂ ਦੇ ਅਰਥ ਲਿਖੋ।

## ਨਵੰਬਰ ੧੯੯੫

ਮੈਂ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਸਮਝ ਕੇ ਬਿਆਨ ਕਰਦਾ/ਕਰਦੀ ਹਾਂ ਕਿ ਮੈਂ ਇਨ੍ਹਾਂ ਸਵਾਲਾਂ ਦੇ ਜਵਾਬ ਕਿਸੇ ਹੋਰ ਦੇ ਲਿਖ ਕੇ/ਵੇਖ ਕੇ ਹੋਏ ਨਕਲ ਮਾਰ ਕੇ ਨਹੀਂ ਭੇਜ ਰਿਹਾ/ਰਹੀ।

ਬੱਚੇ ਦੇ ਦਸਖਤ ..........................................

ਉਮਰ ..........................................

ਕਿਸ ਕਲਾਸ ਤੇ ਕਿਸ ਸਕੂਲ ਵਿੱਚ ਪੜ੍ਹਦਾ ਹੈ ?

..........................................

..........................................

ਨੋਟ:– 1. ਇਨ੍ਹਾਂ ਸਵਾਲਾਂ ਦੇ ਜਵਾਬ ੩੦ ਨਵੰਬਰ ੧੯੯੫ ਤੱਕ ਸੂਰਾ ਦਫ਼ਤਰ ਵਿੱਚ ਪੁਜ ਜਾਣੇ ਚਾਹੀਦੇ ਹਨ। 2. ਜਵਾਬ ਸਪੱਸ਼ਟ ਤੇ ਸੰਖੇਪ ਹੋਣ। 3. ਜਵਾਬ ਪੱਤਰ ਦੇ ਹੇਠਾਂ ਬੱਚੇ ਦਾ ਆਪਣਾ ਨਾਮ, ਉਮਰ, ਕਿਸ ਜਮਾਤ ਤੇ ਕਿਸ ਸਕੂਲ ਵਿੱਚ ਪੜ੍ਹਦਾ ਹੈ ਅਤੇ ਚਿੱਠੀ ਪੱਤਰ ਲਈ ਪੂਰਾ ਪਤਾ ਲਿਖਿਆ ਹੋਇਆ ਹੋਵੇ। 4. ਜਵਾਬ ਪੱਤਰ ਉੱਤੇ ਨਾਲ ਦਿੱਤਾ ਕੂਪਨ ਭਰ ਕੇ ਚਿਪਕਾਇਆ ਹੋਵੇ। 5. ਜਵਾਬ ਪੱਤਰ ਬੰਦ ਲਿਫ਼ਾਫੇ ਵਿੱਚ ਭਾਰ ਅਨੁਸਾਰ ਪੂਰੀਆ ਟਿਕਟਾਂ ਲਗਾ ਕੇ ਭੇਜਿਆ ਜਾਏ। ਲਿਫ਼ਾਫੇ ਦੇ ਬਾਹਰ "ਸਵਾਲ ਜਵਾਬ" ਲਿਖਿਆ ਹੋਇਆ ਹੋਵੇ। 6. ਬਿਨਾਂ ਕੂਪਨ ਚਿਪਕਾਏ ਜਵਾਬ ਪ੍ਰਵਾਨ ਨਹੀਂ ਕੀਤੇ ਜਾਣਗੇ।

## ਬੱਚਿਆਂ ਦੇ ਸਵਾਲ ਜਵਾਬ, ਸਤੰਬਰ ੧੯੯੫ ਦਾ ਨਤੀਜਾ

ਪਹਿਲਾ ਦਰਜਾ:– 1. ਕੰਵਰਜੀਤ ਸਿੰਘ ਤਰਨਤਾਰਨ, 2. ਦਲਜੀਤ ਕੌਰ ਰੋਪੜ। ਦੂਜਾ ਦਰਜਾ :– ਰਣਜੀਤ ਸਿੰਘ ਨਵਾਂ ਸ਼ਹਿਰ। ਤੀਜਾ ਦਰਜਾ :– 1. ਰਾਵਿੰਦਰ ਸਿੰਘ ਮੇਰਠ, 2. ਕੁਲਜੀਤ ਸਿੰਘ ਲੁਧਿਆਣਾ, 3. ਹਰਪ੍ਰੀਤ ਸਿੰਘ ਨੰਗਲ ਟਾਊਨ-ਸ਼ਿਪ।

ਪਿਆਰੇ ਬੱਚਿਓ ! "ਸੂਰਾ" ਵਿੱਚ ਹਰ ਮਹੀਨੇ ਗੁਰਬਾਣੀ, ਸਿੱਖ ਰਹਿਤ ਮਰਯਾਦਾ ਅਤੇ ਇਤਿਹਾਸ ਸੰਬੰਧੀ ਛਪਦੇ ਸਵਾਲਾਂ ਦੇ ਜਵਾਬ ਭੇਜ ਕੇ ਵੱਧ ਤੋਂ ਵੱਧ ਇਨਾਮ ਪ੍ਰਾਪਤ ਕਰੋ।

## ਰਿਸ਼ਤੇ ਨਾਤੇ

ਨੋਟ:– (੧) ਕੇਵਲ ਸ਼ਾਕਾਹਾਰੀ, ਅੰਮ੍ਰਿਤਧਾਰੀ ਬੱਚਿਆ ਲਈ ਹੀ ਚਿੱਠੀ ਪੱਤਰ ਕਰੋ ਜੀ।(੨) ਕੇਵਲ ਕੇਸਕੀਧਾਰੀ ਬੀਬੀਆਂ ਵਾਸਤੇ ਹੀ ਲਿਖੋ ਜੀ। (੩) ਇਸ ਕਾਲਮ ਵਿੱਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਵਿਸਥਾਰ ਸਹਿਤ ਪੂਰਾ ਵੇਰਵਾ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। (੪) ਕਿਸੇ ਇਸ਼ਤਿਹਾਰ ਦੇ ਜਵਾਬੀ ਪੱਤਰ ਨਾਲ ਇਕ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫਾ ਬਿਨਾਂ ਕਿਸੇ ਪਤੇ ਲਿਖੇ ਤੋਂ ਜ਼ਰੂਰ ਭੇਜੋ ਜੀ।

7:– ੨੭ ਸਾਲਾ, ਕੱਦ ੫'੮", ਡਿਪਲੋਮਾ ਇਨ ਇਲੈਕਟ੍ਰੌਨਿਕਸ ਅਤੇ ਕੰਪਿਊਟਰ ਹਾਰਡਵੇਅਰ ਅਰਧ ਸਰਕਾਰੀ ਅਦਾਰੇ ਵਿੱਚ ੪੦੦੦/– ਮਾਸਿਕ ਨੌਕਰੀ ਕਰ ਰਹੇ ਸਿੰਘ ਲਈ ਬੀਬੀ ਦੀ ਲੋੜ।

48:– ਸਾਢੇ ੨੪ ਸਾਲਾ ਕੱਦ ੫'੭" ਗਿਆਨੀ ਪਾਸ, ਸੰਗਮਰਮਰ ਪੱਥਰ ਦੇ ਕਾਰੀਗਰ ਮਾਸਿਕ ਆਮਦਨ ੫੦੦੦/– ਕੀਰਤਨ ਤੇ ਜੋੜੀ ਜਾਣਦੇ ਸਿੰਘ ਲਈ ਬੀਬੀ ਦੀ ਲੋੜ ਹੈ।

LD-49:– ੩੨ ਸਾਲਾ M.A.B.Ed. ਆਸਟ੍ਰੇਲੀਆ ਵਿੱਚ ਪੱਕੇ ਤੌਰ ਤੇ ਰਹਿ ਰਹੇ ਸਿੰਘ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ।

LD-50:– ੨੮ ਸਾਲਾ, ੫'੬", ਮੈਟ੍ਰਿਕ ਪਾਸ, ਘਰੇਲੂ ਕੰਮ ਕਾਜ ਵਿੱਚ ਨਿਪੁੰਨ ਬੀਬੀ ਲਈ ਯੋਗ ਸਿੰਘ ਦੀ ਲੋੜ ਹੈ। ਬਿਬੇਕੀ ਸਿੰਘ ਨੂੰ ਪਹਿਲ।

LD-51:– ੨੬ ਸਾਲਾ, ੫'੨" ਪੋਸਟ ਗਰੇਜੂਏਟ ਲੜਕੀ ਲਈ ਪੜ੍ਹੇ ਲਿਖੇ ਵਰ ਦੀ ਲੋੜ ਹੈ।

LD-52:- ੨੮ ਸਾਲਾ ਕੱਦ ੫'੮" ਗਿਆਰ੍ਹਵੀ ਪਾਸ ਆਪਣਾ ਕਾਰੋਬਾਰ ਚੰਗੀ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-53:- ੩੪ ਸਾਲਾ ਕੱਦ ੫'੬", ਬੀ.ਕਾਮ ਪਾਸ, ਆਪਣਾ ਚੰਗਾ ਕਾਰੋਬਾਰ ਵਾਲੇ ਤਲਾਕਸ਼ੁਦਾ ਸਿੰਘ ਲਈ ਬੀਬੀ ਦੀ ਲੋੜ ਹੈ।(ਕੋਈ ਬੱਚਾ ਨਹੀ ਹੈ)

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਹਰਜੀਤ ਸਿੰਘ ਦਿੱਲੀ | ੫੦੦ ਰੁ | ਗੁਪਤ | ੧੦੧ ਰੁ |
| ਸ੍ਰੀ ਮਤੀ ਉਪਕਾਰ ਕੌਰ ਦਿੱਲੀ | ੧੧੦੦ ਰੁ | ਗੁਪਤ | ੫੦੦ ਰੁ |
| ਭਾਈ ਇੰਦਰਜੀਤ ਸਿੰਘ ਦੇ ਭੋਗ ਸਮੇ ਚੜ੍ਹਾਵਾ | ੫੧੫ ਰੁ | ਸ੍ਰ: ਬਲਦੇਵ ਸਿੰਘ, ਥਾਣੇ (ਬੰਬੇ) | ੭੦ ਰੁ |
| ਸ੍ਰ: ਹਰਜੀਤ ਸਿੰਘ ਦਿੱਲੀ | ੫੦੦ ਰੁ | ਸ੍ਰ: ਹਰਵਿੰਦਰ ਸਿੰਘ ਕੋਟਾ | ੫੦ ਰੁ |
| ਸਰਜੈਂਟ ਸ੍ਰ: ਕੁਲਦੀਪ ਸਿੰਘ ਜੀ ਦਿੱਲੀ | ੨੦੦ ਰੁ | ਸ੍ਰ: ਅਤਰ ਸਿੰਘ ਦਿੱਲੀ | ੨੫੧ ਰੁ |
| ਗਿਆਨੀ ਗੋਪਾਲ ਸਿੰਘ ਮਿੱਤਰ | ੫੧ ਰੁ | ਸ੍ਰ: ਗੁਰਦੀਪ ਸਿੰਘ ਗੋਰਖਪੁਰ | ੧੫੦ ਰੁ |
| ਭਾਈ ਤ੍ਰਿਲੋਕ ਸਿੰਘ ਜਲੰਧਰ ਪਿਤਾ ਦੀ ਯਾਦ ਵਿੱਚ | ੨੫੦ ਰੁ | ਸ੍ਰ: ਚਰਨਜੀਤ ਸਿੰਘ ਲੁਧਿਆਣਾ | ੩੦੦ ਰੁ |
| ਰਵਿੰਦਰ ਸਿੰਘ ਫਤਿਹਪੁਰ | ੧੦੦ ਰੁ | ਦਸ਼ਮੇਸ਼ ਵਾਲਵਜ਼ ਇੰਡਸਟਰੀਜ਼ | ੧੨੦ ਰੁ |
| ਸ੍ਰ: ਗੁਰਚਰਨ ਸਿੰਘ ਵਾਰਾਨਸੀ | ੩੪੦ ਰੁ | ਸ੍ਰ: ਅਵਤਾਰ ਸਿੰਘ ਫਰੀਦਾਬਾਦ | ੨੫੦੦ ਰੁ |
| ਗੁਪਤ | ੨੫੦ ਰੁ | | |

www.AKJ.Org

## ਪਾਠਕਾਂ ਪ੍ਰਤੀ ਅਤਿ ਜ਼ਰੂਰੀ ਬੇਨਤੀ

1. ਕਿਸੇ ਵੀ ਕਿਸਮ ਦੇ ਚਿੱਠੀ ਪੱਤਰ ਆਦਿ ਕਰਨ ਵੇਲੇ ਆਪਣਾ ਪੂਰਾ ਪਤਾ ਤੇ ਚਿੱਟ ਨੰਬਰ ਜ਼ਰੂਰ ਲਿਖੋ ਜੀ। 2. ਚੈੱਕ, ਡਰਾਫ਼ਟ ਆਦਿ ਭੇਜਣ ਵੇਲੇ ਅਲੱਗ ਚਿੱਠੀ ਰਾਹੀਂ ਆਪਣਾ ਪਤਾ, ਚਿੱਟ ਨੰਬਰ ਤੇ ਮਾਇਆ ਭੇਜਣ ਦੇ ਮਨੋਰਥ ਬਾਰੇ ਲਿਖੋ ਜੀ। 3. ਮਨੀਆਰਡਰ ਫ਼ਾਰਮ ਉਤੇ ਸੰਦੇਸ਼ ਵਾਲੀ ਥਾਂ ਤੇ ਆਪਣਾ ਪੂਰਾ ਪਤਾ, ਚਿੱਟ ਨੰਬਰ, ਮਾਇਆ ਦੀ ਗਿਣਤੀ ਤੇ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ। ਸੰਪਾਦਕ

**ਜਲੰਧਰ ਵਿਖੇ ਗੁਰੂ ਨਾਨਕ ਆਗਮਨ ਪੁਰਬ ਦਾ ਸਲਾਨਾ ਸਮਾਗਮ ੫ ਤੋ ੮ ਨਵੰਬਰ ੧੯੯੫ ਵੇਰਵਾ ਪਿਛਲੇ ਅੰਕ ਵਿਚ ਦੇਖੋ।**

**ਭੁੱਲ ਦੀ ਸੋਧ:- ਅਕਤੂਬਰ ਦੇ ਕੁਝ ਮੈਗਜ਼ੀਨਾਂ ਵਿਚ ਜਲੰਧਰ ਦਾ ਅੰਮ੍ਰਿਤ ਸੰਚਾਰ ੧-੧੧-੯੫ ਨੂੰ ਛਪਿਆ ਹੈ ਇਸਨੂੰ ੭-੧੧-੯੫ ਪੜ੍ਹਿਆ ਜਾਵੇ**

ਦੋਰਾਹਾ ਮੰਡੀ (ਲੁਧਿਆਣਾ) ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ੯ ਨਵੰਬਰ ਸਵੇਰ ਤੋ ੧੨ ਨਵੰਬਰ ਸਵੇਰ ਤੱਕ

੯-੧੧-੯੫ ਸਵੇਰੇ ੫ ਤੋ ੭.੩੦ ਕੀਰਤਨ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਗੁ: ਸ੍ਰੀ ਗੁਰੂ ਸਿੰਘ ਸਭਾ ਵਿਖੇ।
੧੧-੧੧-੯੫ ਸਵੇਰੇ ੫ ਵਜੇ ਭੋਗ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ ਦੁਪਹਿਰ ਤੱਕ ਗੁ: ਸ੍ਰੀ ਗੁਰੂ ਸਿੰਘ ਸਭਾ ਵਿਖੇ।
ਸ਼ਾਮ ੭ ਵਜੇ ਅਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਗੁ: ਸ੍ਰੀ ਗੁਰੂ ਸਿੰਘ ਸਭਾ ਨੇੜੇ ਰੇਲਵੇ ਸਟੇਸ਼ਨ ਦੋਰਾਹਾ ਮੰਡੀ ਵਿਖੇ
੧੨-੧੧-੯੫ ਭੋਗ ਰੈਣਿ ਸਬਾਈ ਕੀਰਤਨ ਸਵੇਰੇ ੭ ਵਜੇ

ਗੁ: ਸਾਹਿਬ ਪਿੰਡ ਕਾਲਾ ਬਾਲਾ (ਗੁਰਦਾਸਪੁਰ) ਨੇੜੇ ਕਾਹਨੂੰਵਾਨ ਵਿਖੇ ਰੈਣਿ ਸਾਹਿਬ ਕੀਰਤਨ ੧੧ ਨਵੰਬਰ ਰਾਤ ਨੂੰ।
ਪਿੰਡ ਈਸਪੁਰ ਤਹਿਸੀਲ ਅਜਨਾਲਾ(ਅੰਮ੍ਰਿਤਸਰ) ਵਿਖੇ ਰੈਣਿ ਸਬਾਈ ਕੀਰਤਨ ੧੮ ਨਵੰਬਰ ਰਾਤ ਨੂੰ।
ਪਿੰਡ ਫਜ਼ੂਪੁਰ (ਨੇੜੇ ਧਾਰੀਵਾਲ) ਗੁਰਦਾਸਪੁਰ ਗੁ: ਸਾਹਿਬ ਵਿਖੇ ਰੈਣਿ ਸਬਾਈ ਕੀਰਤਨ ੧੮ ਨਵੰਬਰ ਰਾਤ ਨੂੰ।

ਜੈਪੁਰ ਵਿਖੇ ਸਲਾਨਾ ਅਖੰਡ ਕੀਰਤਨ ਸਮਾਗਮ ੧੬-੧੧-੯੫ ਸ਼ਾਮ ਤੋ ੧੯-੧੧-੯੫ ਸਵੇਰ ਤੱਕ

ਸਵੇਰ ਦੇ ਪ੍ਰੋਗਰਾਮ ੫ ਵਜੇ ਤੋ ਦੁਪਹਿਰ ਤੱਕ ਅਤੇ ਸ਼ਾਮ ਦੇ ਪ੍ਰੋਗਰਾਮ ੬.੩੦ ਤੋ ੮.੩੦ ਵਜੇ ਰਾਤ ਤੱਕ ਹੋਣਗੇ। ਸਾਰੇ ਪ੍ਰੋਗਰਾਮ ਗੁ: ਸਿਖ ਸੰਗਤ ਸਿੰਧੀ ਕਲੋਨੀ ਆਦਰਸ਼ ਨਗਰ ਜੈਪੁਰ ਵਿਖੇ ਹੋਣਗੇ। ਪੁੱਛਗਿੱਛ :- ਫ਼ੋਨ ਨੰਬਰ ੪੯੯੪੮, ੬੨੦੩੫੮

**ਬੰਗਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਦਾ ਸਲਾਨਾ ਸਮਾਗਮ**

**ਗੁ: ਚਰਨ ਕੰਵਲ ਪਾ: ਛੇਵੀਂ ਵਿਖੇ ੨੫ ਨਵੰਬਰ ਸ਼ਾਮ ੭ ਵਜੇ ਰੈਣਿ ਸਬਾਈ ਕੀਰਤਨ ਅਰੰਭ ਹੋਣਗੇ।**

ਪਟਨਾ ਸਾਹਿਬ (ਬਿਹਾਰ) ਵਿਖੇ ਸਲਾਨਾ ਅਖੰਡ ਕੀਰਤਨ ਸਮਾਗਮ

੨੩ ਨਵੰਬਰ ਸ਼ਾਮ ਤੋ ੨੭ ਨਵੰਬਰ ਸਵੇਰ ਤੱਕ ਰੋਜ਼ਾਨਾ ਸਵੇਰੇ ਸ਼ਾਮ ਅਖੰਡ ਕੀਰਤਨ ਹੋਣਗੇ। ੨੫ ਨਵੰਬਰ ਨੂੰ ਅੰਮ੍ਰਿਤ ਸੰਚਾਰ ਸਮਾਗਮ ਅਤੇ ੨੬ ਨਵੰਬਰ ਰਾਤ ਨੂੰ ਰੈਣਿ ਸਬਾਈ ਕੀਰਤਨ ਹੋਣਗੇ। ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਤਖਤ ਸਾਹਿਬ ਵਿਖੇ ਹੋਵੇਗਾ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

ਪੁੱਛਗਿੱਛ ਅਤੇ ਰਿਜ਼ਰਵੇਸ਼ਨ ਲਈ ਸੰਪਰਕ ਕਰੋ :- (੧) ਪਟਨਾ ਸਾਹਿਬ :- ਫ਼ੋਨ ਦਫਤਰ-੬੪੧੪੬੩ ਘਰ-੬੧੭੫੦੮ (੨) ਅੰਮ੍ਰਿਤਸਰ ਫ਼ੋਨ-੨੩੨੯੧੨ (੩) ਜਲੰਧਰ :- ੫੫੮੩੫ (੪) ਲੁਧਿਆਣਾ :- ਦੁਕਾਨ-੪੦੬੪੭੨ ਘਰ-੪੫੨੭੩੨ (੫) ਚੰਡੀਗੜ੍ਹ ਮੋਹਾਲੀ :- ਨਵਜੋਤ ਸਿੰਘ ਦਫਤਰ-੬੭੧੮੯੮ ਘਰ-੬੭੬੭੩੧ (੬) ਦਿਲੀ :-੫੨੫੨੭੨ (੭) ਪਟਿਆਲਾ :- ਭਾ: ਗੁਰਮੁਖ ਸਿੰਘ, ੭੯, ਇੰਦਰਪੁਰੀ ਕਲੋਨੀ ਸਰਹੰਦ ਰੋਡ ਪਟਿਆਲਾ।

**ਗੁ: ਦਸਮੇਸ਼ ਨਗਰ, ਗਿੱਲ ਰੋਡ, ਨੇੜੇ ਕੈਮਪਾ ਕੋਲਾ ਚੌਕ ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਨ ੨ ਦਸੰਬਰ ਰਾਤ ਨੂੰ**

**ਪਿੰਡ ਛੋਟੀ ਧਾਮੀਆਂ, ਮਾਣਕ ਢੇਰੀ ਰੋਡ, ਨੇੜੇ ਬੁਲੋਵਾਲ (ਹੁਸ਼ਿਆਰਪੁਰ) ਵਿਖੇ ਰੈਣਿ ਸਬਾਈ ਕੀਰਤਨ ੨ ਦਸੰਬਰ ਰਾਤ ਨੂੰ।**

**ਅਮਰੀਕਾ ਵਿਖੇ ਅਖੰਡ ਕੀਰਤਨ ਸਮਾਗਮ**

੨੩, ੨੪, ੨੫ ਅਤੇ ੨੬ ਨਵੰਬਰ ਨੂੰ ਅਮਰੀਕਾ, ਸਾਨਫ਼ਰਾਂਸਿਸਕੋ, ਬੇ-ਏਰੀਆ ਦੇ ਗੁਰਦੁਆਰਿਆਂ ਵਿੱਚ ਕੀਰਤਨ ਸਮਾਗਮ, ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਹੋ ਰਹੇ ਹਨ ਜਿਸ ਵਿੱਚ ਅਮਰੀਕਾ ਤੋ ਇਲਾਵਾ ਕੈਨੇਡਾ ਤੇ ਇੰਗਲੈਂਡ ਤੋ ਗੁਰੂ ਕੇ ਕੀਰਤਨੀਏ ਪਹੁੰਚ ਰਹੇ ਹਨ। ਪੁੱਛਗਿੱਛ ਲਈ :- ਭਾਈ ਰਜਿੰਦਰ ਸਿੰਘ ਫ਼ੋਨ ੫੧੦-੪੨੯-੮੨੨੫, ਡਾ: ਪ੍ਰਭਜੋਤ ਸਿੰਘ ਫ਼ੋਨ ੫੧੦-੮੮੬-੫੭੫੫

**ਲੁਧਿਆਣਾ ਵਿਖੇ ਦਸ਼ਮੇਸ਼ ਆਗਮਨ ਪੁਰਬ ੨੬ ਤੋ ੨੯ ਦਸੰਬਰ ਵੇਰਵਾ ਆਉਦੇ ਪਰਚੇ ਵਿੱਚ।**

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਹੇਠ ਲਿਖੇ ਪਤੇ ਤੋਂ ਬਿਨਾਂ ਕਿਸੇ ਭੇਟਾ ਦੇ ਮਿਲ ਸਕਦੇ ਹਨ। ਬਿਰਧ ਸਰੂਪਾਂ, ਗੁਟਕਿਆਂ ਆਦਿ ਦੀ ਸੇਵਾ ਦਾ ਵੀ ਪ੍ਰਬੰਧ ਹੈ। ਗੁਰਦੁਆਰਾ ਪ੍ਰਭੂ ਸਿਮਰਨ ਕੇਂਦਰ
ਪਿੰਡ ਛੋਟੀ ਜਵੱਦੀ ਨੇੜੇ ਨਹਿਰ ਦਾ ਪੁਲ ਮਾਡਲ ਟਾਊਨ ਐਕਸਟੇਨਸ਼ਨ ਲੁਧਿਆਣਾ।

## ਲੇਖਕਾਂ ਪ੍ਰਤੀ ਬੇਨਤੀ

ਸੁਹਿਰਦ ਲੇਖਕਾਂ ਅਤੇ ਵਿਦਵਾਨਾਂ ਪ੍ਰਤੀ ਬੇਨਤੀ ਹੈ ਕਿ ਉਹ ਆਪਣੀਆਂ ਰਚਨਾਵਾਂ ਕਾਗਜ਼ ਦੇ ਇੱਕ ਪਾਸੇ ਸਾਫ਼-ਸਾਫ਼ ਲਿਖ ਕੇ ਭੇਜਣ। ਫੋਟੋ ਕਾਪੀ ਭੇਜਣ ਤੋਂ ਗੁਰੇਜ ਕੀਤਾ ਜਾਵੇ। ਲੇਖਾਂ ਵਿੱਚ ਦਰਜ ਤਾਰੀਖਾਂ, ਸੰਨ, ਹਵਾਲੇ ਅਤੇ ਗੁਰਬਾਣੀ ਦੀਆਂ ਪੰਕਤੀਆਂ ਨੂੰ ਚੰਗੀ ਤਰ੍ਹਾਂ ਸੋਧ ਕੇ ਭੇਜਿਆ ਜਾਵੇ।

SURA (Monthly) KOTHI No. 12, BLOCK-1, BHAI RANDHIR SINGH NAGAR, LUDHIANA 141001

www.AKJ.Org